ਬਾਬ-61ੳ

# ਚੌਥੀ ਉਦਾਸੀ

## ਭਾਗ :1-ਮੱਕੇ ਵਲ

ਫਰਵਰੀ 1531 ਨੂੰ ਹੱਜ ਲਈ ਰਵਾਨਾ। ਹੱਜ ਦੀ ਤਾਰੀਖ 23 ਜੁਲਾਈ 1531 ◈

ਜਨਮਸਾਖੀਆਂ ਵਿਚ ਆਇਆ ਹੈ ਕਿ ਬਗਦਾਦ ਵਿਖੇ ਗੁਰੂ ਸਾਹਿਬ ਇਮਾਮ ਸ਼ੇਖ ਸਰਫ ਨੂੰ ਮਿਲੇ। ਭਾਈ ਮਰਦਾਨੇ ਦਾ ਚਲਾਣਾ ਵੀ ਚੌਥੀ ਉਦਾਸੀ ਤੋਂ ਪਰਤਦਿਆਂ ਹੀ ਹੋਇਆ। ਦੂਸਰੇ ਪਾਸੇ ਬਗਦਾਦ ਦੇ ਇਤਹਾਸ ਤੋਂ ਪਤਾ ਲਗਦਾ ਹੈ ਕਿ ਇਮਾਮ ਸ਼ਰਫ ਅਲ ਦੀਨ ਦਾ ਰਾਜ-ਕਾਲ 1529-32 ਈ ਹੈ। ਜਿਸ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਸਾਹਿਬ '29 ਤੋਂ '32 ਦਰਮਿਆਨ ਕਿਸੇ ਸਮੇਂ ਬਗਦਾਦ ਵਿਚ ਸਨ। ਫਿਰ ਦੂਸਰੇ ਪਾਸੇ ਇਹ ਸਾਬਤ ਹੁੰਦਾ ਹੈ ਕਿ ਸਾਹਿਬ ਆਖੀਰ ਅਗਸਤ 1531 ਨੂੰ ਮਦੀਨਾ ਵਿਖੇ ਸਨ। ਇਹਦਾ ਮਤਲਬ ਉਹਨਾਂ 23 ਜੁਲਾਈ 1531 ਨੂੰ ਹੱਜ ਕੀਤਾ। ਬਦਕਿਸਮਤੀ ਨਾਲ ਪਿਛਲੇ ਸੌ ਸਾਲਾਂ ਵਿਚ ਸਾਰੇ ਦੇ ਸਾਰੇ ਸਿੱਖ ਇਤਹਾਸਕਾਰਾਂ◈ ਨੇ ਮੱਕੇ ਦਾ ਹੱਜ 1518-1520 ਦੌਰਾਨ ਦਾ ਲਿਖਿਆ ਹੈ ਬਾਵਜੂਦ ਇਸ ਦੇ ਪੰਜਾ ਸਾਹਿਬ ਦੇ ਇਤਹਾਸ ਵਿਚ ਦਰਜ ਹੈ ਸਾਹਿਬ ਇਥੇ 1520 ਵਿਚ ਆਏ। ਜਨਮਸਾਖੀਆਂ ਆਇਆ ਹੈ ਸਾਹਿਬ ਟਿੱਲਾ ਜੋਗੀਆਂ ਸੈਦਪੁਰ ਦੇ ਕਤਲੇਆਮ ਭਾਵ 1520 ਤੋਂ ਬਾਦ ਗਏ। ਅਤੇ ਪੰਜਾ ਸਾਹਿਬ ਅਤੇ ਟਿੱਲਾ ਜੋਗੀਆਂ (ਪੋਠੋਹਾਰ) ਦੀਆਂ ਫੇਰੀਆਂ ਮੌਕੇ ਮਰਦਾਨਾ ਹਾਜਰ ਸੀ। ਸੋ ਇਹ ਕਹਿਣਾ ਸਰਾਸਰ ਗਲਤ ਹੈ ਕਿ ਗੁਰੂ ਸਾਹਿਬ ਨੇ ਚੌਥੀ ਉਦਾਸੀ 1518-20 ਈ. ਕੀਤੀ ਹੈ।

**ਹੱਜ ਦਾ ਵੀਚਾਰ –** ਜਦੋਂ ਗੁਰੂ ਸਾਹਿਬ ਟਿੱਲਾ ਜੋਗੀਆਂ ਤੋਂ ਆ ਰਹੇ ਸਨ ਤਾਂ ਰਸਤੇ ਵਿੱਚ ਪਿੰਡ ਦਾਦਨ ਖਾਂ ਰੁਕੇ ਸਨ ਤਾਂ ਜਿੱਥੇ ਗੁਰੂ ਸਾਹਿਬ ਨੇ ਵਿਸ਼ਰਾਮ ਕੀਤਾ ਓਥੇ ਹੀ ਹਾਜੀਆਂ ਦਾ ਇੱਕ ਜਥਾ ਠਹਿਰਿਆ ਹੋਇਆ ਸੀ। ਓਨਾਂ ਨੂੰ ਵੇਖ ਮਰਦਾਨਾ ਕਹਿਣ ਲੱਗਾ ਬਾਬਾ ਜੀ ਸਾਰਾ ਆਲਾ ਬੰਗਾਲਾ ਘੁੰਮ ਲਿਆ ਮੱਕਾ ਵੀ ਵੇਖ ਹੀ ਆਈਏ।

ਇਸ ਤੋਂ ਪਹਿਲਾਂ ਵੀ ਇੱਕ ਵੇਰਾਂ ਮਰਦਾਨੇ ਨੇ ਗੁਰੂ ਸਾਹਿਬ ਨੂੰ ਗੁਜਾਰਿਸ਼ ਕੀਤੀ ਸੀ ਜਦੋਂ ਇਹ ਸਿੰਗਲਾਦੀਪ ਦੀ ਯਾਤਰਾ ਕਰਕੇ ਪਰਤ ਰਹੇ ਸਨ ਤਾਂ ਬਿਦਰ ਸ਼ਹਿਰ ਵਿੱਚ ਇਨਾਂ ਨੂੰ ਇੱਕ ਹਾਜੀਆਂ ਦਾ ਜਥਾ ਮਿਲਿਆ ਸੀ। ਮਰਦਾਨੇ ਨੂੰ ਕੋਈ ਮਜ਼ੂਬੀ ਸ਼ਰਧਾ ਤਾਂ ਨਹੀ ਸੀ। ਉਹ ਸੋਚਦਾ ਸੀ ਕਿ ਸਾਡੇ ਵਾਸਤੇ ਮੱਕੇ ਜਾਣਾ ਕਿਹੜਾ ਮੁਸ਼ਕਲ ਹੈ। ਉਹ ਇਨੂੰ 'ਸੈਲ' ਦੇ ਤੌਰ ਤੇ ਲੈਂਦਾ ਸੀ। ਕਹਿਣ ਲੱਗਾ, "ਤੁਰਕ ਬਹੁਤ ਤਾਰੀਫ ਕਰਦੇ ਹਨ, ਮੱਕਾ ਵੀ ਭੋਰਾ ਦੇਖ ਹੀ ਆਈਏ।" ਦੂਰ ਦੁਰਾਡੇ ਜਾਣਾ ਗੁਰੂ ਸਾਹਿਬ ਵਾਸਤੇ ਤਾਂ ਮਿਸ਼ਨ ਸੀ।

ਗੁਰੂ ਸਾਹਿਬ ਨੇ ਮਰਦਾਨੇ ਨੂੰ ਭਰੋਸਾ ਦਿੱਤਾ ਸੀ ਕਿ ਹੌਸਲਾ ਰੱਖੋ ਅਸੀ ਤੈਨੂੰ ਮੱਕਾ ਵੀ ਜਰੂਰ ਦਿਖਾਵਾਂਗੇ।

1530ਈ. ਜਾਂ 31 ਦੇ ਅਰੰਭ ਦੀ ਗਲ ਹੈ। ਗੁਰੂ ਸਾਹਿਬ ਕਰਤਾਰਪੁਰ ਬਿਰਾਜਮਾਨ ਸਨ। ਗੱਲਾਂ ਬਾਤਾਂ 'ਚ ਕਿਤੇ ਜਿਕਰ ਆਇਆ ਕਿ ਕੁਝ ਮੁਸਲਮਾਨ ਧਰਮੀ ਬੰਦੇ ਹੱਜ ਤੇ ਜਾਣ ਦੀਆਂ ਤਿਆਰੀਆਂ ਕਰ ਰਹੇ ਸਨ। ਓਧਰ ਪੰਜਾਬ ਵੀ ਲੱਗ ਪੱਗ ਸਾਰਾ ਗੁਰੂ ਸਾਹਿਬ ਨੇ ਗਾਹ ਦਿੱਤਾ ਹੋਇਆ ਸੀ। ਕਾਫੀ ਸਮੇਂ ਤੋਂ ਕੋਈ ਲੰਮੀ ਉਦਾਸੀ ਵੀ ਨਹੀ ਸੀ ਕੀਤੀ। ਸੋ ਗੁਰੂ ਸਾਹਿਬ ਨੇ ਮੱਕੇ ਜਾਣ ਦਾ ਵੀ ਮੰਨ ਬਣਾ ਲਿਆ।

### ਸਾਹਿਬ ਦਾ ਪਹਿਰਾਵਾ

ਮੱਕੇ ਦੀ ਉਦਾਸੀ ਨੂੰ ਜਦੋ ਗੁਰੂ ਸਾਹਿਬ ਰਵਾਨਾ ਹੋਏ ਤਾਂ ਇੱਕ ਜੋੜਾ ਨੀਲੇ ਰੰਗ ਦੇ ਬਸਤਰਾਂ ਦਾ ਸਵਾਇਆ। ਜਿਵੇ ਓਹਨੀ ਦਿਨੀ ਰਵਾਜ ਹੁੰਦਾ ਸੀ, ਇੱਕ ਸੁੱਥਣ (ਸਲਵਾਰ) ਚੰਮ ਦੀ ਸਵਾਈ। ਪੈਰਾਂ ਵਿੱਚ ਕਉਸ (ਖੁੱਸਾ ਭਾਵ ਦੇਸੀ ਜੁੱਤੀ) ਗੱਲ ਵਿੱਚ ਹੱਡੀਆਂ ਦੀ ਮਾਲਾ ਪਾ ਲਈ। ਮੱਥੇ ਤੇ ਬਿੰਦੀ ਦਾ ਟਿੱਕਾ ਬਣਾ ਲਿਆ।

ਭਾਈ ਗੁਰਦਾਸ ਅਨੁਸਾਰ ਬਾਬੇ ਦਾ ਪਹਿਰਾਵਾ ਸੀ: ਨੀਲੇ ਕਪੜੇ, ਕੱਛ ਵਿੱਚ ਕਿਤਾਬ, ਹੱਥ ਵਿੱਚ ਡੰਡਾ, ਗੰਗਾਸਾਗਰ ਭਾਵ ਹੱਥੇ ਵਾਲੀ ਗੜਵੀ ਉਤੇ ਮੁਸੱਲਾ ਭਾਵ ਨਮਾਜ ਪੜ੍ਹਨ ਵੇਲੇ ਦਾ ਵਿਛਾਉਣਾ।

**ਬਾਬਾ ਫਿਰ ਮੱਕੇ ਗਯਾ, ਨੀਲ ਬਸਤ੍ਰ ਧਾਰੇ ਬਨਵਾਰੀ॥**
**ਆਸਾ ਹੱਥ, ਕਿਤਾਬ ਕੱਛ, ਕੂਜਾ, ਬਾਂਗ ਮੁਸੱਲਾ ਧਾਰੀ॥**

ਹਵਾਲਾ

◈ 1.ਖਜ਼ਾਨ ਸਿੰਘ (ਹਿਸਟਰੀ ਔਫ ਸਿੱਖ ਰਿਲੀਜਨ, 1914, ਸਫਾ-101) - ਹੱਜ 1518, 2.ਕਿਰਪਾਲ ਉਂਜ ਹੱਜ ਦੀ ਤਾਰੀਖ ਦੇਣ ਵੇਲੇ ਚੁੱਪ ਹੋ ਜਾਂਦਾ ਹੈ।(ਸਫਾ-125) ਪਰ ਅੱਗੇ ਜਾ ਕੇ ਬਗਦਾਦ ਵਾਲੇ ਸਿਲਲੇਖ ਦਾ ਗਲਤ ਉਲਥਾ ਕਰਕੇ ਸਾਲ 1520 ਹੀ ਦੇ ਜਾਂਦਾ ਹੈ।(ਸਫਾ-132)। 3.ਡਾ. ਤਰਲੋਚਨ ਸਿੰਘ {Guru Nanak: founder of Sikhism: a biography (online edition) 1517 ਤੋਂ ਬਾਦ। 4.ਕੋਹਲੀ-- 1517,ਸਾਹਿਬ ਸਿੰਘ (ਸ੍ਰੀ ਗੁਰੂ ਨਾਨਕ ਦੇਵ ਜੀ ਸਫਾ-150) ਹੱਜ 11-12-1518, ਗਿਆਨੀ- 1522

◆ ਸੋਢੀ-449 (ਪੁਰਾਤਨ -ਭੀ) ਸਾਹਿਬ ਮੱਕੇ ਨੂੰ ਜਾਂਦੇ ਹੋਏ ਮੁਲਤਾਨ ਥਾਂਣੀ ਗਏ। ਇਸ ਕਰਕੇ ਮੁਲਤਾਨ ਦੀਆਂ ਸਾਖੀਆਂ ਦਾ ਸਬੰਧ ਮੱਕੇ ਵਾਲੀ ਉਦਾਸੀ ਨਾਲ ਬਣਦਾ ਹੈ। ਮੱਕੇ ਮਦੀਨੇ ਦੀ ਗੋਸ਼ਟ ਅਨੁਸਾਰ ਵੀ ਗੁਰੂ ਸਾਹਿਬ ਸਮੁੰਦਰ ਰਸਤੇ ਮੱਕੇ ਗਏ ਸਨ।

MAP OF ASIAN HAJJ ROUTES:Academy of Islamic Studies, University Malaya, 50603 Kuala Lumpur, Malaysia

ਹੱਜ ਦੇ ਪੁਰਾਣੇ ਰੂਟ। ਵਿਦਵਾਨਾਂ ਦਾ ਕਹਿਣਾ ਹੈ ਕਿ ਪੁਰਾਣੇ ਰੇਸ਼ਮ ਮਾਰਗ ਹੀ ਬਾਦ ਵਿਚ ਹੱਜ ਦੇ ਰਸਤੇ ਬਣੇ।




https://pdfs.semanticscholar.org/

## ਰਵਾਨਾ ਕਰਤਾਰਪੁਰ ਤੋਂ ਹੋਏ

ਗੁਰੂ ਸਾਹਿਬ ਦੇ ਹੱਜ ਮੌਕੇ ਲਹੌਰ ਤੋਂ ਹੱਜ ਦਾ ਇਕ ਹੀ ਰਸਤਾ ਬਚਿਆ ਸੀ: ਉਹ ਸੀ ਸਮੁੰਦਰ ਰਸਤੇ ਜਾਣਾ।◆ ਹਾਲਾਂ ਮਜ਼ਬੀ ਪੱਖ ਤੋਂ ਪੈਦਲ ਜਾਣਾ ਜਿਆਦਾ ਚੰਗਾ ਗਿਣਿਆ ਜਾਂਦਾ ਹੈ। ਪਰ ਪੈਦਲ ਰਸਤੇ ਫਾਰਸ (ਈਰਾਨ/ਇਰਾਕ) ਥਾਂਣੀ ਹੋ ਕੇ ਜਾਣਾ ਪੈਂਦਾ ਸੀ ਅਤੇ ਦਿੱਕਤ ਇਹ ਸੀ ਕਿ ਪਰਸ਼ੀਆ (ਫਾਰਸ) ਦੀ ਸਫਵੀ ਸਲਤਨਤ ਦਾ ਅਰਬ ਦੀ ਉਸਮਾਨੀਆ ਸਲਤਨਤ ਨਾਲ ਇੱਟ ਕੁੱਤੇ ਦਾ ਵੈਰ ਸੀ। ਸਫਵੀ ਹਕੂਮਤ ਹਾਜੀਆਂ ਨੂੰ ਵੀ ਤੰਗ ਕਰਦੀ ਸੀ। ਜਿਸ ਕਰਕੇ ਪੰਜਾਬੀ ਹਾਜੀ ਲਾਹੌਰੋਂ ਕਰਾਚੀ ਵਲ ਜਾਂਦੇ ਤੇ ਓਥੋਂ ਹੀ ਬੇੜਾ ਲੈ ਲੈਂਦੇ ਸਨ। ਜੇ ਖੁਸ਼ਕ ਰਸਤੇ ਜਾਣ ਤਾਂ ਉਹਨਾਂ ਨੂੰ ਅਫਗਾਨਿਸਤਾਨ ਅਤੇ ਈਰਾਨ ਲੰਘ ਕੇ ਫਾਰਸ ਦੀ ਖਾੜੀ ਤੋਂ ਪਰੇ ਪਰੇ ਬਸਰੇ ਥਾਂਣੀ ਜਾਣਾ ਪੈਂਦਾ ਸੀ। ਇਹ ਰਸਤਾ ਵੀ ਬਹੁਤ ਲੰਮਾ ਪੈ ਜਾਂਦਾ ਸੀ। ਪਰ ਫਿਰ ਵੀ ਹਾਜੀ ਇਸ ਰਸਤੇ ਵੀ ਜਾਂਦੇ ਹੁੰਦੇ ਸਨ।

ਸੋ ਗੁਰੂ ਸਾਹਿਬ ਨੇ ਵੀ ਬਾਕੀ ਹਾਜੀਆਂ ਵਾਂਗੂ ਸਮੁੰਦਰੀ ਰਸਤਾ ਹੀ ਚੁਣਿਆ।

ਹੱਜ 8,9,10 ਤਾਰੀਖ ਜ਼ੁ-ਅਲ-ਹਿੱਜਾ ਨੂੰ ਕੀਤਾ ਜਾਂਦਾ ਹੈ। ਇਸ ਮੁਤਾਬਿਕ ਅੰਗਰੇਜੀ ਤਰੀਕਾਂ:-◎

| ਹਿਜਰੀ | ਅੰਗਰੇਜੀ |
|---|---|
| 8-12-933 | 5-9-1527 |
| 8-12-34 | 24-8-1528 |
| 8-12-935 | 13-8-1529 |
| 8-12-936 | 3-8-1530 |
| 8-12-937 | 23-7-1531 |
| 8-12-938 | 12-7-1532 |
| 8-12-939 | 1-7-1533 |
| 8-12-940 | 20-6-1534 |

ਇਸ ਸਾਲ ਹੱਜ 23 ਜੁਲਾਈ ਤੋਂ 25 ਜੁਲਾਈ ਵਿਚ ਸੀ। ਕਿਉਕਿ ਇਹ ਸਭ ਨੂੰ ਪਤਾ ਹੈ ਕਿ ਹੱਜ ਹਿਜਰੀ ਮਹੀਨਾ 'ਜ਼ੁ ਅਲ ਹਿੱਜਾ' ਦੀ 8,9 ਅਤੇ 10 ਤਾਰੀਕ ਨੂੰ ਹੁੰਦਾ ਹੈ। ਦੂਸਰੇ ਪਾਸੇ ਅੱਜ ਕੰਨਵਰਟਰ ਮਿਲਦੇ ਹਨ ◈ ਜਿੰਨਾਂ ਮੁਤਾਬਿਕ ਇਹ ਤਾਰੀਕ 23 ਜੁਲਾਈ 1531 ਬੈਠਦੀ ਹੈ।

ਲਾਹੌਰੋਂ ਗੁਰੂ ਸਾਹਿਬ ਮੁਲਤਾਨ ਨੂੰ ਰਾਵੀ ਦੇ ਨਾਲ ਨਾਲ ਜਾਂਦੀ ਸੜਕ ਥਾਂਣੀ ਰਵਾਨਾ ਹੋਏ। ਕੋਈ ਕਹਿ ਸਕਦਾ ਹੈ ਕਿ ਸਾਹਿਬ ਨੇ ਦਰਿਆ ਵਿੱਚ ਪੈਂਦੀ ਬੇੜੀ ਵੀ ਵਰਤੀ ਹੋਵੇ ਜਿਹੜੀਆਂ ਅਕਸਰ ਲਹੌਰ ਤੋਂ ਵਪਾਰਕ ਸਮਾਨ ਲੈ ਮੁਲਤਾਨ ਨੂੰ ਜਾਇਆ ਆਇਆ ਕਰਦੀਆਂ ਸਨ। ਪਰ ਅਜਿਹਾ ਨਹੀ ਲਗਦਾ ਕਿਉਕਿ ਹਰ 25-30 ਕਿ. ਮੀ. ਤੇ ਗੁਰੂ ਸਾਹਿਬ ਦੇ ਰਾਤ ਰੁੱਕਣ ਦੇ ਪੜਾਵਾਂ ਦੇ ਤੌਰ ਤੇ ਇਤਹਾਸਿਕ ਗੁਰਦੁਆਰੇ ਮੌਜੂਦ ਰਹੇ ਨੇ। ਥਾਂ ਥਾਂ ਮਿਲਦੇ ਗੁਰੂ ਸਾਹਿਬ ਦੇ ਪੜਾਵਾਂ ਦਾ ਮਿਲਣਾ ਇਹ ਵੀ ਦੱਸਦਾ ਹੈ ਕਿ ਗੁਰੂ ਸਾਹਿਬ ਕਾਹਲੀ ਨਾਲ ਸਫਰ ਨਹੀ ਸਨ ਕਰ ਰਹੇ। ਇਸ ਉਦਾਸੀ ਮੌਕੇ ਉਹਨਾਂ ਪੱਛਮੀ ਪੰਜਾਬ (ਸਾਰਾਇਕੀ) ਅਤੇ ਸਿੰਧ ਬਹੁਤ ਸਾਰੇ ਪਿੰਡ ਸ਼ਹਿਰ ਗਾਹੇ ਸਨ। ਲਹੌਰ ਤੋਂ ਚਲਕੇ ਰਾਵੀ ਦੇ ਨਾਲ ਨਾਲ ਮਾਂਗਾ, ਭਾਈ ਫੇਰੂ, ਭਰਨਾਵਾਂ ਹੋਲਾਂ ਸਾਹਿਬ, ਅਲੱਪਾ, ਸਤਘੱਰਾ ਅਤੇ ਕਈ ਹੋਰ ਰੂਟ ਤੋਂ ਹਟਵੇ ਸਥਾਨਾਂ ਤੇ ਹੁੰਦੇ ਹੋਏ ਜਾਣਾ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਬੇੜੀ ਤੇ ਨਹੀ, ਗੁਰੂ ਸਾਹਿਬ ਪੈਦਲ ਹੀ ਘੁੰਮਦੇ

### 23 ਜੁਲਾਈ 1531 ਨੂੰ ਗੁਰੂ ਸਾਹਿਬ ਨੇ ਹੱਜ ਕੀਤਾ✚

ਇਹ ਗਲ ਸਾਬਤ ਹੁੰਦੀ ਹੈ ਕਿ ਗੁਰੂ ਸਾਹਿਬ ਅਗਸਤ 1531 ਦੇ ਆਖਰੀ ਹਫਤੇ ਮਦੀਨੇ ਵਿਚ ਸਨ। ਜਿਸ ਦਾ ਮਤਲਬ ਹੈ ਕਿ ਸਾਹਿਬ ਨੇ 1531 ਵਿਚ ਹੱਜ ਕੀਤਾ।✚

ਪੈੜ ਸਫ਼ਾ

◈ Source for dates conversion:
https://www.islamicity.org/hijri-gregorian-converter/index.php?address=undefined

### ਗੁਰੂ ਸਾਹਿਬ ਦੇ ਜਮਾਨੇ ਵਿਚ ਹੱਜ ■

**ਕਿੰਨਾਂ ਵਕਤ ਲੱਗਦਾ ਸੀ ਹੱਜ ਵਿਚ–** ਪੁਰਾਣੇ ਜਮਾਨਿਆਂ ਲੰਮੀ ਯਾਤਰਾਵਾਂ ਦੀ ਦੂਰੀ ਇਕਾਈ ਯੋਜਨ ਜਾਂ ਜੋਜਨ ਹੁੰਦੀ ਸੀ। ਇਸ ਦਾ ਮਤਲਬ ਕਿ ਇੱਕ ਦਿਨ ਵਿੱਚ ਪੈਦਲ ਫੌਜ ਕਿੰਨਾ ਸਫਰ ਕਰ ਸਕਦੀ ਹੈ। ਧਿਆਨ ਰਹੇ ਰਾਤ ਅਰਾਮ ਤੋਂ ਇਲਾਵਾ ਇੰਨਾਂ ਨੇ ਤੰਬੂ ਵੀ ਗੱਡਣੇ ਹੁੰਦੇ, ਖਾਣਾ ਬਣਾਉਣਾ ਤੇ ਖਾਣਾ ਹੀ ਹੁੰਦਾ ਸੀ।

ਕਈ ਸਰੋਤਾਂ ਨੇ ਇਹ ਦੂਰੀ 15 ਕਿ. ਮੀ. ਲਿਖੀ ਹੈ ਤੇ ਕਿਸੇ ਨੇ 12 ਕਿ. ਮੀ, ਕਿਤੇ 8 ਕਿ. ਮੀ। ਮਹਾਨ ਕੋਸ਼ ਅਨੁਸਾਰ ਜੋਜਨ ਦੂਰੀ 4 ਕੋਹਾਂ ਬਰਾਬਰ ਸੀ। ਕੋਹ= 4000 ਗਜ ਜਾਂ ਸਵਾ ਦੋ ਮੀਲ। ਇਸ ਪ੍ਰਕਾਰ ਜੋਜਨ 15 ਕਿ.ਮੀ ਦੇ ਬਰਾਬਰ ਹੋਇਆ। ਯਾਦ ਰਹੇ ਇਹ ਫੌਜ ਜਾਂ ਜੱਥੇ ਦੀ ਇੱਕ ਦਿਨ ਦੀ ਦੂਰੀ ਹੈ। ਸ਼ੇਰ ਸ਼ਾਹ ਸੂਰੀ ਨੇ ਜੀ ਟੀ ਰੋਡ ਤੇ ਜਿਹੜੇ ਕੋਹ ਮਿਨਾਰ ਬਣਾਏ ਹੋਏ ਨੇ ਉਹ 4000 ਗਜ ਦੀ ਦੂਰੀ ਤੇ ਹਨ।

ਪਰ ਹਾਜੀ ਲੋਕ ਅਮੂਮਨ ਆਪਣੇ ਨਾਲ ਸੁੱਕਾ ਖਾਣਾ ਲੈ ਹੀ ਚਲਦੇ ਸਨ। ਇਨਾਂ ਤੇ ਫੌਜੀਆਂ ਵਾਂਙੂ ਕੋਈ ਬੰਦੋਗਿਰੀ ਨਹੀ ਸੀ ਹੁੰਦੀ। ਇਨਾਂ ਵਿੱਚ ਮਜ਼ਬੀ ਉਤਸ਼ਾਹ ਹੁੰਦਾ ਤੇ ਮੌਤ ਦਾ ਭੈਅ ਲਹਿ ਚੁੱਕਾ ਹੁੰਦਾ ਸੀ। ਕਿਉਕਿ ਅਨੇਕਾਂ ਲੋਕ ਹੱਜ ਦੌਰਾਨ ਬੀਮਾਰੀਆਂ ਖਾਸ ਕਰਕੇ ਹੈਜੇ ਆਦਿ ਨਾਲ ਮਰ ਜਾਂਦੇ ਸਨ। ਇਨਾਂ ਹਾਲਾਤਾਂ ਵਿੱਚ ਮੰਨ ਕੇ ਚਲਣਾ ਪਵੇਗਾ ਕਿ ਪੈਦਲ ਹਾਜੀ ਕੋਈ 20 ਕਿ. ਮੀ ਦਾ ਸਫਰ ਨਿਪਟਾ ਲੈਂਦਾ ਸੀ। ਘੋੜੇ ਅਤੇ ਦਰਿਆਈ ਬੇੜੀ ਰਾਂਹੀ ਸਫਰ ਕਰਨ 'ਚ ਵਕਤ ਘੱਟ ਲੱਗਦਾ ਸੀ। ਲਹੌਰ ਤੋਂ ਉਂਜ ਵੀ ਬੇੜੀ ਨੇ ਦਰਿਆਈ ਵਹਾਅ ਨਾਲ ਚਲਣਾ ਹੁੰਦਾ ਸੀ। ਸੋ ਸਧਾਰਨ ਹਾਜੀ ਪੈਦਲ ਯਾਤਰਾ ਹੀ ਕਰਦੇ ਸਨ। ਇਸ ਯਾਤਰਾ ਦੀ ਤਿਆਰੀ ਉਹ ਕਈ ਸਾਲ ਪਹਿਲਾਂ ਹੀ ਕਰਨੀ ਸ਼ੁਰੂ ਕਰ ਦਿੰਦੇ ਸਨ। ਉਂਜ ਵੀ ਮਜ਼ਬੀ ਜਨੂੰਨ ਅਨੁਸਾਰ ਇਹ ਪੈਦਲ ਹੀ ਪਵਿਤਰ ਗਿਣੀ ਜਾਂਦੀ ਸੀ। ਪਰ ਅਮੀਰ ਲੋਕ ਸਵਾਰੀ ਵਰਤਦੇ ਸਨ। ਹੱਜ ਦਾ ਇਤਹਾਸ ਪੜ੍ਹਨ ਤੇ ਪਤਾ ਲਗਦਾ ਹੈ ਕਿ ਕਈ ਵਪਾਰੀ ਲੋਕ ਵੀ ਹਾਜੀਆਂ ਦੇ ਨਾਲ ਚਲਦੇ ਸਨ ਤੇ ਉਹ ਹੱਜ ਦੌਰਾਨ ਹੀ ਪੈਸੇ ਕਮਾ ਲੈਂਦੇ ਸਨ।

ਲਹੌਰ ਤੋਂ ਮੁਲਤਾਨ = 330 ਕਿ. ਮੀ ਭਾਗ 20 =17 ਦਿਨ

ਸੋ ਲਹੌਰ ਤੋਂ ਸਮੁੰਦਰ (ਕਰਾਚੀ) 1200 ਕਿ. ਮੀ. ਭਾਗ 20= 60 ਦਿਨ

ਕਰਾਚੀ ਤੋਂ ਹਿੰਗਲਾਜ ਮੰਦਰ ਤੋਂ ਚਾਹਬਹਾਰ (ਮਕਰਾਨ) = 240 ਕਿ. ਮੀ, + 20= 260 ਭਾਗ 20 =13 ਦਿਨ

ਮਕਰਾਨ ਦੀ ਕਿਸੇ ਬੰਦਰਗਾਹ ਤੇ ਪਹੁੰਚਣਾ ਤੇ ਜਹਾਜ ਦੀ ਉਡੀਕ = 15 ਦਿਨ (ਜਿਆਦਾ ਤੋਂ ਜਿਆਦਾ)

ਰਣ ਕੱਛ (ਗੁਜਰਾਤ) ਵਿੱਚ ਲੋਥਲ ਦੇ ਸਥਾਨ ਤੇ ਹੜੱਪਾ ਮੋਹਿੰਜੋਦੜੋ ਸਭਿਅਤਾ ਵੇਲੇ ਦੀ ਬੰਦਰਗਾਹ ਮਿਲੀ ਹੈ ਜਿਸ ਤੋਂ ਸਾਬਤ ਹੁੰਦਾ ਹੈ ਕਿ ਸਿੰਧ ਦਾ ਸਮੁੰਦਰੀ ਤੱਟ ਬਹੁਤ ਪਹਿਲਾਂ ਤੋਂ ਹੀ ਜਹਾਜਰਾਣੀ ਨੂੰ ਸੰਭਾਲਦਾ ਆਇਆ ਹੈ। ਲਖਪਤ ਗੁਰੂ ਸਾਹਿਬ ਦੇ ਵੇਲਿਆਂ ਵਿੱਚ ਮਸ਼ਹੂਰ ਬੰਦਰਗਾਹ ਸੀ। ਪਰ ਇਹ ਜਰੂਰੀ ਹੋ ਜਾਂਦਾ ਹੈ ਕਿ ਕੋਚੀਨ, ਸੂਰਤ, ਭੜੂਚ, ਦਵਾਰਕਾ, ਲਖਪਤ ਵਲੋਂ ਆ ਰਹੇ ਜਹਾਜ ਸਿੰਧ ਦੇ ਹਾਜੀਆ ਨੂੰ ਵੀ ਥਾਂ ਥਾਂ ਤੋਂ ਚੁੱਕਦੇ ਹੋਣਗੇ।

**ਸਿੰਧ ਦੀਆਂ ਬੰਦਰਗਾਹਾਂ** -ਇਤਹਾਸ ਵਿੱਚ ਸਿੰਧ ਦੇ ਤੱਟ ਤੇ ਕਈ ਬੰਦਰਗਾਹਾਂ ਮੌਜੂਦ ਹੋਣ ਦੇ ਜਿਕਰ ਮਿਲਦੇ ਹਨ। ਪ੍ਰਸਿਧ ਯੂਰਪੀਨ ਮਲਾਹ ਲਿਖਾਰੀਆਂ ਜਿੰਨਾਂ ਦੇ ਜਿਕਰ ਕੀਤੇ ਹਨ ਉਹ ਹਨ ਕਰੋਕਲਾ, ਮਰੰਤੋਬਰਾ (ਜਨਾਨੀਆਂ ਦੀ ਬੰਦਰ), ਬਾਰਬਰੀਕਨ, ਦੇਬਲ (ਜਿਥੇ ਮੁਹੰਮਦ ਕਾਸਮ ਉਤਰਿਆ ਸੀ) 1511 ਈ. ਨੂੰ ਆਏ ਜਹਾਜਰਾਨ ਸੁਲੇਮਾਨ ਮਾਹਰੀ ਨੇ ਕਰਾਚੀ ਬੰਦਰਗਾਹ ਦਾ ਵੀ ਜਿਕਰ ਕੀਤਾ ਹੈ। ਫਿਰ ਖਰਕ ਵਿਖੇ ਵੀ ਵੱਡੀ ਬੰਦਰਗਾਹ ਸੀ ਜੋ ਬਾਦ ਵਿੱਚ ਖੁਰ ਗਈ।

ਫਿਰ ਮਕਰਾਨ (ਬਲੋਚਿਸਤਾਨ-ਈਰਾਨ ਸਰਹੱਦ) ਦੀ ਪੁਰਾਣੀ ਬੰਦਰ ਤੀਸ ਦਾ ਜਿਕਰ ਸਿਕੰਦਰ ਮਹਾਨ, ਅਲਬਿਰੂਨੀ ਅਤੇ

ਪੈੜ ਅਗਲੇ ਸਫੇ ਤੇ ਚਲਦਾ ➡

ਘੁੰਮਾਂਦੇ ਗਏ ਸਨ।

-----◆-----

## ਮਰਦਾਨੇ ਨੂੰ ਉਹਦੇ ਨਵੇਂ ਪਿੰਡੋਂ ਲੈਣ ਗਏ

ਜਦੋਂ ਪਿੱਛਲੀ ਉਦਾਸੀ ਤੋਂ ਪਰਤੇ ਤਾਂ ਮਰਦਾਨਾ ਗੁਰੂ ਸਾਹਿਬ ਤੋਂ ਨਿਖੜ ਕੇ ਆਪਣੇ ਨਵੇਂ ਪਿੰਡ ਤਲਵੰਡੀ ਹੁਸ਼ੰਗ ਰਹਿ ਰਿਹਾ ਸੀ। ਮਰਦਾਨੇ ਦਾ ਪ੍ਰਵਾਰ ਤਲਵੰਡੀ ਰਾਇ ਭੋਇ ਤੋਂ ਚਲਕੇ ਪਿੰਡ ਤਲਵੰਡੀ ਹੁਸ਼ੰਗ ਕਲਾਲਾਂ ਦੇ ਟੱਬਰ ਨਾਲ ਰਹਿਣ ਲੱਗ ਪਿਆ ਸੀ। ⊙

ਕੁਝ ਅਰਸੇ ਬਾਦ ਜਿਵੇ ਗੁਰੂ ਸਾਹਿਬ ਭਾਈ ਮਰਦਾਨੇ ਨੂੰ ਮਿਲੇ ਤਾਂ ਉਹ ਗੁਰੂ ਸਾਹਿਬ ਦੇ ਚਰਨਾਂ ਨੂੰ ਇਉ ਚੰਬੜ ਗਇਆ ਜਿਵੇ ਕੋਈ ਬੱਚਾ ਆਪਣੀ ਮਾਂ ਨੂੰ ਚੰਬੜਦਾ ਹੈ। ਗੁਰੂ ਸਾਹਿਬ ਉਨੂੰ ਕਹਿਣ ਲੱਗੇ ਮਰਦਾਨਿਆਂ ਤੇਰੀ ਗੈਰਹਾਜਰੀ ਮੈਨੂੰ ਚੁੱਭਦੀ ਰਹੀ।

ਮਰਦਾਨੇ ਨੇ ਬਾਬੇ ਜੀ ਨੂੰ ਸਵਾਲ ਕੀਤਾ ਕਿ ਬਾਬਾ ਜੀ ਇਸ ਦੌਰਾਨ ਤੁਹਾਨੂੰ ਕੋਈ ਰੱਬ ਦਾ ਪਿਆਰਾ ਮਿਲਿਆ ਕਿ ਨਹੀ, ਕੋਈ ਇਨਸਾਨ ਜਿਹੜਾ ਸਬਰ ਸੰਤੋਖ ਵਿੱਚ ਜੀ ਰਿਹਾ ਹੋਵੇ?

ਓਦੋਂ ਫਿਰ ਗੁਰੂ ਸਾਹਿਬ ਨੇ ਰਾਗ ਆਸਾ ਵਿੱਚ ਬਾਣੀ ਗਾਈ ਤੇ ਮਰਦਾਨੇ ਦਾ ਹੱਥ ਤੁਰੰਤ ਰਬਾਬ ਦੀ ਤਾਰ ਤੇ ਪਹੁੰਚ ਗਿਆ:-

ਆਸਾ ਮਹਲਾ ੧ ॥ ਕਿਸ ਕਉ ਕਹਹਿ ਸੁਣਾਵਹਿ ਕਿਸ ਕਉ ਕਿਸੁ ਸਮਝਾਵਹਿ ਸਮਝਿ ਰਹੇ ॥ ਕਿਸੈ ਪੜਾਵਹਿ ਪੜਿ ਗੁਣਿ ਬੂਝੇ ਸਤਿਗੁਰ ਸਬਦਿ ਸੰਤੋਖਿ ਰਹੇ ॥੧॥ ਐਸਾ ਗੁਰਮਤਿ ਰਮਤੁ ਸਰੀਰਾ ॥ ਹਰਿ ਭਜੁ ਮੇਰੇ ਮਨ ਗਹਿਰ ਗੰਭੀਰਾ ॥੧॥ ਰਹਾਉ ॥ ਅਨਤ ਤਰੰਗ ਭਗਤਿ ਹਰਿ ਰੰਗਾ ॥ ਅਨਦਿਨੁ ਸੂਚੇ ਹਰਿ ਗੁਣ ਸੰਗਾ ॥ ਮਿਥਿਆ ਜਨਮੁ ਸਾਕਤ ਸੰਸਾਰਾ ॥ ਰਾਮ ਭਗਤਿ ਜਨੁ ਰਹੈ ਨਿਰਾਰਾ ॥੨॥ ਸੂਚੀ ਕਾਇਆ ਹਰਿ ਗੁਣ ਗਾਇਆ ॥ ਆਤਮੁ ਚੀਨਿ ਰਹੈ ਲਿਵ ਲਾਇਆ ॥ ਆਦਿ ਅਪਾਰੁ ਅਪਰੰਪਰੁ ਹੀਰਾ ॥ ਲਾਲਿ ਰਤਾ ਮੇਰਾ ਮਨੁ ਧੀਰਾ ॥੩॥ ਕਥਨੀ ਕਹਹਿ ਕਹਹਿ ਸੇ ਮੂਏ ॥ ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ ॥ ਸਭੁ ਜਗੁ ਦੇਖਿਆ ਮਾਇਆ ਛਾਇਆ ॥ ਨਾਨਕ ਗੁਰਮਤਿ ਨਾਮੁ ਧਿਆਇਆ ॥੪॥੧੭॥

ਮਤਲਬ ਕਿ ਮਰਦਾਨਿਆ ਜੋ ਮਨੁੱਖ 'ਗਹਿਰ ਗੰਭੀਰ' ਪ੍ਰਭੂ ਨੂੰ ਸਿਮਰਦਾ ਹੈ ਗੰਭੀਰ ਸੁਭਾਵ ਵਾਲਾ ਹੋ ਜਾਂਦਾ ਹੈ, ਉਸ ਦੇ ਅੰਦਰ ਦਿਖਾਵਾ ਤੇ ਹੋਛਾ-ਪਨ ਨਹੀਂ ਰਹਿੰਦਾ ਅਜਿਹੇ

ਖੋਜ ਨੋਟ

ਪੁਰਤਗਾਲੀ ਅਲਬੁਕਰਕ ਵੇਲੇ ਦੇ ਸਫਰਨਾਮਿਆਂ ਵਿੱਚ ਵੀ ਮਿਲਦਾ ਹੈ।

ਕਹਿਣ ਤੋਂ ਮਤਲਬ ਜਹਾਜ ਫੜ੍ਹਨ ਲਈ ਗੁਰੂ ਸਾਹਿਬ ਪਿੱਛੇ ਨੂੰ ਨਹੀ ਗਏ ਹੋਣਗੇ ਜਿਵੇ ਕਿ ਕਈ ਲਿਖਾਰੀਆਂ ਨੇ ਲਿਖਿਆ ਹੈ ਗੁਰੂ ਸਾਹਿਬ ਨੇ ਲਖਪਤ ਤੋਂ ਜਹਾਜ ਫੜਿਆ। ਸਗੋ ਮਕਰਾਨ ਦੇ ਤੱਟ ਤੋਂ ਕਿਸੇ ਜਹਾਜ ਤੇ ਚੜੇ ਹੋਣਗੇ। ਕਿਉਕਿ ਇਹ ਇਤਿਹਾਸਕ ਸੱਚਾਈ ਹੈ ਕਿ ਗੁਰੂ ਸਾਹਿਬ ਹਿੰਗਲਾਜ ਮੰਦਰ ਵੀ ਗਏ ਸਨ ਜੋ ਕਰਾਚੀ ਤੋਂ 240 ਕਿ. ਮੀ. ਪੱਛਮ ਵਿੱਚ ਤੱਟ ਦੇ ਨੇੜੇ ਹੈ। ਸੋ ਗੁਰੂ ਸਾਹਿਬ ਨੇ ਪਰਸ਼ੀਆ ਵਲੋ ਭਾਵ ਬੰਦਰ ਅੱਬਾਸ (ਜਰੂਨ) ਤੋਂ ਆ ਰਿਹਾ ਜਹਾਜ ਫੜਿਆ ਹੋਵੇਗਾ। ਉਂਜ ਵੀ ਬੰਦਰ ਅੱਬਾਸ ਤੇ ਪੁਰਤਗਾਲੀਆਂ ਦਾ ਕਬਜਾ ਹੋ ਚੁੱਕਾ ਸੀ। ਇਹ ਵੀ ਇਤਿਹਾਸ ਦਾ ਹਿੱਸਾ ਹੈ ਕਿ ਪੁਰਤਗਾਲੀਏ ਜਹਾਜਰਾਨੀ ਵਿੱਚ ਦੁਨੀਆ ਭਰ ਵਿੱਚ ਪ੍ਰਸਿੱਧ ਸਨ। ਕੁਦਰਤੀ ਹੈ ਇਹ ਵਪਾਰੀ ਲੋਕ ਅਜਿਹਾ ਜਹਾਜ ਚਲਾਉਦੇ ਹੋਣਗੇ ਜਿਹੜਾ ਮੱਕੇ ਪਹਿਲਾਂ ਪਹੁੰਚਾ ਦੇਵੇ। ਸੋ ਪੁਰਤਗਾਲੀਆਂ ਦਾ ਜਹਾਜ ਸਿੱਧਾ ਜੱਦਾ ਜਾਂਦਾ ਸੀ ਜੋ ਪੂਰਬ ਵਲ ਥੋੜਾ ਹੋਰ ਅੱਗੇ ਆ ਕੇ ਸਿੰਧ ਤੋਂ ਲਹੌਰ ਮੁਲਤਾਨ ਦੇ ਹਾਜੀ ਵੀ ਚੁੱਕਦਾ ਸੀ।

**ਅੱਗੇ ਸਮੁੰਦਰੀ ਜਹਾਜ ਕਿੰਨਾ ਸਮਾਂ ਲੈਂਦਾ ਸੀ-** ਹੇਠ ਦਿੱਤੀਆਂ ਵੈਬਸਾਈਟਾਂ ਤੋਂ ਸਾਨੂੰ ਜਹਾਜ ਦੀ ਸਪੀਡ ਦਾ ਪਤਾ ਲਗਦਾ ਹੈ ਕਿ ਜਦੋਂ ਜਹਾਜ ਹਵਾ ਦੇ ਰੁਖ (sale) ਚਲਦਾ ਸੀ ਤਾਂ ਔਸਤ ਸਪੀਡ ਸਾਢੇ ਚਾਰ ਨੌਟੀਕਲ ਮੀਲ ਹੁੰਦੀ ਸੀ ਤੇ ਜਦੋਂ ਹਵਾ ਦੇ ਰੁਖ ਦੇ ਉਲਟ ਸਫਰ ਕਰਦੇ ਸਨ ਤਾਂ ਸਪੀਡ ਢਾਈ ਨੌ. ਮੀਲ ਹੁੰਦੀ ਸੀ। ਆਪਾਂ ਵਿਚਲਾ ਜਿਹਾ ਮੇਲ ਲਾ ਲੈਂਦੇ ਹਾਂ ਭਾਵ 3 ਨੌ. ਮੀ ਫੀ ਘੰਟਾ।

ਇਕ ਨੌਟੀਕਲ ਮੀਲ = 1.852 ਕਿ. ਮੀ

ਤੀਸ (ਚਾਬਹਾਰ) ਤੋਂ ਜੈਦ੍ਹਾ =3700 ਕਿ. ਮੀ. / 1.852= 2000 ਨੌ. ਮੀਲ

ਸਪੀਡ = 3 ਨੌ. ਮੀ

ਤੀਸ ਤੋਂ ਜੈਦਾ ਕੁਲ ਸਮਾਂ ਲਿਆ= 665 ਘੰਟੇ। (ਪਰ ਜਹਾਜ ਤਾਂ ਦਿਨ ਰਾਤ ਵਿੱਚ ਸਿਰਫ 15 ਘੰਟੇ ਚਲਦੇ ਹੋਣਗੇ) ਭਾਵ 44 ਦਿਨ ਲੱਗੇ। ਕਿਉਕਿ ਇਹ ਸਾਲਮ ਮੁਸਾਫਰ ਬੇੜੇ ਹੁੰਦੇ ਸਨ ਤਾਂ ਸਮਾਂ 35 ਤੋਂ 40 ਦਿਨ)

ਜੈਦਾ ਤੋਂ ਮੱਕਾ = 81 ਕਿ. ਮੀ. ਭਾਵ 5 ਜਾਂ 6 ਦਿਨ ਦਾ ਸਫਰ।

(ਸਪੀਡ ਦਾ ਸਰੋਤ - http://penelope.uchicago.edu/Thayer/E/Journals/TAPA/82/Speed_under_Sail_of_Ancient_Ships*.html)

ਇਤਿਹਾਸ ਵਿੱਚ ਆਉਦਾ ਹੈ ਕਿ ਔਰੰਗਜੇਬ ਦੇ ਰਾਜ ਸਮੇ ਦਿੱਲੀ ਤੋਂ ਚਲਿਆ ਇੱਕ ਹਾਜੀ ਜੱਥਾ ਸੂਰਤ ਤੋਂ 21 ਦਸੰਬਰ 1676 ਨੂੰ ਜਹਾਜ ਫੜ੍ਹਦਾ ਹੈ ਤੇ ਹਾਜੀ ਜਥਾ 6 ਫਰਵਰੀ 1677 ਮੱਕੇ ਪਹੁੰਚ ਜਾਂਦਾ ਹੈ। ਹੱਜ 10 ਫਰਵਰੀ ਨੂੰ ਸ਼ੁਰੂ ਹੁੰਦਾ ਹੈ। ਸੋ ਸੂਰਤ ਤੋਂ ਜੱਦੇ ਤੱਕ 42 ਦਿਨ ਲਗਦੇ ਹਨ। ਦੂਰੀ 4500 ਕਿ. ਮੀ.। ਔਸਤ ਇੱਕ ਦਿਨ ਵਿੱਚ 107 ਕਿ. ਮੀ.। ਘੰਟੇ ਵਿੱਚ 7 ਕਿ. ਮੀ.। (ਦੇਖੋ ਔਰੰਗਜੇਬ ਵੇਲੇ ਦੀ 17 ਸਦੀ ਦੀ ਪੁਸਤਕ: 17 Century book 'Anis Al-Hajj' )

ਇਸ ਕਿਤਾਬ ਤੋਂ ਪਤਾ ਲਗਦਾ ਹੈ ਕਿ ਅਫਗਾਨਿਸਤਾਨ ਈਰਾਨ ਰਾਂਹੀ ਫਾਰਸ ਦੀ ਖਾੜੀ ਦੇ ਪੱਛਮ ਪਾਸਿਓ ਘੁੰਮ ਆਉਣ ਵਿੱਚ ਖਤਰਾ ਰਹਿੰਦਾ ਸੀ ਕਿਉਕਿ ਈਰਾਨ ਦੀ ਸ਼ੀਆ ਸਫਵੀ ਸਲਤਨਤ ਦਾ ਭਾਰਤੀ ਹਾਜੀਆਂ ਲਈ ਰਵੱਈਆ ਚੰਗਾ ਨਹੀ ਸੀ। ਸੋ ਆਮ ਹਾਜੀ ਤਾਂ ਫਾਰਸ ਦੀ ਖਾੜੀ ਪਾਰ ਕਰਕੇ ਓਮਾਨ ਤੋਂ ਅੱਗੇ ਫਿਰ ਪੈਦਲ ਹੋ ਜਾਂਦੇ ਸਨ ਪਰ ਜਿਹੜੇ ਖਰਚਾ ਬਰਦਾਸ਼ਤ ਕਰ ਸਕਦੇ ਸਨ ਓਹ ਸਿੱਧਾ ਲੋਕ ਲਾਲ ਸਾਗਰ ਥਾਣੀ ਹੁੰਦੇ ਜੱਦਾ ਹੀ ਜਾ ਉਤਰਦੇ ਸਨ।

ਇਸ ਪ੍ਰਕਾਰ ਲਹੌਰ ਤੋਂ ਕੁਲ ਦਿਨ 1. ਲਹੌਰ ਤੋਂ ਕਰਾਚੀ = 60, ਕਰਾਚੀ ਤੋਂ ਤੀਸ ਬਰਾਸਤਾ ਹਿੰਗਲਾਜ =13 ਦਿਨ, ਤੀਸ ਵਿਖੇ ਜਹਾਜ ਦੀ ਉਡੀਕ - 10 ਦਿਨ (ਜਿਆਦਾ ਤੋਂ ਜਿਆਦਾ ਗਿਣ ਕੇ ਚਲੋ) ਤੀਸ ਤੋਂ ਜੱਦਾ-= 40 ਦਿਨ, ਜੱਦ੍ਹਾ ਤੋਂ ਮੱਕਾ- 6 ਦਿਨ।

ਯਾਤਰਾ ਦਾ ਕੁਲ ਜੋੜ- 130 ਦਿਨ। ਇਸਦਾ ਮਤਲਬ ਓਹਨੀ ਦਿਨੀ ਹਾਜੀ 5 ਮਹੀਨੇ ਦਾ ਸਮਾਂ ਗਿਣ ਕੇ ਚਲਦੇ ਹੋਣਗੇ।

ਇਹਦਾ ਮਤਲਬ ਉਹ ਜਨਵਰੀ/ਫਰਵਰੀ ਦੇ ਦਿਨਾਂ ਵਿਚ ਕਰਤਾਰਪੁਰੋਂ ਨਿਕਲੇ ਹੋਣਗੇ।

ਫਰਵਰੀ- 28, ਮਾਰਚ- 31, ਅਪਰੈਲ-30, ਮਈ -31, ਜੂਨ-30, ਜੁਲਾਈ =31, ਕੁਲ ਦਿਨ-150. (ਬੀ: 40 ਨੇ ਹੱਜ ਵਿਚ ਸਾਲ ਲੱਗਦਾ ਦੱਸਿਆ ਹੈ; ਸ਼ਾਇਦ ਆਉਣ ਜਾਣ ਦੀ ਗਲ ਕਰਦਾ ਹੈ।)

ਹੱਜ ਦੀ ਤਾਰੀਕ ਉਪਰ ਦਿੱਤੀ ਸਾਰਣੀ ਅਨੁਸਾਰ ਹੈ-23 ਜੁਲਾਈ 1531.

ਫਿਰ ਮੁਲਤਾਨ ਦੀਆਂ ਸਾਖੀਆਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਸਾਹਿਬ ਬਰਸਾਤ ਦੇ ਦਿਨਾਂ ਦੌਰਾਨ ਮੁਲਤਾਨ ਵਿਚ ਸਨ। ਉਹਨੀ ਦਿਨੀ ਮੀਂਹ ਮਈ ਦੇ ਅੰਤ ਜਾਂ ਜੂਨ ਦੇ ਪਹਿਲੇ ਹਫਤੇ ਸ਼ੁਰੂ ਹੋ ਜਾਂਦੇ ਸਨ। ਇਹਦਾ ਮਤਲਬ ਗੁਰੂ ਸਾਹਿਬ ਕਿਸੇ ਵੇਲੇ ਜਨਵਰੀ/ਫਰਵਰੀ 1531 ਵਿਚ ਕਰਤਾਰਪੁਰ ਤੋਂ ਨਿਕਲੇ ਹੋਣਗੇ। ਕਿਉਕਿ ਪੰਜਾਬ ਅਤੇ ਸਿੰਧ ਦੇ ਪਿੰਡਾਂ ਸ਼ਹਿਰਾਂ ਦੀਆਂ ਸਬੰਧਤ ਸਾਖੀਆਂ ਤੋਂ ਪਤਾ ਲਗਦਾ ਕਿ ਗੁਰੂ ਸਾਹਿਬ ਕਾਹਲੀ ਨਾਲ ਨਹੀ ਸਨ ਚਲ ਰਹੇ ਤੇ ਥਾਂਈ ਥਾਂਈ ਪ੍ਰਚਾਰ ਕਰਦੇ ਜਾ ਰਹੇ ਸਨ।

### 1529, 30 ਜਾਂ 31 ਦਾ ਹੱਜ?+

1.ਬਗਦਾਦ ਦੀਆਂ ਸਾਖੀਆਂ ਤੋਂ ਪਤਾ ਲਗਦਾ ਹੈ ਕਿ ਹਾਕਮ ਸ਼ਰਫ ਅਲਦੀਨ ਆਪਣੇ ਅਹੁਦੇ ਦੀਆਂ ਜ਼ਿੰਮੇਵਾਰੀ ਮੌਜ ਨਾਲ ਨਿਭਾ ਰਿਹਾ ਹੈ। ਉਹਦੇ ਮੰਨ ਵਿੱਚ ਕੋਈ ਅਸੁਰੱਖਿਆ ਦੀ ਭਾਵਨਾ ਨਹੀ ਹੈ। ਭਾਵ ਉਹ ਆਪਣੇ ਅਹੁਦੇ ਤੇ ਪੂਰੀ ਤਰਾਂ ਸਥਾਪਤ ਹੋ ਚੁੱਕਾ ਹੈ। ਅਜਿਹਾ 1530 ਜਾਂ 1531 ਵਿੱਚ ਹੋ ਸਕਦਾ ਹੈ। 2. ਪਰ 1532 ਗੁਰੂ ਸਾਹਿਬ ਨਾਲ ਭਾਈ ਲਹਿਣੇ ਦਾ ਮਿਲਾਪ ਹੈ। ਇਹ ਤਾਂ ਹੀ ਸੰਭਵ ਹੈ ਜੇ ਗੁਰੂ ਸਾਹਿਬ 1530-31 ਵਿੱਚ ਬਗਦਾਦ ਵਿੱਚ ਹੋਣਗੇ ਤਾਂ। 3. ਫਿਰ ਅੱਗੇ ਇਹ ਸਾਬਤ ਹੁੰਦਾ ਹੈ ਕਿ ਗੁਰੂ ਸਾਹਿਬ ਅਗਸਤ 1531 ਮਦੀਨੇ ਵਿਚ ਸਨ। ਸੋ 1531 'ਚ ਹੀ ਗੁਰੂ ਸਾਹਿਬ ਬਗਦਾਦ 'ਚ ਸਨ ਕਿਉਕਿ 1532 ਵਿੱਚ ਭਾਈ ਲਹਿਣੇ ਨਾਲ ਮਿਲਾਪ ਹੈ। ਇਹਦਾ ਮਤਲਬ ਗੁਰੂ ਸਾਹਿਬ 23 ਜੁਲਾਈ 1531 ਵਾਲੇ ਹੱਜ ਵਿੱਚ ਸ਼ਾਮਲ ਹੋਏ ਸਨ।

ਇਹ ਤਾਂ ਹੀ ਸੰਭਵ ਹੈ ਜਿਵੇ ਕਿ ਜਨਮਸਾਖੀਆਂ ਵਿੱਚ ਆਉਦਾ ਹੈ ਕਿ ਗੁਰੂ ਸਾਹਿਬ ਚਮਤਕਾਰੀ ਢੰਗ ਨਾਲ ਓਥੇ ਪਹੁੰਚੇ। ਨਹੀ ਤਾਂ ਗੁਰੂ ਸਾਹਿਬ ਨੇ ਹੱਜ ਦੀ ਤਾਰੀਖ ਤੋਂ ਪਛੜ ਜਾਣਾ ਸੀ।

ਬਾਲਾ 184 - ਅਖੇ ਮੱਕਾ 2500 ਕੋਹ ਹੈ।

ਗਿਆਨਵਾਨ ਆਪਣਾ-ਆਪ ਨਾਂ ਕਿਸੇ ਨੂੰ ਦੱਸਦੇ ਹਨ ਨਾਂ ਸੁਣਾਂਦੇ ਹਨ ਨਾਂ ਸਮਝਾਉਂਦੇ ਹਨ। ਨਾਂ ਹੀ ਉਹ ਆਪਣੀ ਵਿੱਦਿਆ ਦਾ ਦਿਖਾਵਾ ਕਰਦੇ ਹਨ, ਗੁਰੂ ਦੇ ਸ਼ਬਦ ਵਿੱਚ ਜੁੜ ਕੇ (ਹੋਛਾ-ਪਨ ਤਿਆਗ ਕੇ) ਉਹ ਸੰਤੋਖ ਵਿੱਚ ਜੀਵਨ ਬਿਤੀਤ ਕਰਦੇ ਹਨ।

ਹਾਂ ਜੇਹੜੇ ਮਨੁੱਖ (ਸਿਮਰਨ ਤੋਂ ਸੱਖਣੇ ਹਨ ਤੇ) ਨਿਰੀਆਂ ਜ਼ਬਾਨੀ ਜ਼ਬਾਨੀ ਹੀ ਗਿਆਨ ਦੀਆਂ ਗੱਲਾਂ ਕਰਦੇ ਹਨ ਉਹ ਆਤਮਕ ਮੌਤੇ ਮਰੇ ਹੋਏ ਹਨ।

ਹੇ ਨਾਨਕ! ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਮਤਿ ਦਾ ਆਸਰਾ ਲੈ ਕੇ ਪ੍ਰਭੂ ਦਾ ਨਾਮ ਸਿਮਰਿਆ ਹੈ, ਉਹਨਾਂ ਨੂੰ ਪਰਮਾਤਮਾ ਆਪਣੇ ਅੰਤ ਨੇੜੇ ਦਿੱਸਦਾ ਹੈ (ਉਹ ਮਨੁੱਖ ਜਗਤ ਦੇ ਪਦਾਰਥਾਂ ਨਾਲ ਮੋਹ ਨਹੀਂ ਬਣਾਂਦੇ, ਕਿਉਂਕਿ) ਉਹਨਾਂ ਨੂੰ ਸਾਰਾ ਜਗਤ ਮਾਇਆ ਦਾ ਪਸਾਰਾ ਦਿੱਸਦਾ ਹੈ।

ਮਰਦਾਨਾ ਕਹਿਣ ਲੱਗਾ ਬਾਬਾ ਤੂੰ ਧੰਨ ਹੈ। ਧੰਨ ਹੈ ਉਹ ਮਾਈ ਬਾਪ ਜਿੰਨੇ ਤੈਨੂੰ ਜਾਇਆ ਹੈ।

-----◆-----


## ਛਾਂਗੇ ਮਾਂਗੇ ਦੇ ਜੋਗੀ ਦਾ ਉਧਾਰ ਕੀਤਾ

ਲਹੌਰ ਤੋਂ 40 ਕਿ. ਮੀ. ਦੱਖਣ ਪਿੰਡ ਛਾਂਗਾ ਮਾਂਗਾ ਵਿਖੇ ਜੋਗੀਆਂ ਦਾ ਆਸ਼ਰਮ ਸੀ। ਗੁਰੂ ਸਾਹਿਬ ਇਥੇ ਬਿਰਾਜੇ ਤਾਂ ਮੌਜੂਦ ਜੋਗੀਆਂ ਨੇ ਗੁਰੂ ਸਾਹਿਬ ਦਾ ਦਿਲੋਂ ਸਵਾਗਤ ਕੀਤਾ। ਪਰ ਵਿਚੋਂ ਇੱਕ ਜੋਗੀ ਈਰਖਾ ਪਾਲੀ ਬੈਠਾ ਸੀ। ਗੁਰੂ ਸਾਹਿਬ ਨੇ ਉਹਦਾ ਹੰਕਾਰ ਦੂਰ ਕਰਕੇ ਗਿਆਨ ਦੀ ਦਾਤ ਬਖਸ਼ੀ। ਮਾਂਗਾ ਫਿਰ ਸਿੱਖੀ ਦਾ ਵੱਡਾ ਪ੍ਰਚਾਰ ਕੇਂਦਰ ਬਣਿਆ ਰਿਹਾ ਹੈ। ਇਥੋਂ ਦਾ ਅਸਥਾਨ ਤਾਂ ਛੋਟਾ ਨਨਕਾਣਾ ਹੀ ਕਹਾਉਂਦਾ ਸੀ। ਛੇਵੇ ਪਾਤਸ਼ਾਹ ਸਾਹਿਬ ਗੁਰੂ ਹਰਗੋਬਿੰਦ ਵੀ ਇਥੇ ਪਧਾਰੇ ਸਨ। 1947 ਵੇਲੇ ਤਾਂ ਇਥੇ ਸ਼ਾਨਦਾਰ ਗੁਰਅਸਥਾਨ ਹੁੰਦਾ ਸੀ।

ਛਾਂਗਾ ਮਾਂਗੇ ਤੋਂ 17 ਕਿ.ਮੀ. ਅੱਗੇ ਚਲਕੇ ਗੁਰੂ ਸਾਹਿਬ ਉੱਪਲ ਖੱਤਰੀਆਂ ਦੀ ਬਸਤੀ ਪਧਾਰੇ। ਇਥੇ ਪਹਿਲਾਂ ਵੀ ਗੁਰੂ ਸਾਹਿਬ ਆ ਚੁੱਕੇ ਸਨ। ਇਨਾਂ ਉਪਲਾਂ ਤੇ ਗੁਰੂ ਸਾਹਿਬ ਦੀ ਖਾਸ ਬਖਸ਼ਸ਼ ਸੀ। ਇਨਾਂ ਨੂੰ ਸਾਹਿਬ ਨੇ ਆਪਣੀ ਜੋਗੀਆਂ ਵਾਲੀ ਗੋਦੜੀ ਤੇ ਟੋਪੀ ਬਖਸ਼ੀ ਹੋਈ ਸੀ। ਇਸ ਪ੍ਰਵਾਰ ਵਿਚੋਂ ਹੀ ਫਿਰ ਭਾਈ ਸੰਗਤੀਆਂ ਮਸ਼ਹੂਰ ਹੋਇਆ ਹੈ ਜਿਸ ਦਾ ਨਾਂ ਗੁਰੂ ਹਰ ਰਾਇ ਸਾਹਿਬ ਨੇ ਭਾਈ ਫੇਰੂ ਰੱਖ ਦਿੱਤਾ ਸੀ। ਕਿਉਂਕਿ ਇਹ ਘਿਓ ਆਦਿ ਖਰੀਦਣ ਅਤੇ ਵੇਚਣ ਲਈ ਪਿੰਡਾਂ ਵਿੱਚ ਫੇਰੀ ਪਾਉਂਦਾ ਹੁੰਦਾ ਸੀ। ਇਸ ਬਸਤੀ ਦਾ ਹੀ ਫਿਰ ਭਾਈ ਫੇਰੂ ਮਸ਼ਹੂਰ ਹੋ ਗਿਆ। ਇਸ ਪ੍ਰਵਾਰ ਨੂੰ ਮਸੰਦ ਦਾ ਦਰਜਾ ਹਾਸਲ ਸੀ।

ਦਸਮ ਪਾਤਸ਼ਾਹ ਵੇਲੇ ਜਦੋਂ ਮਸੰਦ ਭ੍ਰਿਸ਼ਟ ਹੋ ਚੁੱਕੇ ਸਨ ਤਾਂ ਓਦੋਂ ਵੀ ਇਹ ਪ੍ਰਵਾਰ ਹਿਸਾਬ ਕਿਤਾਬ ਵਿੱਚ ਸੁਰਖਰੂ ਹੋ ਕੇ ਨਿਕਲਿਆ ਸੀ।

ਭਾਈ ਫੇਰੂ ਦੇ ਲਾਗੇ ਹੀ ਦੋ ਕਿ. ਮੀ. ਤੇ ਪਿੰਡ ਭਰਨਾਵਾਂ ਹੈ ਜਿੱਥੇ ਸੁਲਤਾਨ ਨਾਮੀ ਇੱਕ ਬਾਲਕ ਨੇ ਗੁਰੂ ਸਾਹਿਬ ਨੂੰ ਹੋਲਾਂ ਭੁ ਨ ਕੇ ਛਕਾਈਆਂ ਸਨ। ਉ ਹਦੀ ਸੇਵਾ ਤੋਂ ਪ੍ਰਸੰਨ ਹੋ ਗੁ ਰੂ ਸਾਹਿਬ ਨੇ ਉਨ੍ਹੂੰ ਵੀ ਸਿੱਖੀ ਦੀ ਦਾਤ ਬਖਸ਼ੀ ਸੀ। ਸੁਲਤਾਨ ਨੇ ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿੱਚ ਇੱਕ ਥੜ੍ਹਾ ਬਣਾ ਦਿੱਤਾ ਸੀ। ■




ਭਾਈ ਫੇਰੂ ਤੋਂ 35 ਕਿ.ਮੀ. ਅੱਗੇ ਰਾਵੀ ਦੇ ਨਾਲ ਨਾਲ ਚੱਲ ਕੇ ਗੁਰੂ ਸਾਹਿਬ ਪਿੰਡ ਅਲਪਾ (ਅਲੱਪਾ ਨਹੀ) ਜਾ ਠਹਿਰੇ। ਇਥੇ ਵੀ ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਹੁੰਦਾ ਸੀ ਜਿਸ ਦੇ ਖੰਡਰਾਤ ਅੱਜ ਵੀ ਮੌਜੂਦ ਨੇ।

ਅਲਪੇ ਤੋਂ 35 ਕਿ. ਮੀ. ਦਾ ਪੈਂਡਾ ਕਰਕੇ ਗੁਰੂ ਸਾਹਿਬ ਸਤਘਰੇ ਜਾ ਠਹਿਰੇ।

-----◆-----

## ਨਾਨਕ ਦੁਖੀਆ ਸਭੁ ਸੰਸਾਰੁ +

ਸਤਘਰੇ ਜਦੋਂ ਗਏ ਤਾਂ ਸ਼ਹਿਰ ਦੇ ਇੱਕ ਧਨਾਢ ਸਰਾਫ ਨੂੰ ਪਤਾ ਲਗਾ ਕਿ ਗੁਰੂ ਨਾਨਕ ਆਏ ਨੇ ਉਸਨੇ ਆਦਰ ਸਹਿਤ ਗੁਰੂ ਸਾਹਿਬ ਨੂੰ ਆਪਣੀ ਹੱਟੀ ਤੇ ਚਰਨ ਪਾਉਣ ਵਾਸਤੇ ਬੇਨਤੀ ਕੀਤੀ। ਗੁਰੂ ਜੀ ਤੇ ਮਰਦਾਨੇ ਨੂੰ ਚੋਖਾ ਸਮਾਂ ਉਹਦੀ ਹੱਟੀ ਤੇ ਬੈਠਿਆਂ ਹੋ ਗਇਆ ਸੀ ਪਰ ਉਸ ਕੋਲ ਇੱਕ ਪਲ ਦਾ ਵੀ ਵੇਹਲ ਨਹੀ ਸੀ ਕਿ ਸਾਹਿਬ ਨਾਲ ਗੱਲ ਬਾਤ ਕਰ ਸਕੇ। ਉਹਦੇ ਤਿੰਨ ਚਾਰ ਤਾਂ ਮੁਨੀਮ ਜਾਂ ਮੁਲਾਜਮ ਹੀ ਸਨ। ਗਾਹਕੀ ਚੋਖੀ ਸੀ।

ਇਹ ਵੇਖ ਮਰਦਾਨੇ ਨੇ ਗੁਰੂ ਸਾਹਿਬ ਨੂੰ ਕਿਹਾ ਬਾਬਾ ਜੀ ਇਹ ਸ਼ਾਹੂਕਾਰ ਤਾਂ ਲਗਦੈ ਪਿਛਲੇ ਜਨਮ ਵਿੱਚ ਵੱਡਾ ਪੁੰਨ ਦਾਨ ਕਰਦਾ ਰਹਿਆ ਹੈ ਜਿਹਦਾ ਐਨਾ ਕਾਰੋਬਾਰ ਤੇ ਐਸ਼ ਹੈ। ਗੁਰੂ ਸਾਹਿਬ ਨੇ ਕਹਿਆ ਮਰਦਾਨਿਆ ਗੱਲ ਢੱਕੀ ਹੀ ਰਹਿਣ ਦੇ। ਸਿਵਾਏ ਰੱਬ ਨੂੰ ਮੰਨਣ ਵਾਲਿਆਂ ਦੇ ਇਥੇ ਹਰ ਕੋਈ ਦੁਖੀ ਹੈ।

ਸ਼ਾਮੀ ਫਿਰ ਸ਼ਾਹੂਕਾਰ ਕਾਰੋਬਾਰ ਤੋਂ ਵਿਹਲਾ ਹੋਇਆ ਤਾਂ ਲੱਗਾ ਗੁਰੂ ਸਾਹਿਬ ਦੇ ਉਪਦੇਸ਼ ਸੁਣਨ। ਜਦੋਂ ਸਿਰਫ ਓਸੇ ਦੀ ਹੀ ਤਵੱਜੋ ਗੁਰੂ ਸਾਹਿਬ ਵਲ ਸੀ ਭਾਵ ਬਾਕੀ ਮੁਲਾਜਮ ਸਭ ਰੁੱਝੇ ਹੋਏ ਸਨ ਤਾਂ ਉਸ ਵੇਲੇ ਸ਼ਾਹੂਕਾਰ ਨੇ ਆਪਣੇ ਦੁੱਖੜੇ ਰੋਣੇ ਸ਼ੁਰੂ ਕਰ ਦਿੱਤੇ। ਉਸ ਨੇ ਦੱਸਿਆ ਕਿ ਗੁਰੂ ਜੀ ਮੇਰੇ ਕੋਲ ਐਨਾ ਰਿਜਕ ਹੋਣ ਦੇ ਬਾਵਜੂਦ, ਮੇਰਾ ਜੀਵਨ ਸੁਖੀ ਨਹੀ ਹੈ। ਉਸ ਨੇ ਦੱਸਿਆ ਕਿ ਮੇਰੀ ਪਤਨੀ ਬਦ ਚਲਣ ਹੈ ਤੇ ਪਰਾਏ ਮਰਦ

ਪੈੜ ਸੂਹ

⊙ ਸੋਢੀ 2 - 607 ਨੇ ਲਿਖਿਆ ਹੈ ਕਿ ਗੁਰੂ ਸਾਹਿਬ ਕਰਤਾਰਪੁਰ ਸਨ ਤੇ ਮਰਦਾਨਾ ਓਨੀ ਦਿਨੀ ਆਪਣੇ ਪਰਿਵਾਰ ਕੋਲ ਪਿੰਡ ਤਲਵੰਡੀ ਹੁਸੰਗ ਰਹਿ ਰਿਹਾ ਸੀ। ਇਹ ਵੀ ਲਿਖਿਆ ਮਿਲਦਾ ਹੈ ਕਿ ਗੁਰੂ ਸਾਹਿਬ ਮਰਦਾਨੇ ਨੂੰ ਕਹਿੰਦੇ ਨੇ ਮੈਂ ਇਕੱਲਾ ਪੱਟੀ ਕਸੂਰ ਦਾ ਇਲਾਕਾ ਫਿਰਿਆ ਹਾਂ। ਮਤਲਬ ਫਿਰੋਜਪੁਰ ਵਾਲੀ ਸਾਖੀ ਵੀ ਚੌਥੀ ਉਦਾਸੀ ਤੋਂ ਪਹਿਲਾਂ ਦੀ ਹੀ ਹੈ।

ਭੋਗਦੀ ਹੈ। ਬਾਲ ਬੱਚੇ ਹੋਣ ਕਾਰਨ ਮੈਂ ਉਨੂੰ ਛੱਡ ਵੀ ਨਹੀ ਸਕਦਾ। ਉਸ ਨੂੰ ਸਮਝਾਉਦਾਂ ਹਾਂ ਤਾਂ ਕਹਿੰਦੀ ਹੈ ਕਿ ਮੈਂ ਇਸ ਬਗੈਰ ਰਹਿ ਨਹੀ ਸਕਦੀ ਅਤੇ ਮਰਨ ਨੂੰ ਤਿਆਰ ਹੋ ਜਾਂਦੀ ਹੈ। ਕਹਿਣ ਲੱਗਾ ਬਾਬਾ ਜੀ ਇਸ ਦਾ ਕੋਈ ਉਪਾਅ ਦੱਸੋ?

ਗੁਰੂ ਸਾਹਿਬ ਨੇ ਸ਼ਾਹੂਕਾਰ ਨੂੰ ਸਮਝਾਇਆ ਕਿ ਦੇਖ ਤੈਨੂੰ ਦੁਖ ਇਸ ਗਲ ਦਾ ਹੈ ਕਿ ਮੇਰੀ ਪਤਨੀ ਬੇਵਫਾ ਹੈ। ਇਥੇ ਫਿਰ ਗੁਰੂ ਸਾਹਿਬ ਨੇ ਸ਼ਾਹੂਕਾਰ ਨੂੰ ਰਿਸ਼ਤਿਆਂ ਦੀ ਅਸਲੀਅਤ ਸਮਝਾਈ ਨਾਲ ਹੀ ਦੱਸਿਆ ਕਿ ਜਦੋਂ ਇਹ ਸਾਹ ਪ੍ਰਾਣ ਮੁੱਕ ਗਏ ਕਿਹੜੀ ਪਤਨੀ ਤੇ ਕਿਹੜਾ ਪਤੀ? ਕਿ ਕਿਵੇ ਇਸ ਹਉਮੇ ਦੇ ਖੇਲ ਨੇ ਜਗਤ ਘੁੰਮਾ ਰੱਖਿਆ ਹੈ। ਇਹ ਮੇਰਾ ਮੇਰੀ ਹੀ ਫਿਰ ਸਾਡੇ ਦੁੱਖਾਂ ਦਾ ਕਾਰਨ ਬਣਦੀ ਹੈ। ਸੋ ਭਾਈ ਇਸ ਦੁਨੀਆਂ ਵਿੱਚ ਹਰ ਕੋਈ ਦੁੱਖੀ ਹੈ। ਸਿਰਫ ਉਹ ਹੀ ਸੁਖੀ ਹਨ ਜਿੰਨਾਂ ਨੂੰ ਰੱਬ ਦੀ ਸੋਝੀ ਹੈ। ਜਿੰਨਾਂ ਨੂੰ ਅਹਿਸਾਸ ਹੈ ਕਿ ਇੱਕ ਦਿਨ ਚਲੇ ਜਾਣਾ ਹੈ। ਗੁਰੂ ਸਾਹਿਬ ਨੇ ਸ਼ਾਹੂਕਾਰ ਨੂੰ ਇਸ ਪ੍ਰਕਾਰ ਨਾਮ ਦੀ ਦਾਤ ਬਖਸ਼ਦੇ ਹੋਏ ਇਹ ਸ਼ਬਦ ਗਾਇਆ:-

**ਸਲੋਕੁ ਮਃ ੧ ॥ ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥ ਪਰਸ ਰਾਮੁ ਰੋਵੈ ਘਰਿ ਆਇਆ ॥.....ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥....**

(ਵੇਖੋ ਪੰਨਾ 225)

ਇਹ ਸ਼ਾਹੂਕਾਰ ਬੜਾ ਪ੍ਰਸਿਧ ਸਿੱਖ ਸਾਬਤ ਹੋਇਆ। ਏਸੇ ਨੇ ਫਿਰ ਵਕਤ ਪਾ ਕੇ ਸਤਘਰੇ ਵਿੱਚ ਧਰਮਸਾਲ ਵੀ ਬਣਵਾਈ। ਛੋਟਾ ਨਨਕਾਣਾ ਕਹਾਉਣ ਵਾਲੇ ਇਸ ਸ਼ਾਨਦਾਰ ਗੁਰਦੁਆਰੇ ਦੇ ਖੰਡਰਾਤ ਅੱਜ ਵੀ ਮੌਜੂਦ ਨੇ।

-----◆-----

ਸਤਘਰੇ ਤੋਂ ਚਲ ਕੇ ਗੁਰੂ ਸਾਹਿਬ ਨੇ 40 ਕਿ. ਮੀ. ਪੈਂਡਾ ਤਹਿ ਕਰਦੇ ਹੋਏ ਰਾਵੀ ਪਾਰ ਕਰਕੇ ਕਿਸੇ ਸ਼ਰਧਾਲੂ ਕੋਲ ਪਿੰਡ ਪਿੰਡੀ ਸ਼ੇਖ ਮੂਸਾ ਆ ਠਹਿਰੇ। ਵੰਡ ਵੇਲੇ ਇਥੇ ਵੀ ਯਾਦਗਾਰੀ ਗੁਰਦੁਆਰਾ ਸਾਹਿਬ ਹੁੰਦਾ ਸੀ। ਓਨੀ ਦਿਨੀ ਇਹ ਇਲਾਕਾ ਬਹੁਤਾ ਬੇਅਬਾਦ ਜਿਹਾ ਹੁੰਦਾ ਸੀ ਤੇ ਸਿਰਫ ਰਾਵੀ ਕੰਢੇ ਹੀ ਪਿੰਡ ਤੇ ਬਸਤੀਆਂ ਸਨ।



ਛੋਟਾ ਨਨਕਾਣਾ ਨਾਨਕ ਜਗੀਰ, ਸਤਘਰਾ (ਖੱਬੇ ਹੱਥ)। ਪਾਕਿਸਤਾਨੀ ਅਸਥਾਨਾਂ ਤੇ ਪੁਸਤਕ ਲਿਖਣ ਵਾਲੇ ਪ੍ਰਸਿੱਧ ਲਿਖਾਰੀ ਇਕਬਾਲ ਕੈਸਰ ਨੇ ਇਸ ਗੁਰਦੁਆਰੇ ਨੂੰ ਸਤਘਰੇ ਦੀ ਇਸ ਸਾਖੀ ਨਾਲ ਜੋੜਿਆ ਹੈ। ਪਰ ਇਹ ਗੁਰਦੁਆਰਾ ਤਾਂ ਸਤਘਰੇ ਤੋਂ ਕੋਈ 25-26 ਕਿ. ਮੀ ਹਟਵਾ ਪਿੰਡ ਮੇਘੇ ਦੇ ਲਾਗੇ ਹੈ। ਇਹ ਇਮਾਰਤ 1935 ਵਿਚ ਉਸਾਰੀ ਗਈ ਸੀ। ਲਗਦਾ ਹੈ ਇਥੇ ਮਹਾਰਾਜਾ ਰਣਜੀਤ ਸਿੰਘ ਨੇ ਸਤਘਰੇ ਗੁਰਦੁਆਰੇ ਦੇ ਨਾਂ ਤੇ ਜਗੀਰ ਦਿੱਤੀ ਸੀ ਤੇ ਜਗੀਰ ਵਿਚ ਗੁਰਦੁਆਰਾ ਉਸਾਰਿਆ ਗਇਆ। ਅਸਲ ਅਸਥਾਨ ਸਤਘਰੇ ਵਿਚ ਹੀ ਹੋਣਾ ਚਾਹੀਦਾ ਹੈ। ਯਾਦ ਰਹੇ ਸਤਘਰਾ 2500 ਸਾਲ ਪੁਰਾਣਾ ਸ਼ਹਿਰ ਹੈ।


ਸਤਘਰੇ ਸ਼ਹਿਰ ਵਿਚ ਹੀ ਆਹ ਗੁਰਦੁਆਰਾ (ਸੱਜੇ ਹੱਥ) ਇਮਾਰਤ ਸਾਜੀ ਤੋਂ ਸਚ ਮੁੱਚ ਬਹੁਤ ਪੁਰਾਤਨ ਲਗਦਾ ਹੈ। ਪਰ ਪਾਕਿਸਤਾਨੀ ਵਿਦਵਾਨਾਂ ਨੇ ਇਸ ਨੂੰ ਵਿਸਾਰਿਆ ਹੋਇਆ ਹੈ। (ਤਸਵੀਰਾਂ ਫੇਸਬੁੱਕ ਤੋਂ)

ਪਿੰਡੀ ਤੋਂ ਕੋਈ 60 ਕਿ. ਮੀ. ਦਾ ਸਫਰ ਕਰਕੇ ਸਾਹਿਬ ਕਮਾਲੀਆ ਆ ਪਹੁੰਚੇ।

ਇਹ ਇਤਹਾਸਿਕ ਸ਼ਹਿਰ ਬਾਦਸ਼ਾਹ ਸਿਕੰਦਰ ਵੇਲੇ ਵੀ ਮੌਜੂਦ ਸੀ। ਉਸ ਵੇਲੇ ਇਥੋ ਦਾ ਰਾਜਾ 'ਸਿਰਕੱਪ' ਸੀ। ਗੁਰੂ ਸਾਹਿਬ ਦੀ ਆਮਦ ਦੀ ਯਾਦਗਾਰ ਗੁਰਦੁਆਰਾ ਸਾਹਿਬ ਵੰਡ ਵੇਲੇ ਤੱਕ ਹੁੰਦਾ ਸੀ। ■ ਟੋਭਾ ਟੇਕ ਸਿੰਘ ਦੀ ਤਹਿਸੀਲ. ਕਮਾਲੀਆ ਦੀ ਖੰਡ ਮਿਲ ਕਿਸੇ ਵੇਲੇ ਏਸ਼ੀਆ ਵਿੱਚ ਸੱਭ ਤੋਂ ਵੱਡੀ ਸੀ। ਇਥੋ ਦਾ ਖੱਦਰ ਕਪੜਾ ਵੀ ਮਸ਼ਹੂਰ ਰਿਹਾ ਹੈ।



ਗੁਰਦੁਆਰਾ ਸਾਹਿਬ ਕਮਾਲੀਆ। ਜ਼ਾਹਿਦ ਕਰਮਾਂਵਾਲਾ ਨੇ ਫੇਸਬੁੱਕ ਤੇ ਇਹ ਫੋਟੋ ਪਾ ਕੇ ਲਿਖਿਆ ਹੈ ਕਿ ਕਈ ਵਾਰੀ ਇਸ ਗੁਰਦੁਆਰੇ ਦੇ ਥਾਂ ਤੇ ਕਬਜਾ ਕਰਨ ਖਾਤਰ ਇਸ ਨੂੰ ਢਾਹੁਣ ਦੀ ਕੋਸ਼ਿਸ਼ ਹੋਈ। ਪਰ ਹਰ ਵਾਰੀ ਕਾਬਜ ਬੀਮਾਰ ਹੋ ਕੇ ਮਰਿਆ। ਹੁਣ ਨਹੀ ਇਸ ਨੂੰ ਕੋਈ ਹੱਥ ਪਾਉਦਾ।



ਨਾਨਕਸਰ ਹੜੱਪਾ
(ਤਸਵੀਰ ਇਕਬਾਲ ਕੈਸਰ)

-----◆-----

ਕਮਾਲੀਆ ਤੋਂ ਫਿਰ ਗੁਰੂ ਸਾਹਿਬ ਚੜ੍ਹਦੇ ਪਾਸੇ ਨੂੰ ਹੋ ਰਾਵੀ ਦਰਿਆ ਪਾਰ ਕਰ ਗਏ ਤੇ ਹੜੱਪਾ ਥੇਹ ਤੇ ਆ ਆਸਣ ਕੀਤਾ। ਇਹ ਓਹੋ ਹੜੱਪਾ ਹੈ ਜਿਸ ਬਾਰੇ ਵਿਦਿਆਰਥੀਆਂ ਨੂੰ ਹੜੱਪਾ ਮੁਹਿੰਜੋਦੜੋ ਦੀਆਂ ਸਭਿਅੱਤਾ ਦੇ ਖੰਡਰਾਤ ਬਾਰੇ ਪੜ੍ਹਾਇਆ ਜਾਂਦਾ ਹੈ। ਇਥੇ ਵੀ ਗੁਰੂ ਸਾਹਿਬ ਦੀ ਯਾਦ ਵਿੱਚ ਇੱਕ ਛੋਟਾ ਜਿਹੀ ਪਰ ਖੂਬਸੂਰਤ ਇਮਾਰਤ ਮੌਜੂਦ ਹੈ।

ਹੜੱਪੇ ਤੋਂ ਕੋਈ 100 ਕਿ. ਮੀ. ਚਲ ਕੇ (ਅੱਜ ਦੇ ਕਸਬੇ ਚੀਚਾਵਤਨੀ ਤੇ ਮੀਆਂ ਚੁੰਨੂ) ਤੇ ਤੁਲੰਬੇ ਰਾਹੀ ਹੁੰਦੇ ਹੋਏ ਆਪਣੇ ਸ਼ਰਧਾਲੂ ਸੱਜਣ ਠੱਗ ਜੋ ਹੁਣ ਸ਼ੇਖ ਸੱਜਣ ਬਣ ਚੁੱਕਾ ਸੀ (ਵੇਖੋ ਸਫਾ 37) ਉਨੂੰ ਆ ਮਿਲੇ। ਸੱਜਣ ਦੀ ਸਲਾਹ ਅਨੁਸਾਰ ਫਿਰ ਗੁਰੂ ਸਾਹਿਬ ਸ਼ੋਰਕੋਟ ਅਤੇ ਝੰਗ ਜਿਹੇ ਕਸਬੇ ਪ੍ਰਚਾਰ ਖਾਤਰ ਫਿਰੇ।

ਪੈੜ ਸਫਾ
✚ ਮਨੀ ਸਿੰਘ- 605. ■ ਇਹ ਤਸਦੀਕ ਨਹੀ ਹੋ ਪਾਇਆ ਕਿ ਜਿਹੜੀ ਕਮਾਲੀਆ ਗੁਰਦੁਆਰੇ ਦੀ ਤਸਵੀਰ ਦਿੱਤੀ ਹੈ ਕੀ ਇਹੋ ਗੁਰੂ ਸਾਹਿਬ ਦੀ ਯਾਦਗਾਰ ਹੈ? ਉਂਜ ਇਮਾਰਤ ਤਾਂ ਪੁਰਾਣੀ ਹੀ ਨਜ਼ਰ ਆ ਰਹੀ ਹੈ।

ਸ਼ੋਰਕੋਟ ਵੀ ਕਿਸੇ ਵੇਲੇ ਪ੍ਰਸਿਧ ਰਿਆਸਤ ਸੀ। ਸਿਕੰਦਰ ਮਹਾਨ ਦੇ ਹਮਲੇ ਵੇਲੇ ਇਥੇ ਸਿਬੀਆ ਗੋਤ ਦੇ ਜੱਟਾਂ ਦਾ ਰਾਜ ਸੀ। ਕੁਝ ਲੋਕ ਇਸ ਕਸਬੇ ਨੂੰ ਰਮਾਇਣ ਨਾਲ ਵੀ ਜੋੜਦੇ ਹਨ। ਇਸ ਕਸਬੇ ਦਾ ਜਿਕਰ ਪ੍ਰਸਿੱਧ ਵਿਆਕਰਣ ਵਿਦਵਾਨ ਪਾਨੀਨੀ ਨੇ ਵੀ ਕੀਤਾ ਹੈ। ਇਥੇ ਗੁਰੂ ਸਾਹਿਬ ਨੇ ਕੀ ਕੀ ਕੌਤਕ ਕੀਤੇ ਅਸੀ ਅੱਜ ਲੱਭ ਨਹੀ ਪਾਏ।

-----◈-----

## ਜਦੋਂ ਮਰਦਾਨੇ ਨੂੰ ਗੁਰੂ ਗ੍ਰੰਥ ਸਾਹਿਬ ਬਾਰੇ ਸੁਫਨਾ ਆਇਆ•

ਗੁਰੂ ਸਾਹਿਬ ਜਦੋਂ ਵੀ ਮਰਦਾਨੇ ਨੂੰ ਰਾਗ ਦਾ ਨਾਂ ਲੈ ਰਬਾਬ ਦਾ ਇਸ਼ਾਰਾ ਕਰਦੇ ਮਰਦਾਨਾ ਕਈ ਵਾਰ ਆਪਣੇ ਆਪ ਬਾਣੀ ਪੜ੍ਹਨੀ ਸ਼ੁਰੂ ਕਰ ਦਿੰਦਾ। ਕਿਉਕਿ ਉਸ ਨੂੰ ਅਹਿਸਾਸ ਹੁੰਦਾ ਸੀ ਕਿ ਕਿਹੜੇ ਅਜਿਹੇ ਸਮਾਨਅੰਤਰ ਮੌਕੇ ਤੇ ਹੁਕਮ ਹੋਏ ਰਾਗ ਵਿੱਚ ਬਾਣੀ ਰਚੀ ਸੀ। ਇਸ ਤੇ ਗੁਰੂ ਸਾਹਿਬ ਨੇ ਬਹੁਤ ਪ੍ਰਸੰਨਤਾ ਜ਼ਾਹਿਰ ਕੀਤੀ। ਉਸ ਵੇਲੇ ਮਰਦਾਨੇ ਨੇ ਬੜੇ ਸਤਿਕਾਰ ਨਾਲ ਗੁਰੂ ਸਾਹਿਬ ਨੂੰ ਦੱਸਿਆ ਕਿ ਜਿੰਨੀ ਵੀ ਤੁਸੀ ਬਾਣੀ ਰਚੀ ਹੈ ਉਹ ਸਾਰੀ ਦੀ ਸਾਰੀ ਮੈਨੂੰ ਕੰਠ ਹੈ।

ਓਸੇ ਰਾਤ ਫਿਰ ਭਾਈ ਮਰਦਾਨੇ ਨੂੰ ਸੁਪਨਾ ਆਉਦਾ ਹੈ ਕਿ ਵੱਡੇ ਵੱਡੇ ਗ੍ਰੰਥ ਲੱਦੀ ਊਠਾਂ ਦਾ ਕਾਫਲਾ ਜਾ ਰਿਹਾ ਹੈ। ਮਰਦਾਨੇ ਨੇ ਊਠਾਂ ਵਾਲਿਆਂ ਕੋਲੋ ਪੁੱਛਿਆ ਕਿ ਇਹ ਕਹੇ ਗ੍ਰੰਥ ਨੇ? ਅੱਗੋ ਜਵਾਬ ਮਿਲਿਆ ਕਿ ਇਹ ਗੁਰੂ ਸਾਹਿਬਾਨ ਦੀ ਬਾਣੀ ਹੈ।

ਅਗਲੇ ਸਵੇਰੇ ਫਿਰ ਭਾਈ ਮਰਦਾਨੇ ਨੇ ਗੁਰੂ ਸਾਹਿਬ ਨੂੰ ਆਪਣੇ ਸੁਫਨੇ ਬਾਰੇ ਦੱਸਿਆ। ਮਰਦਾਨਾ ਕਹਿਣ ਲੱਗਾ ਕਿ ਬਾਬਾ ਜੀ ਬਾਣੀ ਦੇ ਮੈਂ ਜਿਹੜੇ ਵੱਡੇ ਵੱਡੇ ਗ੍ਰੰਥ ਵੇਖੇ ਨੇ ਉਹ ਤੁਹਾਡੀ ਕਿਹੜੀ ਬਾਣੀ ਹੈ ਜਿਸ ਦਾ ਮੈਨੂੰ ਗਿਆਨ ਨਹੀ?

ਗੁਰੂ ਸਾਹਿਬ ਨੇ ਮਰਦਾਨੇ ਨੂੰ ਦੱਸਿਆ ਕਿ ਭਵਿਖ ਵਿੱਚ ਆਉਣ ਵਾਲੇ ਮੇਰੇ ਜਾਨ ਨਸ਼ੀਨ ਭਾਵ ਗੁਰੂ ਸਾਹਿਬਾਨ ਦੇ ਰਾਂਹੀ ਹੋਰ ਬਹੁਤ ਬਾਣੀ ਪ੍ਰਗਟ ਹੋਵੇਗੀ। ਇਹ ਸੁਣ ਕੇ ਮਰਦਾਨਾ ਬਹੁਤ ਵਿਸਮਾਦਿਤ ਹੋਇਆ।

-----◈-----

## ਪੀਰਾਂ ਦੇ ਸ਼ਹਿਰ ਮੁਲਤਾਨ ਪਹੁੰਚਿਆ ਬਾਬਾ

ਗੁਰੂ ਸਾਹਿਬ ਵਾਪਸ ਤੁਲੰਬੇ ਵਾਲੇ 'ਸੇਖ ਸੱਜਣ' ਦੇ ਘਰ ਆਏ ਤੇ ਓਥੋਂ ਕਬੀਰਵਾਲਾ ਹੁੰਦੇ ਹੋਏ ਮੁਲਤਾਨ ਪਹੁੰਚੇ।

ਜਿਵੇ ਪੂਰਬ ਵਿੱਚ ਬਨਾਰਸ ਸ਼ਹਿਰ ਪੁਰਾਣਾ ਹੈ ਓਸੇ ਤਰਾਂ ਪੱਛਮ ਵਿੱਚ ਮੁਲਤਾਨ ਸ਼ਹਿਰ ਵੀ ਬਹੁਤ ਪੁਰਾਣਾ ਹੈ। ਭਾਰਤੀ ਇਤਹਾਸ ਦਾ ਤਾਂ ਛੱਡੋ ਇਹ ਸ਼ਹਿਰ ਬਾਦਸ਼ਾਹ ਸਿਕੰਦਰ (326 ਈ. ਪੂ.) ਦੇ ਹਮਲੇ ਵੇਲੇ ਵੀ ਜੋਬਨ ਤੇ ਸੀ। ਚੀਨੀ ਯਾਤਰੀ ਜ਼ੁਆਂਗਜ਼ੈਂਗ (ਹਿਊਨ ਸਾਂਗ) ਨੇ ਵੀ 640 ਈ ਵਿੱਚ ਮੁਲਤਾਨ ਦੇ ਦਰਸ਼ਨ ਕੀਤੇ। ਪ੍ਰਦੇਸੀ ਯਾਤਰੂਆਂ ਵਲੋ ਲਿਖੇ ਗਏ ਭਾਰਤ ਬਾਰੇ ਲੇਖਾਂ ਵਿਚੋਂ ਸਭ ਤੋਂ ਵਧੀਆ ਅਲਬਿਰੂਨੀ ਦੀ ਕਿਤਾਬ ਉਲ ਹਿੰਦ ਹੈ। ਬਰੂਨੀ ਨੇ ਵੀ ਮੁਲਤਾਨ ਬਾਰੇ ਬਹੁਤ ਵਿਸਥਾਰ ਨਾਲ ਲਿਖਿਆ ਹੈ। ਇਥੋਂ ਦੇ ਸੂਰਜ ਮੰਦਰ ਦੀ ਸ਼ਾਨ ਬਾਰੇ ਬਿਆਨ ਹਨ। ਪੰਜਾਬ



ਮੁਲਤਾਨ ਦੇ ਸੂਰਜ ਮੰਦਰ ਦੀ ਨੀਂਹ। ਇੱਟਾਂ ਦੇ ਨਾਪ ਵਲ ਗੌਰ ਕੀਤਾ ਜਾਵੇ। ਹੇਠਾਂ ਸਾਫ ਤੌਰ ਤੇ ਉਹ ਵੱਡੀ ਇੱਟ (12x9x3") ਨਜਰ ਆ ਰਹੀ ਹੈ ਜੋ 1500-2000 ਸਾਲ ਪਹਿਲਾਂ ਜਾਂ ਕ੍ਰਿਸ਼ਨ ਕਾਲ ਵਿਚ ਵਰਤੀ ਜਾਂਦੀ ਸੀ।

ਦੇ ਮੱਲ੍ਹੀ ਜੱਟ ਵੀ ਮੂਲ ਵਿੱਚ ਮੁਲਤਾਨ ਦੇ ਹੀ ਸ਼ਾਸਕ ਸਨ। ਅੱਜ ਤੋਂ 1000 ਸਾਲ ਪਹਿਲਾਂ ਹੀ ਇਥੇ ਇਸਲਾਮ ਦਾ ਬੋਲ ਬਾਲਾ ਹੋ ਗਿਆ ਸੀ। ਕਿਉਕਿ ਇਹ ਵੀ ਪ੍ਰਸਿਧ ਹਿੰਦੂ ਧਾਰਮਿਕ ਰਾਜਧਾਨੀ ਸੀ ਇਸ ਕਰਕੇ ਮੁਸਲਮਾਨ ਪ੍ਰਚਾਰਕਾਂ ਦੀ ਗਿਣਤੀ ਵੀ ਇਥੇ ਕੁਝ ਜਿਆਦਾ ਹੀ ਹੋ ਗਈ।

ਮੁਲਤਾਨ ਵੱਡਾ ਵਪਾਰਕ ਮਰਕਜ਼ ਸੀ ਜਿੱਥੇ ਪੱਛਮ ਤੇ ਪੂਰਬੀ ਵਪਾਰੀਆਂ ਦਾ ਮੇਲ ਹੁੰਦਾ ਸੀ। ਇਥੋਂ ਦੀ ਘੋੜਿਆਂ ਦੀ ਮੰਡੀ ਪੂਰੇ ਭਾਰਤ ਵਿੱਚ ਪ੍ਰਸਿਧ ਸੀ। ਇਹ ਪੱਛਮ ਵਿੱਚ ਏਨਾ ਪ੍ਰਸਿਧ ਸੀ ਕਿ ਅਜ਼ਰਬਾਏਜਾਨ ਦੇ ਸ਼ਹਿਰ ਬਾਕੂ ਵਿੱਚ ਅੱਜ ਵੀ 15 ਸਦੀ 'ਚ ਬਣਿਆ ਮੁਲਤਾਨੀ ਗੇਟ ਮੌਜੂਦ ਹੈ।


ਜਿਥੋਂ ਤੱਕ ਮਜ਼੍ਹਬ ਦਾ ਸਬੰਧ ਹੈ ਮੁਲਤਾਨ ਸੂਫੀ ਪੀਰਾਂ ਦਾ ਕੇਂਦਰ ਰਿਹਾ ਹੈ।

ਜਦੋਂ ਗੁਰੂ ਸਾਹਿਬ ਮੁਲਤਾਨ ਪਹੁੰਚੇ ਤਦ ਤੱਕ ਆਪ ਜੀ ਦੀ ਪ੍ਰਸਿਧੀ ਪੂਰੇ ਭਾਰਤੀ ਮਹਾਂਦੀਪ ਵਿੱਚ ਫੈਲ ਚੁੱਕੀ ਸੀ।

ਗੁਰੂ ਸਾਹਿਬ ਸਾਉਣ ਦੇ ਮਹੀਨੇ ਮੁਲਤਾਨ ਪਹੁੰਚੇ ਸਨ। ਓਦੋ ਇਥੋ ਦੇ ਪ੍ਰਸਿਧ ਪੀਰ ਸ਼ਮਸ ਤਬਰੇਜ ਉਰਫ ਸ਼ਮਸੁਦੀਨ ਸਬਜ਼ਵਾਰੀ (ਮੌਤ 1276 ਈ.) ਦਾ ਉਰਸ (ਮੇਲਾ) ਵੀ ਚਲ ਰਿਹਾ ਸੀ। ਗੁਰੂ ਸਾਹਿਬ ਨੇ ਸ਼ਮਸ ਦੇ ਮਕਬਰੇ ਤੋਂ ਥੋੜਾ ਹਟਵਾਂ ਡੇਰਾ ਲਾ ਲਿਆ। ਇਹ ਉਹੋ ਪੀਰ ਹੈ ਜਿਹਦੇ ਬਾਬਤ ਕਿਹਾ ਜਾਂਦਾ ਹੈ ਕਿ ਇਸ ਦੇ ਕਹਿਣ ਤੇ ਸੂਰਜ ਨੇੜੇ ਆ ਗਇਆ ਸੀ ਤੇ ਮੁਲਤਾਨ ਨੂੰ ਝੁਲਸਾ ਦਿੱਤਾ ਸੀ।

ਇਨਾਂ ਦਾ ਮੁਲਤਾਨ ਸ਼ਹਿਰ ਵਿੱਚ ਆਉਣਾ ਪੀਰਾਂ ਨੂੰ ਚੰਗਾ ਨਾਂ ਲੱਗਾ। ਉਨਾਂ ਦਾ ਸੋਚਣਾ ਸੀ ਕਿ ਅਸੀ ਤਾਂ ਪਹਿਲਾਂ ਹੀ ਲੋਕਾਂ ਨੂੰ ਇੱਕ ਅੱਲਾਹ/ਈਸ਼ਵਰ ਨਾਲ ਜੋੜ ਰਹੇ ਤਾਂ ਤੁਹਾਨੂੰ ਇਥੇ ਆਉਣ ਦੀ ਜਰੂਰਤ ਨਹੀ ਸੀ।

ਪੀਰਾਂ ਫਕੀਰਾਂ ਜੋਗੀਆਂ ਵਿੱਚ ਪ੍ਰੰਪਰਾ ਚਲੀ ਆਉਦੀ ਹੈ ਕਿ ਜਿੱਥੇ ਪਹਿਲਾਂ ਹੀ ਜਿਆਦਾ ਸਾਧੂ ਸੰਤ ਇਕੱਠੇ ਹੋਏ ਹੋਣ ਤੇ ਰਹਿਣ ਵਾਸਤੇ ਥਾਂ ਦੀ ਕਮੀ ਪੇਸ਼ੀ ਹੋਏ ਓਥੇ ਨਵੇ ਆਏ ਸਾਧੂ ਨੂੰ ਸ਼ੁਰੂ



ਮਕਬਰਾ ਸ਼ਮਸ ਤਬਰੇਜ ਇਸ ਦੇ ਲਾਗੇ ਹੀ ਗੁਰੂ ਸਾਹਿਬ ਨੇ ਡੇਰਾ ਜਮਾਇਆ ਸੀ। ਸਿੱਖ ਰਾਜ ਵੇਲੇ ਇਸ ਦੇ ਬਰਾਂਡੇ ਵਿਚ ਹੀ ਥੜਾ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ। ਅੰਗਰੇਜਾਂ ਨੇ 1850ਈ. ਵਿਚ ਇਥੋਂ ਹੁਕਮ ਕਰਕੇ ਗੁਰੂ ਗ੍ਰੰਥ ਸਾਹਿਬ ਚੁੱਕਵਾ ਦਿਤਾ ਸੀ। (ਕੈਸਰ-114)

ਵਿੱਚ ਹੀ ਦੁੱਧ ਦਾ ਗਲਾਸ ਓਤੋਂ ਤੱਕ ਭਰ ਕੇ ਵਰਤਾਇਆ ਜਾਂਦਾ ਹੈ। ਜਿਸ ਵਿੱਚ ਇਸ਼ਾਰਾ ਹੁੰਦਾ ਹੈ ਕਿ ਇਸ ਗਲਾਸ ਵਿੱਚ ਹੋਰ ਵਸਤੂ ਨਹੀ ਸਮਾ ਸਕਦੀ ਭਾਵ ਇਹ ਸਥਾਨ ਤਾਂ ਪਹਿਲਾਂ ਹੀ ਪੁਰ ਹੋਇਆ ਪਿਆ ਏ।

ਮੁਲਤਾਨ ਵਿਖੇ ਵੀ ਪੀਰਾਂ ਨੇ ਗੁਰੂ ਸਾਹਿਬ ਨਾਲ ਕੁਝ ਇਸ ਤਰਾਂ ਹੀ ਕੀਤਾ। ਜਦੋਂ ਦੁੱਧ ਦਾ ਭਰਿਆ ਕਟੋਰਾ ਆਇਆ ਤਾਂ ਗੁਰੂ ਸਾਹਿਬ ਨੇ ਲਾਗੋਂ ਇੱਕ ਫੁੱਲ ਤੋੜਿਆ ਤੇ ਉਹਦੀ ਇੱਕ ਪੰਖੜੀ ਦੁਧ ਦੇ ਉਤੇ ਰੱਖ ਕੇ ਦੁੱਧ ਵਾਪਸ ਕਰ ਦਿੱਤਾ। ਇਸ ਗੱਲ ਤੇ ਮਰਦਾਨੇ ਨੂੰ ਬੁਰਾ ਲੱਗਾ ਕਿਉਕਿ ਸਫਰ ਤੋਂ ਥੱਕੇ ਟੁੱਟੇ ਨੂੰ ਹੁਣ ਖੁਰਾਕ ਦੀ ਜਰੂਰਤ ਸੀ। ਗੁਰੂ ਸਾਹਿਬ ਨੇ ਮਰਦਾਨੇ ਨੂੰ ਸਮਝਾਇਆ ਕਿ ਭਾਈ ਇਹ ਦੁੱਧ ਜੋ ਆਇਆ ਸੀ ਇਹ ਇਸ਼ਾਰਾ ਸੀ ਕਿ ਇਥੇ ਤਾਂ ਪਹਿਲਾਂ ਹੀ ਪੀਰਾਂ ਫਕੀਰਾਂ ਦੀ ਬਹੁਤ ਗਹਿਮਾ ਗਹਿਮੀ ਹੈ। ਅਸੀ ਫੁੱਲ ਪੱਤੀ ਰੱਖ ਕੇ ਜਵਾਬ ਦਿੱਤਾ ਕਿ ਅਸੀ ਕੋਈ ਥਾਂ ਨਹੀ ਮੱਲਣ ਆਏ।

ਜਿਵੇਂ ਦੁੱਧ ਦਾ ਗਲਾਸ ਵਾਪਸ ਆਇਆ ਤੇ ਉੱਤੇ ਫੁੱਲ ਪੱਤੀ ਤਰਦੀ ਵੇਖੀ ਤਾਂ ਪੀਰ ਸਮਝ ਗਏ ਕਿ ਬਾਬਾ ਨਾਨਕ ਨੂੰ ਐਵੇ ਨਹੀ ਦੁਨੀਆ ਮੰਨਦੀ। ਪੀਰਾਂ ਨੇ ਗੁਰੂ ਸਾਹਿਬ ਨੂੰ ਸੱਦਿਆ ਤੇ ਲੰਗਰ ਪਾਣੀ ਛਕਾਉਣ ਤੋਂ ਬਾਦ ਮੁਲਤਾਨ ਦੇ ਚੋਟੀ ਦੇ ਪੀਰਾਂ ਦੀ ਮਜਲਸ ਹੋਈ। ਉਥੇ ਗੁਰੂ ਸਾਹਿਬ ਨਾਲ ਗੋਸ਼ਟੀ ਸ਼ੁਰੂ ਹੋਈ। ਕਿਉਕਿ ਗੁਰੂ ਸਾਹਿਬ ਇੱਕ ਨਿਰੰਕਾਰ ਅਕਾਲ ਪੁਰਖ ਦਾ ਪ੍ਰਚਾਰ ਦੁਨੀਆ ਭਰ ਵਿੱਚ ਕਰ ਰਹੇ ਸਨ ਤੇ ਉਹ ਉਮੀਦ ਕਰਦੇ ਸਨ ਕਿ ਮੁਲਤਾਨ ਜਿਹੇ ਸ਼ਹਿਰ ਦੇ ਮੁਸਲਮਾਨ ਮਜ਼੍ਹਬੀ ਲੋਕ ਉਨਾਂ ਦਾ ਸਤਿਕਾਰ ਕਰਨਗੇ। ਪਰ ਹੋਇਆ ਉਲਟਾ ਸੀ। ਇੱਕ ਤਰਾਂ ਨਾਲ ਈਰਖਾ ਜਿਤਾਈ ਸੀ।

ਗੁਰੂ ਸਾਹਿਬ ਨੇ ਉਨਾਂ ਨੂੰ ਕਿਹਾ ਕਿ ਮੈਂ ਇਥੋਂ ਦੀ ਲੰਘ ਰਿਹਾ ਸੀ ਤੇ ਸਿਰਫ ਮਹਾਂਪੁਰਖਾਂ ਦੇ ਦਰਸ਼ਨਾਂ ਲਈ ਆਇਆ ਹਾਂ। ਪੀਰਾਂ ਦੇ ਮਨਾਂ ਵਿੱਚ ਥੋੜਾ ਬਹੁਤਾ ਗਿਲਾ ਵੀ ਸੀ ਕਿਉਕਿ ਉਹ ਸਮਝਦੇ ਸਨ ਕਿ ਬਾਬਾ ਨਾਨਕ ਆਪਣੇ ਨਾਲ ਵਜੰਤ੍ਰੀ ਨੂੰ ਲਈ ਫਿਰ ਰਿਹਾ ਹੈ ਜਦੋਂ ਕਿ ਇਸਲਾਮ ਵਿੱਚ ਸੰਗੀਤ ਮਨਾ ਹੈ। ਗੁਰੂ ਸਾਹਿਬ ਨੇ ਸੰਗੀਤ ਦੇ ਹੱਕ ਵਿੱਚ ਅਜਿਹੀ ਦਲੀਲ ਦਿੱਤੀ ਕਿ ਪੀਰ ਫਿਰ ਲਾਜਵਾਬ ਹੋ ਗਏ।

ਲੌਢਾ ਵੇਲਾ ਸੀ ਜਦੋਂ ਗੱਲਾਂ ਰਾਗ ਨਾਦ ਸੰਗੀਤ ਤੇ ਚੱਲ ਰਹੀਆਂ ਸਨ। ਮਰਦਾਨੇ ਨੂੰ ਕਸ਼ਮੀਰ ਦੀ ਯਾਦ ਆ ਗਈ। ਓਥੇ ਫਿਰ ਮਜਲਸ ਵਿੱਚ ਜਿਵੇ ਮਰਦਾਨੇ ਦੀ ਰਬਾਬ ਬੋਲੀ ਸਾਰਿਆਂ ਦਾ ਧਿਆਨ ਉਸ ਵਲ ਹੋ ਗਿਆ। ਵਡਹੰਸ ਦੀ ਧੁੰਨ ਛੇੜੀ ਉਸ। ਸ਼ਬਦ ਉਸ ਨੇ ਪਹਿਲਾਂ ਕਈ ਵਾਰ ਗਾਇਆ ਸੀ। ਗੁਰੂ ਸਾਹਿਬ ਨੇ ਅਲਾਪ ਉੱਚਾ ਲੰਮਾ ਚੁੱਕ ਦਿੱਤਾ ਤੇ ਸ਼ਬਦ ਗਾਵਿਆ◈:-

**ਵਡਹੰਸੁ ਮਹਲਾ ੧ ਘਰੁ ੨ ॥ ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥ ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥**.....( ਵੇਖੋ ਸਫਾ 275)

ਸ਼ਬਦ ਸੁਣ ਕੇ ਸਾਰੇ ਪੀਰ ਵਾਹ! ਵਾਹ!! ਬਾਬਾ ਨਾਨਕ ਕਰ ਉਠੇ। ਹਰ ਕਿਸੇ ਦੀ ਇਛਾ ਸੀ ਕਿ ਅਜਿਹਾ ਪਹੁੰਚਿਆ ਦਰਵੇਸ਼ ਮੁਸਲਮਾਨ ਹੋਣਾ ਚਾਹੀਦੈ।

-----◈-----

ਮੁਲਤਾਨ

## ਪੀਰ ਨੇ ਪੁੱਛਿਆ ਤੱਪ ਤੋਂ ਬਿਨਾਂ ਵੀ ਕੋਈ ਸਾਧਨ ਹੈਗਾ ਜਿਸ ਨਾਲ ਮਨ ਦੀਆਂ ਵਾਸ਼ਨਾਵਾਂ ਦਾ ਨਾਸ ਹੋ ਸਕੇ ○

ਇਕ ਪੀਰ ਨੇ ਇੱਕ ਤਰਾਂ ਨਾਲ ਇਕਬਾਲ ਕੀਤਾ ਕਿ ਮੈਂ ਜਿੰਦਗੀ ਵਿੱਚ ਤੱਪ ਖੂਬ ਕੀਤਾ ਹੈ ਪਰ ਮਨ ਦੀਆਂ ਵਾਸ਼ਨਾਵਾਂ ਨਹੀ ਘਟੀਆਂ। ਨਿਮ੍ਰਤਾ ਨਾਲ ਪੁੱਛਣ ਲੱਗਾ ਕਿ ਕੋਈ ਅਜਿਹਾ ਰਾਹ ਹੈਗਾ ਜਿਸ ਨਾਲ ਵਾਸ਼ਨਾਵਾਂ (ਕਾਮ, ਮੋਹ, ਹੰਕਾਰ ਆਦਿ) ਵੱਸ ਵਿੱਚ ਆ ਜਾਣ। ਗੁਰੂ ਸਾਹਿਬ ਨੇ ਉਤਰ ਦਿੱਤਾ ਕਿ ਬਿਨਾਂ ਗਿਆਨ ਦੇ ਇਨਾਂ ਤੋਂ ਛੁਟਕਾਰਾ ਨਹੀ ਮਿਲ ਸਕਦਾ। ਗੁਰ ਸ਼ਬਦ ਰਾਂਹੀ ਹੀ ਇਹ ਵੱਸ ਵਿੱਚ ਆਉਦੇ ਨੇ। (ਵਿਸਥਾਰ ਲਈ ਵੇਖੋ ਸਫਾ 123) ਪੀਰ ਪੁੱਛਿਆ ਉਹ ਕਿਹੜਾ ਗਿਆਨ ਹੈ? ਗੁਰੂ ਸਾਹਿਬ ਨੇ ਕਿਹਾ ਸੱਚ ਤੇ ਝੂਠ ਨੂੰ ਸਮਝਣਾ। ਹਊਮੇ ਤੇ ਨਾਮ ਨੂੰ

ਪੈੜ ਸਫਾ

◆ ਬੀ:40-156, ○ ਮਨੀ ਸਿੰਘ- 601, ◈ ਸੋਢੀ -419

ਸੋ ਇਹ ਇੱਕ ਤਰਾਂ ਨਾਲ ਤਸਦੀਕ ਹੋ ਜਾਂਦਾ ਹੈ ਕਿ ਮੱਕੇ ਦੀ ਉਦਾਸੀ ਤੇ ਜਾਂਦਿਆ ਬਰਸਾਤ ਦੇ ਦਿਨਾਂ ਵਿਚ ਗੁਰੂ ਸਾਹਿਬ ਮੁਲਤਾਨ ਸਨ। ਇਸ ਦੇ ਦੋਹਰੇ ਦੋਹਰੇ ਸਬੂਤ ਮਿਲਦੇ ਹਨ। ਇੱਕ ਤਾਂ ਜੂਨ ਵੇਲੇ ਉਰਸ ਤੇ ਦੂਸਰਾ ਸ਼ਬਦ ਤੇ ਸਬਦ ਵੀ ਫਿਰ ਸਰਾਇਕੀ ਬੋਲੀ ਭਾਵ ਮੁਲਤਾਨੀ ਵਿਚ।

ਗੋਸ਼ਟੀ-48 ਅਨੁਸਾਰ ਗੁਰੂ ਸਾਹਿਬ ਵੇਲੇ ਮੱਕੇ ਦਾ ਹੱਜ ਚੇਤਰ ਮਹੀਨੇ (ਮਾਰਚ/ਅਪਰੈਲ) ਆਇਆ ਸੀ। (ਦਰ ਅਸਲ ਜਦੋਂ ਗੋਸ਼ਟਿ ਲਿਖੀ ਗਈ ਸੀ ਉਹਨੀ ਸਾਲੀਂ ਹੱਜ ਪੋਹ-ਮਾਘ ਦੇ ਮਹੀਨੇ ਹੁੰਦਾ ਸੀ।

ਸਮਝਣਾ। ਨਿਰੰਕਾਰ ਦੀ ਖੇਡ ਨੂੰ ਸਮਝਣਾ।

-----◆-----

ਮੁਲਤਾਨ

## ਫਿਰ ਇੱਕ ਪੀਰ ਪੁੱਛਦੈ ਅਸਲੀ ਦਰਵੇਸ਼ਾਂ ਦੇ ਕੀ ਲੱਛਣ ਹੁੰਦੇ ਨੇ⊙

ਕਿਉਕਿ ਗੁਰੂ ਸਾਹਿਬ ਦਾ ਪਹਿਰਾਵਾ ਅਲੌਕਿਕ ਜਿਹਾ ਹੀ ਹੁੰਦਾ ਸੀ। ਸਾਧੂ ਫਕੀਰ ਸਗੋਂ ਸ਼ੁਰੂ 'ਚ ਸ਼ੱਕ ਕਰਦੇ ਸਨ ਕਿ ਇਹ ਦਰਵੇਸ਼ ਹੈ ਵੀ ਕਿ ਨਹੀ। ਰੁਕਨੁਦੀਨ ਨਾਂ ਦੇ ਪੀਰ ਨੇ ਪੁੱਛ ਹੀ ਲਿਆ ਕਿ ਅਸਲੀ ਸੰਤ ਦੇ ਕੀ ਲੱਛਣ ਹੁੰਦੇ ਨੇ?

ਗੁਰੂ ਸਾਹਿਬ ਨੇ ਕਿਹਾ ਕਿ ਸੰਤ ਉਹ ਹੈ ਜੋ:

1. ਬਜੁਰਗਾਂ ਦਾ ਸੰਗ ਤੇ ਨੀਅਤ ਰਾਸ ਕਰੇ,
2. ਰੱਬ ਦੇ ਗੁਣ ਸੁਣ ਕੇ ਪ੍ਰਸੰਨ ਹੋਵੇ,
3. ਗੁਣਵਾਨ ਦੀ ਖਿਦਮਤ ਕਰੇ,
4. ਵਡਿਆਈ ਸਿਰਫ ਗੁਰੂ ਪੀਰ ਦੀ ਹੀ ਕਰੇ,
5. ਜਿਵੇ ਸਾਡੀ ਖੁਰਾਕ ਅਤੇ ਅਮਲ (ਨਸ਼ੇ) ਵਿੱਚ ਫਰਕ ਹੁੰਦਾ ਹੈ ਏਸੇ ਤਰਾਂ ਗੁਰੂ ਦੀ ਬੁੱਧ ਤੇ ਆਪਣੀ ਬੁੱਧ ਵਿੱਚ ਫਰਕ ਸਮਝੇ,
6. ਬਿਗਾਨੀ ਇਸਤ੍ਰੀਆਂ ਵਲ ਬੁਰੀ ਨਜ਼ਰ ਨਾਲ ਨਾਂ ਤੱਕੇ,
7. ਜਿਸ ਬੰਦੇ ਕਰਕੇ ਸਾਡੇ ਧਾਰਮਿਕ ਭਰੋਸੇ ਵਿੱਚ ਦੁਬਿਧਾ ਬਣੇ ਉਸ ਦਾ ਤਿਆਗ ਕਰੇ,
8. ਸੰਤਾਂ ਦਰਵੇਸ਼ਾਂ ਦੀ ਟਹਿਲ ਕਰੇ
9. ਆਪਣਾ ਮੰਨ ਨੀਵਾਂ ਰੱਖਣਾਂ। ਆਪਣੀ ਤਾਕਤ ਦਾ ਮੁਜਾਹਿਰਾ ਨਹੀ ਕਰਨਾਂ
10. ਬੁਰੇ ਕਰਮ ਕਰਨ ਵਾਲਿਆਂ ਤੋਂ ਕਿਨਾਰਾ ਕਰਨਾਂ

ਫਿਰ ਮਖਦੂਮ ਕਹਿਣ ਲੱਗਾ ਕਿ ਸਭ ਦਰਵੇਸ਼ ਮਾਇਆ ਦਾ ਖੰਡਣ ਕਰਦੇ ਹਨ ਇਹਨੂੰ ਝੂਠ ਮੰਨਦੇ ਹਨ ਪਰ ਮਾਇਆ ਬਿਨ ਵਿਵਹਾਰ ਨਹੀ ਹੋ ਸਕਦਾ। ਗੁਰੂ ਸਾਹਿਬ ਨੇ ਕਿਹਾ ਕਿ ਜੇਹੀ ਮਾਇਆ ਝੂਠੀ ਹੈ ਤੇਹਾ ਵਿਵਹਾਰ ਵੀ ਝੂਠਾ ਹੀ ਹੁੰਦਾ ਹੈ।

ਇਸ ਮੌਕੇ ਫਿਰ ਭਾਈ ਮਨੀ ਸਿੰਘ ਅਨੁਸਾਰ ਗੁਰੂ ਸਾਹਿਬ ਨੇ 'ਹਾਜਰਨਾਮਾ' ਉਚਾਰਿਆ। ✚

### 'ਹਾਜਰਨਾਮਾ'

- ਹਾਜਰਾ ਕਉ ਮਿਹਰ ਹੈ। ਬੇ-ਹਾਜਰਾ ਕੋ ਬੇ-ਮਿਹਰ ਹੈ।
- ਈਮਾਨ ਦੋਸਤ ਹੈ, ਬੇਇਮਾਨ ਕਾਫਰ ਹੈ।
- ਗੁਮਾਨ ਲਾਨਤੀ ਹੈ।
- ਪਸਗੈਬਤ ਕਾ ਮੂੰਹ ਕਾਲਾ ਹੈ, ਦਿਆਨਤਦਾਰ ਸੁਰਖ ਹੈ।
- ਅਕ੍ਰਿਤਘਣ ਜ਼ਰਦਰੂਹ ਹੈ।
- ਦਰੋਗ ਦੋਜ਼ਖ ਹੈ, ਸੱਚ ਬਹਿਸ਼ਤ ਹੈ।
- ਹਿਰਸੀ ਫਿਰਆਉਨ ਹੈ, ਬੇ ਹਿਰਸੀ ਅਉਲੀਆ ਹੈ।
- ਇਲਮ ਹਲੀਮੀ ਹੈ, ਤਵੱਜਾ ਬੁਲੰਦੀ ਹੈ।
- ਫਕੀਰੀ ਸਬੂਰੀ ਹੈ, ਨਸਬੂਰੀ ਮਕਰੂ ਹੈ।
- ਜ਼ੋਰ ਜ਼ੁਲਮ ਹੈ, ਬੇ ਜ਼ੋਰ ਪਾਕ ਹੈ।
- ਦੁਆਇ ਦੌਲਤ ਹੈ, ਬਦ-ਦੁਆਇ ਕਹਰ ਹੈ।
- ਇਨਸਾਫ ਸਾਫ ਹੈ। ਚੋਰੀ ਲਾਲਚ ਹੈ। ਜਾਰੀ ਪਲੀਤੀ ਹੈ।
- ਸਿਫਤਿ ਉਜੂ ਹੈ, ਬੇ ਸਿਫਤ ਨਾਪਾਕ ਹੈ। ਬਾਂਗ ਬਲੇਲ ਹੈ।
- ਕਰਾਮਾਤ ਕੁਦਰਤ ਹੈ।
- ਰਾਹ ਪੀਰਾ ਹੈ, ਬੇ-ਰਾਹ ਬੇ-ਪੀਰਾਂ ਹੈ।
- ਦਰਦਵੰਦ ਦਰਵੇਸ਼ ਹੈ, ਬੇਦਰਦ ਕਸਾਈ ਹੈ।
- ਰੋਜ਼ੀ ਬਖਸ਼ ਰਹੀਮ ਹੈ।
- ਤੇਗ ਮਰਦਾਂ ਹੈ, ਅਦਲ ਪਾਤਸ਼ਾਹਾਂ ਹੈ।

⊙ ਮਨੀ ਸਿੰਘ- 601

**✚ ਹਾਜਰਨਾਮੇ** ਨੂੰ ਜਨਮਸਾਖੀਆਂ ਸਮੇਤ ਭਾਈ ਮਨੀ ਸਿੰਘ ਅਤੇ ਗਿਆਨੀ-242 ਨੇ ਵੀ ਗੁਰੂ ਸਾਹਿਬ ਕ੍ਰਿਤ ਮੰਨਿਆ ਹੈ। ਇਹ ਮੱਕਾ ਮੱਦੀਨੇ ਦੀ ਗੋਸ਼ਟਿ ਵਿਚ ਵੀ ਆਉਦਾ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਵੇਲੇ ਪੰਚਮ ਪਾਤਸ਼ਾਹ ਨੇ ਇਸ ਨੂੰ ਗੁਰਬਾਣੀ ਵਿਚ ਨਹੀ ਸ਼ਾਮਲ ਕੀਤਾ। ਸੋ ਹੋ ਸਕਦਾ ਹੈ ਕਿ ਇਹ ਗੁਰੂ ਕ੍ਰਿਤ ਨਾਂ ਹੋਵੇ ਜਾਂ ਫਿਰ ਇਹ ਗੁਰਬਾਣੀ ਦੇ ਕਾਵਿ ਲਹਿਜੇ ਵਿਚ ਨਾਂ ਹੋਣ ਕਰਕੇ ਰੱਦ ਕੀਤਾ ਗਇਆ ਸੀ।

**'ਮੱਕੇ ਮਦੀਨੇ ਦੀ ਗੋਸ਼ਟ'**

ਇਸ ਵਿੱਚ ਗੁਰੂ ਨਾਨਕ ਪਾਤਸ਼ਾਹ ਦੀਆਂ ਅਰਬ ਦੇਸਾਂ ਵਿੱਚ ਹੋਈਆਂ ਗੋਸ਼ਟੀਆਂ ਸਾਂਭੀਆਂ ਪਈਆਂ ਹਨ। ਗਿਆਨੀ ਗਿਆਨ ਸਿੰਘ ਅਨੁਸਾਰ ਇਸ ਦਾ ਮੂਲ ਫਾਰਸੀ ਲਿਖਾਰੀ ਸੂਫੀ ਪੀਰ ਸੱਯਦ ਮੁਹੰਮਦ ਗੌਂਸ ਸੀ ਜਿਹੜਾ ਗੁਰੂ ਸਾਹਿਬ ਨੂੰ ਮੱਕੇ ਵਿਖੇ ਮਿਲਿਆ ਸੀ। ਇੱਕ ਅਰੋੜੇ ਸਿੱਖ ਭਾਈ ਭਾਨੇ ਨੇ ਇਨਾਂ ਨੂੰ ਗੁਰਮੁਖੀ ਤੇ ਟਾਕਰੀ ਵਿੱਚ ਉਲਥਾ ਦਿੱਤਾ ਸੀ। ਗਿਆਨੀ ਜੀ ਨੇ ਇਸ ਗੋਸ਼ਟੀ ਦਾ ਇੱਕ ਪੁਰਾਣਾ ਉਤਾਰਾ ਹਜ਼ਾਰੇ ਦੇ ਭਾਈ ਬਾਵਾ ਸ਼ਾਮ ਪ੍ਰਕਾਸ਼ ਕੋਲ ਵੇਖਿਆ ਸੀ। ਤ੍ਰਿਲੋਚਨ ਸਿੰਘ ਅਨੁਸਾਰ ਭਾਈ ਮਨੀ ਸਿੰਘ ਨੇ ਵੀ ਮੱਕੇ ਦੀ ਗੋਸ਼ਟੀ ਦਾ ਹਵਾਲਾ ਦਿੱਤਾ ਹੈ।

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਇਹ ਰਚਨਾ ਕਿਸੇ ਵੀ ਤਰਾਂ ਅਕਬਰ ਬਾਦਸ਼ਾਹ ਦੇ ਬਾਦ ਦੀ ਹੈ। ਖੁਸ਼ਕਿਸਮਤੀ ਨਾਲ ਇਸ ਦਾ ਰਚਨਕਾਲ 1614 ਈ ਇਸ ਦੀ ਅਬਾਰਤ ਵਿਚੋਂ ਹੀ ਲੱਭਿਆ ਜਾ ਸਕਦਾ। ਜਿਸ ਕਾਰਨ ਇਹ ਬਹੁਤ ਹੀ ਮਹੱਤਵਪੂਰਨ ਦਸਤਾਵੇਜ ਬਣ ਜਾਂਦਾ ਹੈ। ਨਾਭਾ ਲਿਖਦੇ ਹਨ ਕਿ ਇਸ ਦਾ ਕਰਤਾ ਇਸਲਾਮ ਮੱਤ ਦਾ ਚੰਗਾ ਗਿਆਤਾ ਲਗਦਾ ਹੈ।

ਪਰ ਕਰਤਾ ਕੱਟੜ ਸ਼ਾਕਾਹਾਰੀ ਹੋਣ ਕਰਕੇ ਮਾਸ ਖਾਣ ਦੇ ਮਸਲੇ ਤੇ ਆ ਕੇ ਗੁਰਮਤ ਸਿਧਾਂਤ ਦੇ ਉਲਟ ਚਲਾ ਜਾਂਦਾ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਮੱਕੇ ਮਦੀਨੇ ਦੀ ਗੋਸ਼ਟਿ ਪ੍ਰਕਾਸ਼ਤ ਕੀਤੀ ਹੈ ਪਰ ਇਸ ਦੇ ਸੰਪਾਦਕ ਡਾ. ਕੁਲਵੰਤ ਸਿੰਘ ਕੋਲੋ ਕਈ ਤਰੁੱਟੀਆਂ ਰਹਿ ਗਈਆ ਹਨ। ਮਿਸਾਲ ਦੇ ਤੌਰ ਕੁਲਵੰਤ ਲਿਖਦਾ ਹੈ ਕਿ "ਇਸ ਗੋਸ਼ਟਿ ਦੀ ਕੋਈ ਐਸੀ ਪ੍ਰਮਾਣਿਕ ਹੱਥ ਲਿਖਤ ਨਹੀ ਮਿਲਦੀ ਜਿਸ ਦੇ ਆਧਾਰ ਤੇ ਇਸ ਦੇ ਰਚਨਾ ਕਾਲ ਬਾਰੇ ਕਿਸੇ ਨਤੀਜੇ ਤੇ ਪਹੁੰਚਿਆ ਜਾਵੇ।" ਹਾਲਾਂ ਕਿ ਇਸ ਦੀ ਅਬਾਰਤ ਦੇ ਵਿੱਚ ਹੀ ਸਪੱਸ਼ਟ ਸੰਕੇਤ ਮਿਲ ਜਾਂਦਾ ਹੈ ਕਿ ਇਹ 1614 ਈ. ਦੀ ਰਚਨਾ ਹੈ। ਕਿਉਕਿ ਗੋਸ਼ਟਿ ਵਿੱਚ ਆਉਦਾ ਹੈ:-

ਨਾਨਕ ਆਖੇ ਰੁਕਨਦੀਨ ਕਿਓ ਭੁਲਿਓ ਮਨਮਾਹਿ॥ ਪੈਗੰਬਰ ਆਖੀਰ ਦਾ ਭਇਓ ਮੁਹੰਮਦ ਨਾਹਿ॥ ਨੌ ਸੌ ਬਿਆਸੀ ਉਸ ਨੂੰ ਗੁਜਰੇ ਹੋਏ ਸਾਲ॥ ਕਈ ਪੈਗੰਬਰ ਓਸ ਦੇ ਪਿੱਛੇ ਕਰੇ ਅਕਾਲ॥

ਫਿਰ ਪੁਰਾਤਨ ਜਨਮ ਸਾਖੀ, ਬੀ- 40 ਅਤੇ ਬਾਲਾ ਜਨਮਸਾਖੀ ਨੇ ਵੀ ਗੋਸ਼ਟਿ ਵਿਚੋਂ ਕੁਝ ਰਚਨਾਵਾਂ ਅਪਣਾਈਆਂ ਨੇ। ਦੁੱਖ ਹੁੰਦਾ ਹੈ, ਏਡੇ ਮਹੱਤਵਪੂਰਨ ਦਸਤਾਵੇਜ ਨੂੰ ਪੰਜਾਬੀ ਯੂਨੀਵਰਸਿਟੀ ਨੇ ਕੁਝ ਲਾਪਰਵਾਹੀ ਨਾਲ ਛਾਪਿਆ ਹੈ। ਸ਼ਬਦ ਜੋੜਾਂ ਦੀਆਂ ਗਲਤੀਆਂ ਵੀ ਨਜਰ ਆਉਦੀਆਂ ਹਨ।

ਕਿਉਕਿ ਗੋਸ਼ਟਿ ਦੀ ਭਾਸ਼ਾ ਸਰਾਇਕੀ ਭਾਵ ਮੁਲਤਾਨ ਦੀ ਬੋਲੀ ਹੈ ਇਸ ਤੋਂ ਜ਼ਾਹਰ ਹੁੰਦਾ ਹੈ ਕਿ ਲਿਖਾਰੀ ਏਸੇ ਇਲਾਕੇ ਦਾ ਹੀ ਵਸਨੀਕ ਸੀ। ਕਿਉਕਿ ਹੱਜ ਤੋਂ ਜਾਣ ਤੋਂ ਪਹਿਲਾਂ ਗੁਰੂ ਸਾਹਿਬ ਕੁਝ ਸਮਾਂ ਮੁਲਤਾਨ ਰਹੇ ਤੇ ਹੋ ਸਕਦਾ ਹੈ ਕਿ ਮੁਲਤਾਨ ਇਲਾਕੇ ਦਾ ਹੀ ਕੋਈ ਹਾਜੀ ਇਸ ਦੇ ਲੇਖਕ ਦਾ ਸਰੋਤ ਬਣਿਆ ਹੋਵੇ।

**ਕਾਜੀ ਰੁਕਨੁਦੀਨ ਤੇ ਹੋਰ ਮੁਸਲਮਾਨਾਂ ਨਾਮ**- ਇਥੇ ਰੁਕਨੁਦੀਨ ਨੂੰ ਮੁਲਤਾਨ ਵਿਖੇ ਦਰਸਾਇਆ ਗਇਆ ਹੈ ਪਰ ਬਹੁਤੀ ਥਾਈ ਉਨੂੰ ਮੱਕੇ ਵਿਖਾਇਆ ਜਾਂਦਾ ਹੈ। ਦਰ ਅਸਲ ਜਨਮ ਸਾਖੀਆਂ ਸੁਣੀਆਂ ਸੁਣਾਈਆਂ ਗੱਲਾਂ ਤੇ ਅਧਾਰਤ ਹਨ। ਜਿਸ ਕਰਕੇ ਕਹਾਣੀ ਪੱਖ ਤਾਂ ਮੂਲ ਰੂਪ ਵਿੱਚ ਸਾਡੇ ਤੱਕ ਪਹੁੰਚ ਜਾਂਦਾ ਹੈ ਪਰ ਜਿਥੋਂ ਤੱਕ ਖਾਸ ਨਾਵਾਂ ਤੇ ਥਾਵਾਂ ਦੀ ਗੱਲ ਹੈ ਓਥੇ ਜਨਮ ਸਾਖੀਆਂ ਅਸਫਲ ਹਨ। ਕਿਉਕਿ ਖੁਦ ਜਨਮ ਸਾਖੀਆਂ ਦੇ ਲਿਖਾਰੀਆਂ ਨੂੰ ਵੀ ਇਹ ਨਾਂ ਨਹੀ ਸਨ ਮਿਲੇ ਇਸ ਕਰਕੇ ਉਨਾਂ ਅੱਟੇ ਸੱਟੇ ਨਾਂ ਦੇ ਕੇ ਕੰਮ ਸਾਰਿਆ ਹੈ। ਮਿਸਾਲ ਦੇ ਤੌਰ ਤੇ ਕਿਸੇ ਪੀਰ ਦੀ ਦਰਗਾਹ ਤੇ ਮਜਾਵਰ ਨਾਲ ਗੱਲ ਹੋਈ ਹੈ ਤਾਂ ਮਜਾਵਰ ਦਾ ਨਾਂ ਦੇਣ ਬਿਜਾਏ ਉਸ ਪੀਰ ਦਾ ਹੀ ਨਾਂ ਦੇ ਦਿੱਤਾ ਹੈ ਜਿਸ ਤੇ ਮਕਬਰੇ ਤੇ ਗੱਲ ਬਾਤ ਹੁੰਦੀ ਹੈ। ਇਹੋ ਕਾਰਨ ਹੈ ਜਨਮ ਸਾਖੀਆਂ ਵਿੱਚ ਕਈ ਅਜਿਹੇ ਪਾਤਰ ਹਨ ਜੋ ਗੁਰੂ ਸਾਹਿਬ ਤੋਂ ਸੈਕੜੇ ਵਰੇ ਪਹਿਲਾਂ ਹੋ ਚੁੱਕੇ ਹੁੰਦੇ ਹਨ। ਕੁਝ ਵੀ ਹੋਵੇ ਕਾਜੀ ਜਾਂ ਰੁਕਨੁਦੀਨ ਕੋਈ ਪੰਜਾਬੀ ਮੁਸਲਮਾਨ ਪੀਰ ਹੀ ਹੋਵੇਗਾ।

ਅਸੀ ਫਿਰ ਵੀ ਸਮਝਦੇ ਹਾਂ ਕਿ ਜਨਮ ਸਾਖੀ ਕਰਤਾਵਾਂ ਦੀ ਇਹ ਵੱਡੀ ਦੇਣ ਹੈ ਜੋ ਸਾਖੀਆਂ ਸਾਡੇ ਤੱਕ ਪਹੁੰਚੀਆਂ ਹਨ। ਬਾਕੀ ਇਹ ਹੁਣ ਇਤਹਾਸਕਾਰਾਂ ਦਾ ਫਰਜ ਬਣਦਾ ਹੈ ਕਿ ਅਸਲੀ ਪਾਤਰਾਂ ਦੇ ਨਾਂ ਖੋਜ ਲੈਣ।

- ਇਤਨੀਆਂ ਟੋਲਾਂ ਜੋ ਜਾਣ ਜਣਾਵੇ। ਨਾਨਕ ਦਾਨਸਵੰਦੁ ਕਹਾਵੇ॥ ▫

ਪੀਰਾਂ ਫਕੀਰਾਂ ਨੇ ਗੁਰੂ ਸਾਹਿਬ ਤੇ ਸਵਾਲਾਂ ਦੀ ਵਾਛੜ ਜਾਰੀ ਰੱਖੀ। ਇਨਾਂ ਦਾ ਜਿਆਦਾ ਮਜਮੂਨ ਫਕੀਰੀ ਬਾਬਤ ਹੀ ਸੀ।

ਪਰ ਬਾਬੇ ਅੱਗੇ ਕੱਟੜ ਮੌਲਾਣੀਆਂ ਦੀਆਂ ਸਭ ਦਲੀਲਾਂ ਫੇਲ ਸਨ। ਸਗੋਂ ਉਲਟਾ ਨੁਕਸਾਨ ਹੁੰਦਾ ਵੇਖ ਮੌਲਾਨਿਆਂ ਨੇ ਗੋਸ਼ਟੀ ਬੰਦ ਕਰ ਦਿੱਤੀ। (ਜਦੋਂ ਗੋਸ਼ਟੀ ਦੌਰਾਨ ਮੁਰਸ਼ਦ ਹਾਰ ਜਾਂਦਾ ਹੈ ਤਾਂ ਨਵੇਂ ਮੁਰੀਦ ਅਮੂਮਨ ਜਿੱਤੇ ਹੋਵੇ ਨਾਲ ਹੋ ਤੁਰਦੇ ਹਨ।)

-----◈-----

## ਬਾਬਾ ਜੀ ਕੋਈ ਮੁਕਾਮ ਬਣਾ ਕੇ ਬਹਿ ਜਾਓ – ਪੀਰ ਬਹਾਵਦੀ◈

ਬਹਾਉਦੀਨ ਜਕਰੀਆ ਦੀ ਮਜ਼ਾਰ ਤੇ ਬਾਬਾ

ਮੁਲਤਾਨ ਦੇ ਪ੍ਰਸਿੱਧ ਦਰਵੇਸ਼ ਬਹਾਉਦੀਨ ਜਕਰੀਆ (1170-1262 ਈ.) ਦੀ ਦਰਗਾਹ ਤੇ ਜਦੋਂ ਬਾਬਾ ਜੀ ਗਏ ਤਾਂ ਪੀਰ ਦੀ ਅੰਸ ਵਿਚੋਂ ਹੀ 9ਵੀ ਪੀੜੀ ਉਸ ਥਾਂ ਦਾ ਗੱਦੀ ਨਸ਼ੀਨ ਪੀਰ ਸੀ। ਬਾਬਾ ਜੀ ਦੇ ਦਰਸ਼ਨ ਕਰਕੇ ਪੀਰ ਨੇ ਖਾਸਾ ਚਾਅ ਜ਼ਾਹਿਰ ਕੀਤਾ। ਲੰਗਰ ਪਾਣੀ ਛੱਕਣ ਤੋਂ ਬਾਦ ਰੂਹਾਨੀਅਤ ਨਾਲ ਸਬੰਧਤ ਖੂਬ ਗੱਲਾਂ ਬਾਤਾਂ ਹੋਈਆਂ।

ਪੀਰ ਜੀ ਕਹਿਣ ਲੱਗੇ ਕਿ ਬਾਬਾ ਜੀ ਤੁਹਾਡੇ ਬਾਰੇ ਬਹੁਤ ਕੁਝ ਸੁਣਦੇ ਰਹੀਦਾ ਹੈ। ਅਕਸਰ ਸਾਧੂ ਮਹਾਤਮਾ ਤੁਹਾਡੇ ਬਾਰੇ ਗੱਲਾਂ ਕਰਦੇ ਰਹਿੰਦੇ ਨੇ ਕਿ ਬਾਬੇ ਨੂੰ ਫਲਾਨੇ ਸ਼ਹਿਰ ਦੇਖਿਆ ਢਿੱਮਕੇ ਰਾਹ ਦੇਖਿਆ। ਬਹੁਤ ਲੋਕਾਂ ਦਾ ਗਿੱਲਾ ਹੈ ਕਿ ਬਾਬਾ ਨਾਨਕ ਇੱਕ ਟਿਕਾਣਾ ਬਣਾ ਕੇ ਨਹੀ ਬਹਿੰਦਾ। ਫਿਰਦਾ ਹੀ ਰਹਿੰਦਾ ਹੈ। ਬਾਬਾ ਜੀ ਤੁਸੀ ਸਾਡੇ ਸਤਿਕਾਰ ਯੋਗ ਬਜੁਰਗ ਹੋ ਪਰ ਤੁਸੀ ਇੱਕ ਥਾਂ ਮੱਲ ਕੇ ਕਿਉ ਨਹੀ ਬਹਿ ਜਾਂਦੇ ਤਾਂ ਕਿ ਜੋ ਤੁਹਾਨੂੰ ਮਿਲਣਾ ਚਾਹੇ ਤਾਂ ਉਥੇ ਮਿਲ ਤਾਂ ਸਕੇ।



ਬਹਾਉਦੀਨ ਜਕਰੀਆ ਦੀ ਮਜ਼ਾਰ, ਮੁਲਤਾਨ

ਇਸ ਸਵਾਲ ਤੇ ਗੁਰੂ ਸਾਹਿਬ ਨੇ ਮਾਰੂ ਵਿੱਚ ਸ਼ਬਦ ਕਿਹਾ:-

ੴ ਸਤਿਗੁਰ ਪ੍ਰਸਾਦਿ ॥

ਮਾਰੂ ਕਾਫੀ ਮਹਲਾ ੧ ਘਰੁ ੨ ॥ ਆਵਉ ਵੰਞਉ ਡੁੰਮਣੀ ਕਿਤੀ ਮਿਤ੍ਰ ਕਰੇਉ ॥ ਸਾ ਧਨ ਢੋਈ ਨ ਲਹੈ ਵਾਢੀ ਕਿਉ ਧੀਰੇਉ ॥੧॥ ਮੈਡਾ ਮਨੁ ਰਤਾ ਆਪਨੜੇ ਪਿਰ ਨਾਲਿ ॥ ਹਉ ਘੋਲਿ ਘੁਮਾਈ ਖੰਨੀਐ ਕੀਤੀ ਹਿਕ ਭੋਰੀ ਨਦਰਿ ਨਿਹਾਲਿ ॥੧॥ ਰਹਾਉ ॥ ਪੇਈਅੜੈ ਡੋਹਾਗਣੀ ਸਾਹੁਰੜੈ ਕਿਉ ਜਾਉ ॥ ਮੈ ਗਲਿ ਅਉਗਣ ਮੁਠੜੀ ਬਿਨੁ ਪਿਰ ਝੂਰਿ ਮਰਾਉ ॥੨॥ ਪੇਈਅੜੈ ਪਿਰੁ ਸੰਮਲਾ ਸਾਹੁਰੜੈ ਘਰਿ ਵਾਸੁ ॥ ਸੁਖਿ ਸਵੰਧਿ ਸੋਹਾਗਣੀ ਪਿਰੁ ਪਾਇਆ ਗੁਣਤਾਸੁ ॥੩॥ ਲੇਫੁ ਨਿਹਾਲੀ ਪਟ ਕੀ ਕਾਪੜੁ ਅੰਗਿ ਬਣਾਇ ॥ ਪਿਰੁ ਮੁਤੀ ਡੋਹਾਗਣੀ ਤਿਨ ਡੁਖੀ ਰੈਣਿ ਵਿਹਾਇ ॥੪॥ ਕਿਤੀ ਚਖਉ ਸਾਡੜੇ ਕਿਤੀ ਵੇਸ ਕਰੇਉ ॥ ਪਿਰ ਬਿਨੁ ਜੋਬਨੁ ਬਾਦਿ ਗਇਅਮੁ ਵਾਢੀ ਝੂਰੇਦੀ ਝੂਰੇਉ ॥੫॥ ਸਚੇ ਸੰਦਾ ਸਦੜਾ ਸੁਣੀਐ ਗੁਰ ਵੀਚਾਰਿ ॥ ਸਚੇ ਸਚਾ ਬੈਹਣਾ ਨਦਰੀ ਨਦਰਿ ਪਿਆਰਿ ॥੬॥ ਗਿਆਨੀ ਅੰਜਨੁ ਸਚ ਕਾ ਡੇਖੈ ਡੇਖਣਹਾਰੁ ॥ ਗੁਰਮੁਖਿ ਬੂਝੈ ਜਾਣੀਐ ਹਉਮੈ ਗਰਬੁ ਨਿਵਾਰਿ ॥੭॥ ਤਉ ਭਾਵਨਿ ਤਉ ਜੇਹੀਆ ਮੂ ਜੇਹੀਆ ਕਿਤੀਆਹ ॥ ਨਾਨਕ ਨਾਹੁ ਨ ਵੀਛੁੜੈ ਤਿਨ ਸਚੈ ਰਤੜੀਆਹ ॥੮॥੧॥੯॥

ਸ਼ਬਦ ਵਿੱਚ ਓਨਾਂ ਨਿਰੰਕਾਰ ਨਾਲ ਮੇਲ ਦੀ ਡੂੰਘੀ ਇੱਛਾ ਜ਼ਾਹਿਰ ਕੀਤੀ। ਨਾਲ ਹੀ ਇਹ ਇਸ਼ਾਰਾ ਵੀ ਦਿੱਤਾ ਕਿ " ਮੈਡਾ ਮਨੁ ਰਤਾ ਆਪਨੜੇ ਪਿਰ ਨਾਲਿ ॥ "। ਇੱਕ ਤਰਾਂ ਨਾਲ ਉਨਾਂ ਦੱਸਿਆ ਕਿ ਨਿਰੰਕਾਰ ਦੇ ਭਾਣੇ ਅੰਦਰ ਉਹ ਫਿਰ ਰਹੇ ਨੇ।

ਯਾਦ ਰਹੇ ਇਸ ਵੇਲੇ ਤਾਂ ਉਨਾਂ ਮੁਕਾਮ (ਹੈਡ ਕਵਾਟਰ) ਤਾਂ ਕਰਤਾਰਪੁਰ ਨੂੰ ਬਣਾ ਲਿਆ ਸੀ। ਪਰ ਗੁਰੂ ਸਾਹਿਬ ਕੋਈ ਸੁਸਤ ਡੇਰੇਦਾਰ ਨਹੀ ਸਨ। ਉਹ ਤਾਂ ਅਕਾਲ ਪੁਰਖ ਨਿਰੰਕਾਰ ਦਾ ਥਾਂਈ ਥਾਂਈ ਹੋਕਾ ਦੇ ਰਹੇ ਸਨ ਕਿ ਲੋਕਾਂ ਉਸ ਨਿਰੰਕਾਰ ਨੂੰ ਮੰਨੋ ਜੋ ਅਜੂਨੀ ਹੈ ਅਤੇ ਬੇਅੰਤ ਹੈ।

-----◈-----

## "ਪੀਰ ਜੀ ਮੈਨੂੰ ਤਾਂ ਸਭ ਪਾਸੇ ਨਿਰੰਕਾਰ ਹੀ ਨਜਰ ਆਵਦਾ ਏ। ਕਿੰਨੂ ਮਾੜਾ ਤੇ ਕਿਹਨੂੰ ਚੰਗਾ ਆਖਾਂ?" ○

ਮੁਲਤਾਨ ਘੁੰਮਦੇ ਘੁੰਮਾਦੇ ਇੱਕ ਵਾਰ ਫਿਰ ਗੁਰੂ ਸਾਹਿਬ ਬਹਾਉਦੀਨ ਜਕਰੀਆ ਦੇ ਮਕਬਰੇ ਤੇ ਆ ਗਏ। ਅੱਗੇ ਪਤਾ ਲੱਗਾ ਕਿ ਉਥੋਂ ਦਾ ਗੱਦੀ

ਔਖੇ ਸ਼ਬਦ

▫ **ਗੁਮਾਨ**- ਹੰਕਾਰ ( ਆਪਣੇ ਕਿਸੇ ਗੁਣ ਦੇ ਸੰਕਲਪ ਦਾ ਹੰਕਾਰ। ਕਿ ਮੈਂ ਬੜਾ ਵਿਦਵਾਨ ਹਾਂ)।। **ਪਸਗੈਬਤ** - ਪਿੱਠ ਪਿੱਛੇ ਨਿੰਦਾ। **ਜ਼ਰਦਰੂਹ**- ਕਾਲੇ ਮੂੰਹ ਵਾਲਾ। ਸ਼ਰਮਿੰਦਾ। (ਉਂਜ ਜ਼ਰ ਦਾ ਮਤਲਬ ਪੀਲਾ ਹੁੰਦਾ ਹੈ) **ਦਰੋਗ** - ਠਾਣੇਦਾਰੀ ਝਾੜਨਾ। ਰੋਹਬ ਦਿਖਾਉਣਾ। **ਹਿਰਸੀ** - ਲਾਲਚੀ। **ਫਿਰਆਉਨ ਜਾਂ ਫਿਰਊਨ**- ਮਿਸਰ ਦੇ ਬਾਦਸ਼ਾਹ (ਇਥੇ ਅਰਥ ਬਦਲਾਖੋਰ ਹੈ) **ਇਲਮ** - ਗਿਆਨ। **ਤਵੱਜਾ** - ਧਿਆਨ ਲਾਉਣਾ। **ਸਬੂਰੀ** - ਸਬਰ। **ਉਜੂ** - ਮੂੰਹ ਹੱਥ ਧੋਣਾ। **ਬਲੇਲ**- ਦਵਾਈ , ਬਹੇੜਾ। **ਅਦਲ** - ਇਨਸਾਫ। **ਦਾਨਸਮੰਦ** - ਅਕਲਵਾਲਾ। **ਟੋਲਾਂ** - ਨੁਕਤੇ

◈ ਸੋਢੀ-434,

**ਕੌਣ ਹੈ ਪੀਰ ਬਹਾਵਦੀ?**- ਗੁਰੂ ਸਾਹਿਬ ਦੀ ਚੌਥੀ ਉਦਾਸੀ ਦੀਆਂ ਚੋਖੀਆਂ ਗੋਸਟੀਆਂ ਵਿੱਚ ਕਾਜੀ ਰੁਕਨੁਦੀਨ ਅਤੇ ਪੀਰ ਬਹਾਵਦੀ ਨਾਂ ਦੇ ਮੁਸਲਮਾਨ ਵਿਦਵਾਨ ਦਾ ਨਾਂ ਖੂਬ ਵੱਜਦਾ ਹੈ। ਇਥੇ ਇਹ ਸਪੱਸ਼ਟ ਕਰਨਾਂ ਬਣਦਾ ਹੈ ਕਿ ਅਮੂਮਨ ਜਨਮ ਸਾਖੀਆਂ ਵਿੱਚ ਕਿਸੇ ਫਿਰਕੇ ਦੇ ਉਤਰਾਧਿਕਾਰੀ (ਜਾਨਸ਼ੀਨ) ਦਾ ਨਾਂ ਦੇਣ ਦੀ ਬਿਜਾਏ ਉਸ ਫਿਰਕੇ ਦੇ ਮੁਖੀ ਦਾ ਨਾਂ ਹੀ ਦੇ ਦਿੱਤਾ ਗਇਆ ਹੈ। ਮਿਸਾਲ ਦੇ ਤੌਰ ਤੇ ਚਰਪੱਟ ਵਣੀ ਜਦੋਂ ਗੁਰੂ ਸਾਹਿਬ ਜਾਂਦੇ ਹਨ ਤੇ ਉਥੇ ਆਸ਼ਰਮ ਦੇ ਮਹੰਤ ਨਾਲ ਜਦੋਂ ਗੱਲ ਬਾਤ ਹੁੰਦੀ ਹੈ ਤਾਂ ਨਾਂ ਸਿੱਧਾ ਚਰਪੱਟ ਦਾ ਹੀ ਦੇ ਦਿੱਤਾ ਗਇਆ ਹੈ। ਜੇ ਕਿਤੇ ਕੋਈ ਆਸ਼ਰਮ ਗੋਰਖ ਦਾ ਹੈ ਤੇ ਮਹੰਤ ਜਿਸ ਨਾਲ ਗੁਰੂ ਸਾਹਿਬ ਦੀ ਗੱਲ ਬਾਤ ਹੁੰਦੀ ਤਾਂ ਉਸ ਦਾ ਨਾਂ ਦੇਣ ਦੀ ਬਿਜਾਏ ਸਿੱਧਾ ਗੋਰਖ ਹੀ ਲਿਖ ਦਿੱਤਾ ਗਿਆ।

ਦਰ ਅਸਲ ਜਨਮ ਸਾਖੀਆਂ ਦੇ ਲਿਖਾਰੀ ਸੁਣੀ ਸੁਣਾਈ ਗੱਲਾਂ ਦੇ ਅਧਾਰ ਤੇ ਕਹਾਣੀ ਲਿਖ ਰਹੇ ਹੁੰਦੇ ਨੇ ਅਤੇ ਅਮੂਮਨ ਓਨਾਂ ਦੇ ਸਰੋਤ ਪੜੇ ਲਿਖੇ ਵੀ ਨਹੀ ਹੁੰਦੇ ਜਿੰਨਾਂ ਨੂੰ ਨਾਂ ਯਾਦ ਰਹਿਣ। ਸੋ ਗੋਸ਼ਟੀਆਂ ਵਿੱਚ ਸਿੱਧਾ ਫਿਰਕੇ ਦੇ ਮੁੱਖੀ ਨਾਲ ਗਲਬਾਤ ਹੋਣੀ ਲਿਖ ਦਿੱਤਾ ਗਇਆ ਹੈ।

ਕਾਜੀ ਰੁਕਨੁਦੀਨ ਤੇ ਪੀਰ ਬਹਾਵਦੀ ਦੇ ਕੇਸ ਵਿੱਚ ਵੀ ਇਹੋ ਵਜਾ ਹੀ ਬਣਦੀ ਹੈ। ਦਰ ਅਸਲ ਇਹ ਮੁਲਤਾਨ ਦੇ ਪ੍ਰਸਿੱਧ ਪੀਰ ਸ਼ੇਖ ਬਹਾਉਦੀਨ ਜਕਰੀਆ ਦੇ ਖਾਨਦਾਨ ਵਿਚੋਂ ਕੋਈ ਪੀਰ ਸੀ ਜਿਸ ਦੀ ਸੰਗਤ ਵਿੱਚ ਗੁਰੂ ਸਾਹਿਬ ਮੱਕਾ ਜਾਂਦੇ ਨੇ। ਹਾਲਾਂ ਬਾਦ ਵਿੱਚ ਇਹ ਪੀਰ ਗੁਰੂ ਸਾਹਿਬ ਨੂੰ ਅੱਗੇ ਲਿਜਾਣ ਤੋਂ ਨਾਹ ਕਰ ਦਿੰਦਾ ਹੈ। ਪਰ ਮੱਕੇ ਵਿਖੇ ਜਦੋਂ ਇਹ ਪੀਰ ਗੁਰੂ ਸਾਹਿਬ ਨੂੰ ਪਹੁੰਚਿਆ ਹੋਇਆ ਪਾਉਦਾ ਹੈ ਤਾਂ ਫਿਰ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਜਾਂਦਾ ਹੈ। ਇਹੋ ਪੀਰ ਫਿਰ ਬਗਦਾਦ ਵੀ ਗੁਰੂ ਸਾਹਿਬ ਦੇ ਨਾਲ ਹੀ ਜਾਂਦਾ ਹੈ। ਕਿਉਕਿ ਬਹਾਉਦੀਨ ਜ਼ਕਰੀਆ ਖਾਨਦਾਨ ਦਾ ਹੀ ਸਾਹਿਬਜਾਦਾ ਰੁਕਨੁਦੀਨ ਅਬੁਲ ਫਤਹਿ ਉਰਫ ਰੁਕਨੇ ਆਲਮ ਵੀ ਆਪਣੀ ਜਿੰਦਗੀ ਵਿੱਚ ਵੱਡਾ ਮੁਕਾਮ ਹਾਸਲ ਕਰਦਾ ਹੈ।

ਸੋ ਗੁਰੂ ਨਾਨਕ ਦੇ ਸਾਥੀ ਪੀਰ ਨੂੰ ਕਿਤੇ ਪੀਰ ਬਹਾਵਦੀ ਅਤੇ ਕਿਤੇ ਕਾਜੀ ਜਾਂ ਪੀਰ ਰੁਕਨੁਦੀਨ ਲਿਖਿਆ ਗਿਆ।

ਇਹ ਪੀਰ ਗੁਰੂ ਸਾਹਿਬ ਦੇ ਨਾਲ ਹੀ ਬਗਦਾਦ ਤੋਂ ਪਰਤਦਾ ਹੈ ਜਦੋਂ ਮਰਦਾਨੇ ਦਾ ਅਕਾਲ ਚਲਾਣਾ ਹੋ ਜਾਂਦਾ ਹੈ।

ਨਸ਼ੀਨ ਚਿੱਲੇ (ਭਗਤੀ) ਤੇ ਬਿਰਾਜਮਾਨ ਹੈ। ਚਿੱਲਾ ਕਦੀ ਕਦੀ ਲੰਮਾਂ ਵੀ ਚਲਦਾ ਹੈ। ਮਜੌਰਾਂ ਨੇ ਬਾਬਾ ਜੀ ਨੂੰ ਲੰਗਰ ਪਾਣੀ ਪੁੱਛਿਆ। ਉਨਾਂ ਨੂੰ ਸ਼ੱਕ ਪਿਆ ਕਿ ਸ਼ਾਇਦ ਗੁਰੂ ਸਾਹਿਬ ਗੱਦੀ ਨਸ਼ੀਨ ਦੀ ਉਡੀਕ ਕੀਤੇ ਬਗੈਰ ਹੀ ਚਲੇ ਜਾਣਗੇ।

ਇਕ ਖਾਦਮ (ਸੇਵਾਦਾਰ) ਹੌਲੀ ਜਿਹੀ ਗੱਦੀ ਨਸ਼ੀਨ ਕੋਲ ਗਇਆ ਤੇ ਜਾ ਕੇ ਇਤਲਾਹ ਦਿੱਤੀ ਕਿ ਬਾਬਾ ਨਾਨਕ ਪਧਾਰੇ ਹੋਏ ਨੇ। ਪੀਰ ਸਾਹਿਬ ਨੇ ਖਾਦਮ ਨੂੰ ਸੁਚੇਤ ਕੀਤਾ ਕਿ ਵੇਖਣਾ ਕਿ ਕਿਤੇ ਬਾਬਾ ਜੀ ਚਲੇ ਨਾਂ ਜਾਣ। ਮੈਂ ਉਨਾਂ ਨੂੰ ਮਿਲਣਾ ਚਾਹੁੰਦਾ ਹਾਂ।ਖਾਦਮ ਗੁਰੂ ਸਾਹਿਬ ਕੋਲ ਆਇਆ। ਇਸ ਤੋਂ ਪਹਿਲਾਂ ਕਿ ਉਹ ਕੁਝ ਬੋਲਦਾ ਗੁਰੂ ਸਾਹਿਬ ਬੋਲ ਉਠੇ ਕਿ ਭਾਈ ਅਸੀ ਮਿਲੇ ਬਗੈਰ ਨਹੀ ਜਾਣਾ।ਖਾਦਮ ਹੈਰਾਨ ਸੀ ਕਿ ਬਾਬਾ ਜੀ ਨੂੰ ਕਿਵੇ ਪਤਾ ਲਗ ਗਇਆ ਕਿ ਸਾਡੀ ਕੀ ਗੱਲ ਬਾਤ ਹੋਈ।

ਕੁਝ ਦੇਰ ਬਾਦ ਪੀਰ ਜੀ ਵੀ ਆ ਗਏ। ਗੁਰੂ ਸਾਹਿਬ ਨੂੰ ਜੱਫੀ ਪਾ ਕੇ ਮਿਲੇ। ਗੱਲਾਂ ਬਾਤਾਂ ਸ਼ੁਰੂ ਹੋਈਆਂ। ਪੀਰ ਗੁਰੂ ਸਾਹਿਬ ਦਾ ਸ਼ੁਕਰੀਆ ਕਹਿ ਰਿਹਾ ਸੀ ਪਧਾਰਨ ਵਾਸਤੇ। ਪਰ ਗੁਰੂ ਜੀ ਨੇ ਕਿਹਾ ਮਤਲਬ ਤਾਂ ਮੈਨੂੰ ਸੀ। ਪੀਰ ਕਹਿੰਦਾ ਅਸੀ ਕਿਹੜੇ ਮਤਲਬ ਜੋਗੇ। ਗੁਰੂ ਸਾਹਿਬ ਨੇ ਕਿਹਾ ਕਿਉਕਿ ਸਾਹਿਬ ਨੂੰ ਮਿਲਿਆ ਸਾਹਿਬ ਯਾਦ ਆਂਵਦਾ ਹੈ। ਪੀਰ ਧੰਨ ਧੰਨ ਕਰ ਉਠਿਆ।

ਪੀਰ ਗੁਰੂ ਸਾਹਿਬ ਨੂੰ ਪੁੱਛਣ ਲੱਗ ਪਿਆ ਕਿ ਮੈਂ ਸੁਣਿਐ ਤੁਸੀ ਹਿੰਦੂ -ਮੁਸਲਮਾਨ ਨੂੰ ਇਕੋ ਅੱਖ ਨਾਲ ਹੀ ਵੇਖਦੇ ਹੋ?

ਸਾਹਿਬ ਨੇ ਗੁਰਮਤ ਦਾ ਸਿਧਾਂਤ ਪੀਰ ਨੂੰ ਸਮਝਾਇਆ ਕਿ ਹਰ ਜੀਅ ਨਿਰੰਕਾਰ ਦਾ ਸਰਗੁਣ ਰੂਪ ਹੈ। ਸੋ ਨਫਰਤ ਕਿਸ ਨਾਲ ਕੀਤੀ ਜਾਵੇ? ਪੀਰ ਕਹਿਣ ਲੱਗਾ ਉਹ ਪੱਥਰ ਪੂਜ, ਕਦੀ ਰੁੱਖਾਂ - ਦਰੱਖਤਾਂ ਅੱਗੇ ਮੱਥੇ ਰਗੜਦੇ ਹਨ ਉਨਾਂ ਦੀ ਤੇ ਮੁਸਲਮਾਨਾਂ ਦੀ ਬਰਾਬਰੀ ਕਿਵੇ ਹੋ ਗਈ? ਗੁਰੂ ਸਾਹਿਬ ਨੇ ਸਮਝਾਇਆ ਕਿ ਇਹ ਕਰਤੇ ਦੀ ਖੇਡ ਹੈ ਜਿਹੋ ਜਿਹੀ ਕਿਸੇ ਨੂੰ ਮੱਤ ਉਹ ਬਖਸ਼ਦਾ ਹੈ ਜੀਵ ਓਸੇ ਤਰਾਂ ਹੀ ਚਲਦਾ ਹੈ। ਕਰਤੇ ਦੇ ਖੇਲ ਬੜੇ ਅਲੌਕਿਕ ਨੇ। ਗੁਰੂ ਸਾਹਿਬ ਨੇ ਮਰਦਾਨੇ ਨੂੰ ਸੈਨਤ ਮਾਰੀ ਤੇ ਉਸ ਤਾਰ ਛੇੜ ਦਿੱਤੀ।

ਸਿਰੀਰਾਗੁ ਮਹਲਾ ੧ ਘਰੁ ਦੂਜਾ ੨ ॥ ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥ ...(ਦੇਖੋ ਪੰ. 211)

ਸ਼ਬਦ ਸੁਣ ਕੇ ਪੀਰ ਵੀ ਵੈਰਾਗ ਵਿੱਚ ਰੰਗਿਆ ਗਿਆ। ਅੱਥਰੂ ਵਹਿ ਤੁਰੇ। ਪੀਰ ਨੇ ਬਾਬੇ ਦੇ ਚਰਨ ਫੜ ਲਏ। ਬੋਲਿਆ "ਧੰਨ ਬਾਬਾ ਨਾਨਕ। ਜੇਹੋ ਜਿਹਾ ਸੁਣਿਆ ਸੀ ਉਸ ਤੋਂ ਵੱਧ ਵੇਖਿਆ।"

ਇਕ ਦੋ ਦਿਨ ਗੁਰੂ ਸਾਹਿਬ ਪੀਰ ਕੋਲ ਹੀ ਰਹੇ। ਪੀਰ ਨੇ ਗੁਰੂ ਸਾਹਿਬ ਨੂੰ ਮੁਲਤਾਨ ਦੀ ਅਮੀਰ ਮਜ਼ਬੀ ਵਿਰਾਸਤ ਬਾਰੇ ਵਾਕਫ ਕਰਵਾਉਣਾ ਚਾਹਿਆ ਤਾਂ ਗੁਰੂ ਨੇ ਕਿਹਾ ਕਿ ਠੀਕ ਹੈ ਮੈਨੂੰ ਦਿਖਾਓ ਕਿਥੇ ਹੈ ਇਤਹਾਸਕ ਸੂਰਜ ਮੰਦਰ।

-----◈-----

## ਗਲ ਲੱਗ ਲੱਗ ਰੋਂਦੀ, ਸੌਹਰੇ ਜਾ ਰਹੀ ਨੂੰ ਵੇਖ ਬਾਬੇ ਨੇ ਸ਼ਬਦ ਉਚਾਰਿਆ•

ਕਿਉਕਿ ਪੁਰਾਣੇ ਸਮਿਆਂ ਵਿੱਚ ਆਉਣ ਜਾਣ ਦੇ ਸਾਧਨ ਕਠਿਨ ਸਨ। ਇਸ ਕਰਕੇ ਵਿਛੜ ਰਹੇ ਸਾਕ ਸਬੰਧੀ ਜਦੋਂ ਗਲ ਲੱਗ ਲੱਗ ਮਿਲ ਰਹੇ ਹੁੰਦੇ ਸਨ ਤਾਂ ਮਾਨੋ ਇਹ ਕਹਿ ਰਹੇ ਹੁੰਦੇ ਸਨ ਕਿ ਦੁਬਾਰਾ ਪਤਾ ਨਹੀ ਮੇਲ ਹੋਣਾ ਕਿ ਨਹੀ। ਏਸੇ ਤਰਾਂ ਜਦੋਂ ਵਹੁਟੀ ਮੁਕਲਾਵੇ ਜਾਂਦੀ ਸੀ ਤਾਂ ਵੱਡੇ ਰਸਮੋ ਰਿਵਾਜ ਹੁੰਦੇ ਸਨ।

ਗੁਰੂ ਸਾਹਿਬ ਮੁਲਤਾਨ ਜਿੱਥੇ ਰੁਕੇ ਹੋਏ ਸਨ ਓਥੇ ਜਦੋਂ ਇਹ ਵਿਛੋੜੇ ਦਾ ਨਜਾਰਾ ਤੱਕਿਆ ਤਾਂ ਸਬਦ ਰਚਿਆ ਜਿਸ ਵਿੱਚ ਜੀਵ ਨੂੰ ਸਮਝਾਇਆ ਕਿ ਜਿੰਨਾਂ ਰਿਸਤਿਆਂ ਲਈ ਤੂੰ ਰੋ ਰਿਹਾ ਏ ਇਹ ਕੱਚੇ ਨੇ। ਇਹ ਤੰਦਾਂ ਟੁੱਟਣੀਆਂ ਹੀ ਟੁੱਟਣੀਆਂ ਹਨ: ਅੱਜ ਜਾਂ ਕੱਲ। ਸੱਚਾ ਰਿਸਤਾ ਜੇ ਬਣਾਉਣਾ ਈ ਤਾਂ ਨਿਰੰਕਾਰ ਨਾਲ ਬਣਾ। ਇਸ ਰਿਸਤੇ ਦਾ ਰੰਗ ਕਦੀ ਫਿੱਕਾ ਨਹੀ ਪੈਂਦਾ। ਇਸ ਰਿਸਤੇ ਦਾ ਵਿਚੋਲਾ ਭਾਵ ਗੁਰੂ ਤਾਂ ਦੁਹਾਈ ਦਿੰਦਾ ਰਹਿੰਦਾ ਕਿ ਆ ਜਾਓ ਜਿਸ ਨੇ ਸੱਚ ਦੇ ਜਹਾਜ ਤੇ ਚੜ੍ਹਨਾ ਹੈ ਤਾਂ।

ਮੁਲਤਾਨ ਵਿੱਚ ਗੁਰੂ ਸਾਹਿਬ ਨੇ ਇੱਕ ਵਾਰ ਫਿਰ ਦੁਹਰਾ ਦਿੱਤਾ ਕਿ ਅਸੀ ਕਿਸੇ ਚੱਜ ਦੇ ਨਹੀ ਤੇ ਸਾਨੂੰ ਕੋਈ ਮਾੜਾ ਨਜਰ ਨਹੀ ਆਉਦਾ।

ਮਾਰੂ ਮਹਲਾ ੧ ॥ ਨਾ ਭੈਣਾ ਭਰਜਾਈਆ ਨਾ ਸੇ ਸਸੁੜੀਆਹ ॥ ਸਚਾ ਸਾਕੁ ਨ ਤੁਟਈ ਗੁਰੁ ਮੇਲੇ ਸਹੀਆਹ ॥੧॥ ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ ॥ ਗੁਰ ਬਿਨੁ ਏਤਾ ਭਵਿ ਥਕੀ ਗੁਰਿ ਪਿਰੁ ਮੇਲਿਮੁ ਦਿਤਮੁ ਮਿਲਾਇ ॥੧॥ ਰਹਾਉ ॥ ਫੁਫੀ ਨਾਨੀ ਮਾਸੀਆ ਦੇਰ ਜੇਠਾਨੜੀਆਹ ॥ ਆਵਨਿ ਵੰਞਨਿ ਨਾ ਰਹਨਿ ਪੂਰ ਭਰੇ ਪਹੀਆਹ ॥੨॥ ਮਾਮੇ ਤੈ ਮਾਮਾਣੀਆ ਭਾਇਰ ਬਾਪ ਨ ਮਾਉ ॥ ਸਾਥ ਲਡੇ ਤਿਨ ਨਾਠੀਆ ਭੀੜ ਘਣੀ ਦਰੀਆਉ ॥੩॥ ਸਾਚਉ ਰੰਗਿ ਰੰਗਾਵਲੋ ਸਖੀ ਹਮਾਰੋ ਕੰਤੁ ॥ ਸਚਿ ਵਿਛੋੜਾ ਨਾ ਥੀਐ ਸੋ ਸਹੁ ਰੰਗਿ ਰਵੰਤੁ ॥੪॥ ਸਭੇ ਰੁਤੀ ਚੰਗੀਆ ਜਿਤੁ ਸਚੇ ਸਿਉ ਨੇਹੁ ॥ ਸਾ ਧਨ ਕੰਤੁ ਪਛਾਣਿਆ ਸੁਖਿ ਸੁਤੀ ਨਿਸਿ ਡੇਹੁ ॥੫॥ ਪਤਣਿ ਕੂਕੇ ਪਾਤਣੀ ਵੰਞਹੁ ਧ੍ਰੁਕਿ ਵਿਲਾੜਿ ॥ ਪਾਰਿ ਪਵੰਦੜੇ ਡਿਠੁ ਮੈ ਸਤਿਗੁਰ ਬੋਹਿਥਿ ਚਾੜਿ ॥੬॥ ਹਿਕਨੀ ਲਦਿਆ ਹਿਕਿ ਲਦਿ ਗਏ ਹਿਕਿ ਭਾਰੇ ਭਰ ਨਾਲਿ ॥ ਜਿਨੀ ਸਚੁ ਵਣੰਜਿਆ ਸੇ ਸਚੇ ਪ੍ਰਭ ਨਾਲਿ ॥੭॥ ਨਾ ਹਮ ਚੰਗੇ ਆਖੀਅਹ ਬੁਰਾ ਨ ਦਿਸੈ ਕੋਇ ॥ ਨਾਨਕ ਹਉਮੈ ਮਾਰੀਐ ਸਚੇ ਜੇਹੜਾ ਸੋਇ ॥੮॥੨॥੧੦॥

-----◈-----

## ਮੁਲਤਾਨ – ਹਿੰਦੂਆ ਪੁੱਛਿਆ ਬਾਬਾ ਤੂੰ ਕਿਹੜੇ ਫਿਰਕੇ ਦਾ ਸਾਧੂ ਐਂ?▫

ਗੁਰੂ ਸਾਹਿਬ ਨੇ ਮੁਲਤਾਨ ਦੇ ਸਾਰੇ ਇਤਹਾਸਿਕ ਮੰਦਰ ਵੇਖੇ। ਸਭ ਫਿਰਕੇ ਦੇ ਸਾਧੂਆਂ ਸੰਪਰਦਾਵਾਂ ਨੂੰ ਮਿਲਿਆ ਤੇ ਨਿਰੰਕਾਰ ਦੀ ਹੋਂਦ ਦਾ ਸੁਨੇਹਾ ਦਿੱਤਾ। ਇੱਕ ਥਾਂ ਕੁਝ ਲੋਕ ਬਾਬੇ ਕੋਲੋਂ ਬਾਰ ਬਾਰ ਪੁੱਛਣ ਬਾਬਾ ਜੀ ਤੁਸੀ ਕਿਹੜੀ ਸੰਪਰਦਾ ਦੇ ਹੋ। ਗੁਰੂ ਸਾਹਿਬ ਨੇ ਕਿਹਾ ਕਿ ਮੈਂ ਇੱਕ ਨਿਰੰਕਾਰ ਸਰਬਵਿਆਪਕ ਰੱਬ ਨੂੰ ਮੰਨਦਾ ਹਾਂ। ਮੈਨੂੰ ਕੋਈ ਇਹੋ ਜਿਹੀ ਸੰਪਰਦਾ ਮਿਲੇ ਜਿਹੜੀ ਅਕਾਲ ਪੁਰਖ ਨੂੰ ਮੰਨਦੀ ਹੋਵੇ ਤਾਂ ਮੈਂ ਉਸ ਨੂੰ ਡੰਡਾਉਤ ਬੰਦਨਾਂ ਕਰਾਂ।

ਤੁਸੀ ਸੰਪਰਦਾਵਾਂ ਦੀ ਗੱਲ ਕਰਦੇ ਹੋ ਵੱਡੀ ਸੰਪਰਦਾ ਸਿੱਧਾਂ ਜੋਗੀਆਂ ਦੀ ਹੈ ਜਿੰਨਾਂ ਦੀ ਸਾਰੀ ਦੌੜ ਰਿਧੀਆਂ ਸਿੱਧੀਆਂ ਹਾਸਲ ਕਰਕੇ ਲੋਕਾਂ ਨੂੰ ਭਰਮਾਉਣ ਦੀ ਹੈ। ਨਿਰਾ ਜੋਗੀਆਂ ਦਾ ਹੀ ਨਹੀ, ਆਹ ਮਾਤਾ ਦੇ ਭਗਤ ਅਤੇ ਰੂੜੀਆਂ ਤੋਂ ਚੁੱਕ ਚੁੱਕ ਲੀਰਾਂ

ਹੰਢਾਉਣ ਵਾਲੇ ਉਂਜ ਦੂਰ ਦੁਰਾਡੇ ਯਾਤਰਾਵਾਂ ਕਰਦੇ ਰਹਿੰਦੇ ਨੇ ਇੱਕ ਨਿਰੰਕਾਰ ਦੀ ਹੋਂਦ ਤੇ ਸਿਫਤ ਸਲਾਹ ਦੇ ਸਿਧਾਂਤ ਬਾਰੇ ਉਨਾਂ ਨੂੰ ਭੀ ਕੁਝ ਪਤਾ ਨਹੀ। ਏਹੋ ਹਾਲ ਤੱਪੀਆਂ, ਬ੍ਰਾਹਮਣਾਂ ਅਤੇ ਅਖੌਤੀ ਬ੍ਰਹਮਚਾਰੀਆਂ ਦਾ ਹੈ। ਭਾਈ ਮੈਂ ਤਾਂ ਲੋਕਾਈ ਨੂੰ ਨਾਮ ਦਾਨ ਇਸ਼ਨਾਨ ਨਾਲ ਜੋੜਦਾ ਹਾਂ।

ਗੁਰੂ ਸਾਹਿਬ ਨੇ ਇਸ ਮੌਕੇ ਸ਼ਬਦ ਰਚਿਆ:-

ਆਸਾ ਮਹਲਾ ੧ ॥ ਚਾਰੇ ਕੁੰਡਾ ਢੂਢੀਆ ਕੋ ਨੀਮ੍ਹੀ ਮੈਡਾ ॥ ਜੇ ਤੁਧੁ ਭਾਵੈ ਸਾਹਿਬਾ ਤੂ ਮੈ ਹਉ ਤੈਡਾ ॥੧॥ ਦਰੁ ਬੀਭਾ ਮੈ ਨੀਮ੍ਹਿ ਕੋ ਕੈ ਕਰੀ ਸਲਾਮੁ ॥ ਹਿਕੋ ਮੈਡਾ ਤੂ ਧਣੀ ਸਾਚਾ ਮੁਖਿ ਨਾਮੁ ॥੧॥ ਰਹਾਉ ॥ ਸਿਧਾ ਸੇਵਨਿ ਸਿਧ ਪੀਰ ਮਾਗਹਿ ਰਿਧਿ ਸਿਧਿ ॥ ਮੈ ਇਕੁ ਨਾਮੁ ਨ ਵੀਸਰੈ ਸਾਚੇ ਗੁਰ ਬੁਧਿ ॥੨॥ ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ ॥ ਗੁਰ ਕਾ ਸਬਦੁ ਨ ਚੀਨ੍ਹੀ ਤਤੁ ਸਾਰੁ ਨਿਰੰਤਰ ॥੩॥ ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ ॥ ਅੰਤਰਿ ਵਸਤੁ ਨ ਜਾਣਨ੍ਹੀ ਘਟਿ ਬ੍ਰਹਮੁ ਲੁਕਾਣਾ ॥੪॥ ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ ॥ ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ ॥੫॥ ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ ॥ ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ ॥੬॥ ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥ ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ ॥੭॥ ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਞਾਣੈ ॥ ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ ॥੮॥੧੪॥

ਮੁਲਤਾਨ ਵਿੱਚ ਬਹੁਤੇ ਵਸਨੀਕ ਤਾਂ ਮੁਸਲਮਾਨ ਬਣ ਚੁੱਕੇ ਸਨ, ਪਰ ਬਾਕੀ ਰਹਿੰਦੇ ਕੱਟੜ ਕਿਸਮ ਦੇ ਹਿੰਦੂ ਸਨ। ਉਹ ਇਹ ਸੁਣਨ ਨੂੰ ਤਿਆਰ ਨਹੀ ਸਨ ਕਿ ਕੋਈ ਹਿੰਦੂ ਫਿਰਕਿਆਂ ਤੋਂ ਬਾਹਰੀ ਗੱਲ ਹੋਵੇ। ਪਰ ਗੁਰੂ ਨਾਨਕ ਦੀ ਉਪਮਾ ਉਦੋਂ ਤੱਕ ਚੁਫੇਰੇ ਫੈਲ ਚੁੱਕੀ ਸੀ। ਇਸ ਕਰਕੇ ਗੁਰੂ ਸਾਹਿਬ ਦੀ ਆਮਦ ਦਾ ਵੀ ਸਵਾਗਤ ਸੀ।

ਸਵੇਰੇ ਫਿਰ ਸੰਗਤ ਜੁੜੀ ਤਾਂ ਉਨਾਂ ਵੀ ਇਹੋ ਸਵਾਲ ਕੀਤਾ ਕਿ ਬਾਬਾ ਜੀ ਕੀ ਤੁਸੀ ਜੋਗੀ ਹੋ? ਉਪਦੇਸ਼ ਚਲ ਰਿਹਾ ਸੀ ਕਿ ਹੁਣ ਭਾਈ ਮਰਦਾਨੇ ਨੇ ਸੂਹੀ ਰਾਗ ਵਿੱਚ ਅਲਾਪ ਲਾ ਦਿੱਤਾ ਤੇ ਗੁਰੂ ਸਾਹਿਬ ਨੇ ਸਬਦ ਗਾਵਿਆ:-

ਸੂਹੀ ਮਹਲਾ ੧ ॥ ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ ॥ ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ ॥੧॥ ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ ॥੧॥ ਰਹਾਉ ॥ ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁੋ ਖਾਇ ॥ ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥੨॥ ਤੈਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ ॥ ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ॥੩॥ ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ ॥ ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ ॥੪॥੫॥੭॥

-----◈-----

## "ਬਾਬਾ ਤੂੰ ਸਾਥੋਂ ਵੱਖਰਾ ਹੋ ਚਲ, ਆਪ ਤੇ ਤੂੰ ਮਰਨਾਂ ਹੈ ਨਾਲ ਸਾਨੂੰ ਵੀ ਮਰਵਾਏਗਾ।" ◆

ਮੁਲਤਾਨ ਤੋਂ ਫਿਰ 130 ਕਿ. ਮੀ. ਸਫਰ ਕਰਕੇ ਗੁਰੂ ਸਾਹਿਬ ਉੱਚ ਸ਼ਰੀਫ ਪਹੁੰਚੇ। ਪੀਰਾਂ ਵਿਚੋਂ ਜਿਹੜਾ ਪੀਰ ਗੁਰੂ ਸਾਹਿਬ ਦਾ ਯਾਰ ਸੀ (ਫਜ਼ਲਉਦੀਨ◈◈) ਉਸ ਦੇ ਮੁਕਾਮ ਤੇ ਗੁਰੂ ਸਾਹਿਬ ਪਹੁੰਚੇ। ਜਾਂਦਿਆਂ ਨੂੰ ਪਤਾ ਲੱਗਾ ਕਿ ਪੀਰ ਜੀ ਤਾਂ ਮੱਕੇ ਦੇ ਹੱਜ ਲਈ ਚਿਰੋਕਣੇ ਜਾ ਚੁੱਕੇ ਹਨ।

ਇਸ ਤੇ ਮਰਦਾਨੇ ਨੂੰ ਫਿਕਰ ਹੋਈ ਕਿ ਅਸੀ ਮੱਕੇ ਵਕਤ ਸਿਰ ਪਹੁੰਚ ਵੀ ਪਾਵਾਂਗੇ ਕਿ ਨਹੀ। ਫਿਰ ਸੇਵਾਦਾਰਾਂ ਨੇ ਸਮਝਾਇਆ ਕਿ ਜੇ ਤੁਸੀ ਖਰਚਾ ਕਰ ਸਕਦੇ ਹੋ ਤਾਂ ਜਹਾਜ ਰਾਂਹੀ ਸਿੱਧਾ ਹੀ ਅਰਬ ਸਾਗਰ ਥਾਂਣੀ ਜੱਦਾ ਦੀ ਬੰਦਰਗਾਹ ਤੇ ਪਹੁੰਚ ਸਕਦੇ ਹੋ।



ਹਾਜੀ ਗੁਰੂ ਸਾਹਿਬ ਨੂੰ ਕਹਿੰਦੇ ਨੇ ਕਿ ਤੂੰ ਸਾਥੋਂ ਵੱਖਰਾ ਹੋ ਕੇ ਚੱਲ। ਅਰਬ ਵਿਚ ਸਯੱਦਾਂ ਦਾ ਰਾਜ ਹੈ ਉਹ ਆਏ ਹਿੰਦੂ ਨੂੰ ਮਾਰ ਦਿੰਦੇ ਨੇ।

ਓਥੋ ਮੱਕਾ ਸਾਰਾ ਹੀ ਪੰਜ ਛੇ ਦਿਨ ਦਾ ਸਫਰ ਹੈ। ਉਨਾਂ ਦੱਸਿਆਂ ਕਿ ਪਰ ਇਥੋਂ ਅਮੂਮਨ ਲੋਕ ਪੈਦਲ ਜਾਂਦੇ ਹਨ ਜੋ ਫਾਰਸ ਦੀ ਖਾੜੀ ਜਹਾਜ ਰਾਂਹੀ ਪਾਰ ਕਰਕੇ ਅੱਗੇ ਫਿਰ 550 ਕੋਹ ਸਫਰ ਪੈਦਲ ਕਰਦੇ ਹਨ।

ਸੇਵਾਦਾਰਾਂ ਨੇ ਫਿਰ ਗੁਰੂ ਸਾਹਿਬ ਨੂੰ ਦੱਸਿਆ ਕਿ ਰਹੀਮਉਦੀਨ (ਕਲਪਨਿਕ ਨਾਂ) ਦਾ ਜੱਥਾ ਅਜੇ ਕੱਲ ਨੂੰ ਜਾਣਾ ਹੈ ਤੁਸੀ ਓਸੇ ਨਾਲ ਹੋ ਚਲੋ।

ਅਗਲੇ ਦਿਨ ਫਿਰ ਗੁਰੂ ਸਾਹਿਬ ਉੱਚ ਦੇ ਹਾਜੀਆਂ ਨਾਲ ਬੇੜੀ ਰਾਂਹੀ ਕਰਾਚੀ ਨੂੰ ਰਵਾਨਾ ਹੋਏ। ਸੁਭਾਵਕ ਹੈ ਰਾਹ ਵਿੱਚ ਹਾਜੀਆਂ ਨਾਲ ਰੂਹਾਨੀ ਗੁਫਤਗੂ ਹੁੰਦੀ ਆਈ। ਹਾਜੀਆਂ ਨੂੰ ਗੁਰੂ ਸਾਹਿਬ ਤੇ ਕੁਝ ਸ਼ੱਕ ਪਿਆ ਤਾਂ ਉਨਾਂ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਤੁਸੀ ਕਿਥੋਂ ਆਏ ਹੋ? ਗੁਰੂ ਸਾਹਿਬ ਨੇ ਦੱਸਿਆ ਕਿ ਮੈਂ ਲਹੌਰ ਲਾਗੋਂ ਕਰਤਾਰਪੁਰ ਤੋਂ ਆ ਰਿਹਾ ਹਾਂ। ਤੁਹਾਡਾ ਨਾਂ ਕੀ ਹੈ? ਫਿਰ ਨਾਂ ਤੋਂ ਵੀ ਉਨਾਂ ਨੂੰ ਪਤਾ ਨਾਂ ਲੱਗਾ ਕਿ ਇਹ ਕੌਣ ਹੈ ਕਿਉਂਕਿ ਨਾਨਕ ਨਾਂ ਹਿੰਦੂ ਮੁਸਲਮਾਨਾਂ ਦੋਵਾਂ ਵਿੱਚ ਹੁੰਦਾ ਸੀ। ਫਿਰ ਉਨਾਂ ਪਿਤਾ ਦਾ ਨਾਂ ਪੁੱਛਿਆ। ਗੁਰੂ ਸਾਹਿਬ ਨੇ ਦੱਸਿਆ ਕਿ ਉਹ ਕਲਿਆਣ ਦਾਸ ਨੇ। ਇਸ ਤੇ ਉਨਾਂ ਦਾ ਸ਼ੱਕ ਕੁਝ ਹੋਰ ਡੂੰਗਾ ਹੋ ਗਿਆ। ਕਹਿਣ ਲੱਗੇ ਕਿ ਤੁਸੀ ਕਿਤੇ ਉਹ ਨਾਨਕ ਤਾਂ ਨਹੀ ਹੋ ਜੋ ਰਾਜਾ ਦੌਲਤ ਖਾਂ ਲੋਧੀ ਦੇ ਮੋਦੀ ਸੀ ਜਿਹੜਾ ਆਪਣਾ ਘਰ ਲੁੱਟਾ ਕੇ ਸਾਧੂ ਹੋ ਗਇਆ ਸੀ? ਗੁਰੂ ਸਾਹਿਬ ਨੇ ਕਿਹਾ




।ਰੁਕੋ। 'ਦਾਖਲਾ ਸਿਰਫ ਮੁਸਲਮਾਨਾਂ ਲਈ।'
ਅੱਜ ਵੀ ਮੱਕੇ ਸ਼ਹਿਰ ਦੇ ਬਾਹਰ ਲੱਗਾ ਬੋਰਡ।

ਹਾਂ ਮੈਂ ਓਹੀ ਨਾਨਕ ਹਾਂ।

ਇਸ ਤੇ ਰਹੀਮਉਦੀਨ ਕਹਿਣ ਲੱਗਾ ਬਾਬਾ ਜੀ ਤੁਸੀ ਤਾਂ ਹਿੰਦੂ ਹੋ ਅਤੇ ਹਿੰਦੂ ਨੂੰ ਮੱਕੇ ਦੇ ਮੌਲਾਣੇ ਹੱਜ ਨਹੀ ਕਰਨ ਦਿੰਦੇ, ਨਾਲੇ ਤੰਗ ਪ੍ਰੇਸ਼ਾਨ ਕਰਦੇ ਨੇ। ਅਸੀ ਇਹ ਵੀ ਸੁਣਿਐ ਪਿੱਛੇ ਉਨਾਂ ਕਿਸੇ ਹਿੰਦੂ ਨੂੰ ਮਾਰ ਹੀ ਦਿੱਤਾ ਸੀ ਕਿ ਤੂੰ ਇਥੇ ਕਿਓ ਆਇਐ। ਤੁਸੀ ਪਿੱਛੇ ਪਰਤ ਜਾਓ। ਕੋਈ ਫਾਇਦਾ ਨਹੀ ਤੁਹਾਨੂੰ ਜਾਣ ਦਾ। ਗੁਰੂ ਸਾਹਿਬ ਨੇ ਕਿਹਾ ਤੁਹਾਡੇ ਨਾਲ ਨਾਲ ਅਸੀ ਵੀ ਚਲੋ ਹੱਜ ਕਰ ਆਉਨੇ ਆ। ਰਹੀਮਉਦੀਨ ਕਹਿਣ ਲੱਗਾ ਬਾਬਾ ਜੀ ਅਸੀ ਤੁਹਾਨੂੰ ਆਪਣੇ ਨਾਲ ਨਹੀ ਰੱਖ ਸਕਦੇ ਕਿਉਕਿ ਮੌਲਾਣੇ ਸਾਨੂੰ ਵੀ ਤੰਗ ਪ੍ਰੇਸ਼ਾਨ ਕਰਨਗੇ ਕਿ ਤੁਸੀ ਕਾਫਰ ਨੂੰ ਨਾਲ ਕਿਓ ਲੈ ਕੇ ਆਏ ਹੋ। ਗੁਰੂ ਸਾਹਿਬ ਨੇ ਕਿਹਾ ਠੀਕ ਹੈ ਅਸੀ ਤੁਹਾਡੇ ਨਾਲੋਂ ਵੱਖਰੇ ਹੋ ਜਾਂਦੇ ਹਾਂ। ਅਸੀ ਜਾਵਾਂਗੇ ਜਰੂਰ, ਮੱਕੇ ਜਾ ਕੇ ਦੇਖਦੇ ਹਾਂ ਕੀ ਹੁੰਦਾ।

ਸੋ ਜਿਥੋਂ ਤੱਕ ਸਿੰਧ ਦਰਿਆ ਵਿੱਚ ਬੇੜੀ ਗਈ ਇਹ ਇਕੱਠੇ ਰਹੇ ਤੇ ਕਰਾਚੀ ਦੇ ਨੇੜੇ ਤੇੜੇ ਜਾ ਕੇ ਵੱਖਰੇ ਹੋ ਗਏ।

ਕਰਾਚੀ ਹਾਜੀਆਂ ਦਾ ਜਹਾਜ ਲੱਗਾ ਸੀ। ਰਹੀਮਉਦੀਨ ਹੁਰੀ ਤਾਂ ਚੜ੍ਹ ਕੇ ਰਵਾਨਾ ਹੋ ਗਏ। ਗੁਰੂ ਸਾਹਿਬ ਨੇ ਰਹੀਮਉਦੀਨ ਹੁਰਾਂ ਦੀ ਇਛਾ ਦੇ ਖਿਲਾਫ ਉਸ ਜਹਾਜ ਵਿੱਚ ਚੜ੍ਹਨਾ ਠੀਕ ਨਾਂ ਸਮਝਿਆ।

ਕਿਉਕਿ ਕਰਾਚੀ ਦੇ ਮੁਕਾਬਲੇ ਅੱਗੇ ਮਕਰਾਨ ਦੀ ਤੀਸ ਬੰਦਰ ਤੋਂ ਜਹਾਜ ਜਿਆਦਾ ਜਾਂਦੇ ਸਨ ਇਸ ਕਰਕੇ ਗੁਰੂ ਸਾਹਿਬ ਲੱਗੇ ਜਹਾਜ ਦੀ ਉਡੀਕ ਕਰਨ। ਫਿਰ ਕੁਝ ਸਿੰਧੀ ਹਿੰਦੂਆਂ ਦਾ ਜੱਥਾ ਹਿੰਗਲਾਜ ਮੰਦਰ ਜਾ ਰਿਹਾ ਸੀ ਤੇ ਉਨਾਂ ਨੇ ਦੱਸਿਆ ਕਿ ਹਿੰਗਲਾਜ ਤੀਸ ਦੇ ਰਸਤੇ ਵਿੱਚ ਹੀ ਹੈ ਤੇ ਗੁਰੂ ਸਾਹਿਬ ਵੀ ਹਿੰਗਲਾਜ ਮੰਦਰ ਨੂੰ ਹੋ ਗਏ।




ਗੁਰਦੁਆਰਾ ਪਹਿਲੀ ਪਾਤਸ਼ਾਹੀ ਕਲਿਫਟਨ ਕਰਾਚੀ। ਸਦੀਆਂ ਤੋਂ ਇਹ ਮੰਦਰ ਸਮੁੰਦਰ ਦੀ ਦੇਵੀ ਦਾ ਹੁੰਦਾ ਸੀ। ਜਿਥੇ ਮਲਾਹ ਸਮੁੰਦਰ ਵਿਚ ਠੱਲਣ ਤੋਂ ਪਹਿਲਾਂ ਮੱਥਾ ਟੇਕਦੇ ਅਤੇ ਦੀਵਾ ਜਗਾਉਦੇ ਆਏ ਸਨ। ਸਥਾਨਕ ਰਾਜਾ ਵੀ 7 ਸੇਰ ਤੇਲ ਹਰ ਮਹੀਨੇ ਚੜਾਉਦਾ ਸੀ। ਸਮੁੰਦਰੀ ਬੇੜੇ ਦੀ ਉਡੀਕ ਵੇਲੇ ਗੁਰੂ ਸਾਹਿਬ ਵੀ ਏਸੇ ਮੰਦਰ ਵਿਚ ਹੀ ਰੁਕੇ ਸਨ। ਮੰਦਰ ਦਾ ਉਹ ਕਮਰਾ ਜਿਥੇ ਗੁਰੂ ਸਾਹਿਬ ਬਿਰਾਜੇ ਸਨ ਓਥੇ ਵੀ ਹਮੇਸ਼ਾਂ ਦੀਵਾ ਜਗਦਾ ਰਹਿੰਦਾ ਹੈ ਜਿਸ ਨੂੰ ਗੁਰੂ ਜੋਤੀ ਕਿਹਾ ਜਾਂਦਾ ਹੈ। (ਤਸਵੀਰ: ਇਕਬਾਲ ਕੈਸਰ)

-----◆-----

## ਹਿੰਗਲਾਜ ਮੰਦਰ– ਬਾਬਾ ਕਹਿੰਦਾ ਮੇਰੀ ਸੰਪਰਦਾ ਦਾ ਨਾਂ ਹੈ 'ਪ੍ਰੇਮ ਮੁਹੱਬਤ' ■

ਸਮੁੰਦਰ ਤੱਟ ਦੇ ਨਾਲ ਨਾਲ ਲਗਦੇ ਬਲੋਚਿਸਤਾਨ ਦੇ ਕਾਮਰਾਨ ਇਲਾਕੇ ਵਿੱਚ ਪ੍ਰਸਿੱਧ ਹਿੰਗਲਾਜ ਮੰਦਰ ਹੈ। ਕਰਾਚੀ ਤੋਂ ਇਹ ਬੇੜੀ ਰਾਂਹੀ 170 ਕਿ. ਮੀ ਤੇ ਪੈਦਲ ਰਸਤੇ ਕੋਈ 250 ਕਿ.ਮੀ. ਪੱਛਮ ਵਿੱਚ ਪੈਂਦਾ ਹੈ। ਹਿੰਗਲਾਜ ਮੰਦਰ ਹਿੰਦੂਮਤ ਦੇ ਸਾਕਤ ਮਤ ਦੇ 52 ਸ਼ਕਤੀਪੀਠਾਂ ਵਿਚੋਂ ਪ੍ਰਮੁੱਖ ਹੈ। ਪ੍ਰਮੁਖ ਇਸ ਕਰਕੇ ਕਿਉਕਿ ਜਿਵੇ ਪਹਿਲਾਂ ਆ ਚੁੱਕਾ ਹੈ ਪੀਠ ਸਰੀਰ ਦੇ ਅੰਗਾਂ ਦੇ ਆਧਾਰ ਤੇ ਬਣੇ ਹਨ ਭਾਵ ਜਿੱਥੇ ਜਿੱਥੇ ਕੋਈ ਅੰਗ ਡਿੱਗਾ। ਮਿਥਹਾਸ ਮੁਤਾਬਿਕ ਇਥੇ ਪਾਰਬਤੀ ਦਾ ਸਿਰ ਡਿੱਗਾ ਸੀ। ਇਹ ਮੰਦਰ ਪਹਾੜੀ ਦੀ ਗੁਫਾ ਅੰਦਰ ਹੈ। ਇਥੇ ਕੁਦਰਤੀ ਪਏ ਪੱਥਰ ਦੀ ਹੀ ਦੇਵੀ ਮੰਨ ਕੇ ਪੂਜਾ ਕੀਤੀ ਜਾਂਦੀ ਹੈ। ਹੱਥੀ ਬਣਾਈ ਮੂਰਤੀ ਨਹੀ ਹੈ।

ਇਥੇ ਅਤੇ ਨੇੜੇ ਤੇੜੇ ਜੋ ਪਵਿਤ੍ਰ ਸਥਾਨ ਦੱਸੇ ਗਏ ਹਨ ਉਹ ਹਨ: ਗਣੇਸ਼ ਦੇਵਾ, ਮਾਤਾ ਕਾਲੀ, ਧੂਣੀ ਗੁਰੂ ਗੋਰਖ ਨਾਥ, ਬ੍ਰਹਮ ਕੁੰਡ, ਤੀਰ ਕੁੰਡ, ਗੁਰੂ ਨਾਨਕ ਖੜਾਵਾਂ, ਰਾਮਝਰੋਖਾ ਬੈਠਕ, ਚੌਰਾਸੀ ਪਹਾੜੀ ਤੇ ਅਨੀਲ ਕੁੰਡ, ਚੰਦ੍ਰ ਗੁਫਾ, ਖਾਰੀ ਦਰਿਆ ਅਤੇ ਅਘੋਰੀ ਪੂਜਾ।*

ਗੁਰੂ ਸਾਹਿਬ ਜਦੋਂ ਸਾਕਤ ਲੋਕਾਂ ਨੂੰ ਸਮਝਾਉਣ ਇਥੇ ਪਹੁੰਚੇ ਤਾਂ ਇੱਕ ਪਾਸੇ ਹੋ ਚੁੱਪ ਚਾਪ ਕਈ ਘੰਟੇ ਬੈਠੇ ਰਹੇ। ਓਦੋਂ ਇਥੋਂ ਦੇ ਪੁਜਾਰੀ ਅਪਰਸ ਸਾਧੂ ਸਨ। ਪੁਜਾਰੀ ਹੈਰਾਨ ਸਨ ਕਿ ਇਹ ਕੌਣ ਸਖਸ਼ ਹੈ? ਕੁਝ ਪਤਾ ਨਹੀ ਸੀ ਲੱਗ ਰਿਹਾ ਅਗਲਿਆ ਨੂੰ ਕਿ ਇਹ ਹਿੰਦੂ ਹੈ ਕਿ ਕੋਈ ਮੁਸਲਮਾਨ ਫਕੀਰ। ਜੇ ਹਿੰਦੂ ਹੈ ਤਾਂ ਕਿਸ ਸੰਪਰਦਾ ਦਾ ਸਾਧੂ? ਕਿਹੜੀ ਜਾਤ ਗੋਤ? ਉਹ ਆ ਕੇ ਇਸ ਬਾਬਤ ਗੁਰੂ ਸਾਹਿਬ ਨੂੰ ਪੁੱਛਣ ਲੱਗੇ ਤਾਂ ਕਿ "ਅਸੀ ਓਸੇ ਮੁਤਾਬਿਕ ਤੁਹਾਡੀ ਸੇਵਾ ਟਹਿਲ ਕਰ ਸਕੀਏ।" ਕਿਉਕਿ ਇਥੇ ਕਈ ਵੇਰਾਂ ਵੈਸ਼ਨੋ ਸਾਧੂ ਆਉਦੇ ਹਨ ਉਹ ਸੁੱਚ ਸੰਜਮ ਦਾ ਬਹੁਤ ਧਿਆਨ ਕਰਦੇ ਹਨ। ਤੁਸੀ ਵੀ ਆਪਣੇ ਨੇਮ ਸਾਨੂੰ ਦੱਸੋ ਤਾਂ ਕਿ ਉਹਦੇ ਮੁਤਾਬਿਕ ਤੁਹਾਨੂੰ ਭੋਜਨ ਕਰਵਾ ਸਕੀਏ। ਸੋ ਸਾਨੂੰ ਆਪਣੇ ਬਾਰੇ ਦੱਸੋ?

ਜਵਾਬ ਵਿੱਚ ਗੁਰੂ ਸਾਹਿਬ ਸਲੋਕ ਗਾਇਆ:-

**ਸਲੋਕ ਮਃ ੧ ॥ ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥ ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥ ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ ॥ ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ ॥੧॥**

ਭਾਵ ਸੱਚ ਮੇਰਾ ਵਰਤ ਹੈ, ਸੰਤੋਖ ਤੀਰਥ, ਦਇਆ ਇਸ਼ਟ-ਦੇਵ, ਦੂਜਿਆਂ ਦੀਆਂ ਵਧੀਕੀਆਂ ਨੂੰ ਮਾਫ ਕਰ ਦੇਣਾ ਇੱਕ ਤਰਾਂ





ਹਿੰਗਲਾਜ ਦੇਵੀ ਮੰਦਰ ਦੀ ਗੁਫਾ ਦਾ ਮੂੰਹ। ਹੇਠਾਂ ਉਹ ਘਾਟੀ ਜਿਸ ਵਿਚ ਗੁਫਾ ਮੌਜੂਦ ਹੈ।

ਨਾਲ ਮੇਰੀ ਮਾਲਾ ਹੈ; ਸੁਚੱਜਾ ਜੀਵਨ ਜੀਉਣ ਧੋਤੀ ਹੈ,
ਸੁਰਤਿ ਮੇਰਾ ਸੁੱਚਾ ਚੌਂਕਾ ਹੈ,
ਉਚੈ ਆਚਰਨ ਦਾ ਮੱਥੇ ਉਤੇ ਤਿਲਕ, ਤੇ ਪ੍ਰੇਮ ਮੇਰੀ ਖ਼ੁਰਾਕ ਹੈ।

ਇਹ ਜਵਾਬ ਸੁਣ ਕੇ ਪੁਜਾਰੀ ਤਾਂ ਸੁੰਨ ਹੋ ਗਏ। ਓਨਾਂ ਨੇ ਅਜਿਹਾ ਸਾਧੂ ਪਹਿਲਾਂ ਕਦੀ ਨਹੀ ਸੀ ਵੇਖਿਆ। ਹੌਲੀ ਹੌਲੀ ਗੱਲ ਚਲੀ ਤਾਂ ਫਿਰ ਓਨਾਂ ਨੂੰ ਪਤਾ ਲੱਗਾ ਕਿ ਇਹ ਤਾਂ ਬਾਬਾ ਨਾਨਕ ਹੈ। ਸਿੰਧੀ ਪੁਜਾਰੀ ਗੱਦ ਗੱਦ ਹੋ ਉਠੇ। ਉਨਾਂ ਨੂੰ ਚਾਅ ਚੜ੍ਹ ਗਿਆ। ਸਿੰਧ ਵਿੱਚ ਤਾਂ ਬਾਬੇ ਨਾਨਕ ਦੇ ਨਾਂ ਦੀ ਤੂਤੀ ਤਾਂ ਪਹਿਲਾਂ ਹੀ ਬੋਲਣੀ ਸ਼ੁਰੂ ਹੋ ਚੁੱਕੀ ਸੀ।

ਗੁਰੂ ਸਾਹਿਬ ਨੇ ਓਨਾਂ ਨੂੰ ਕਰਮ ਕਾਂਡਾਂ ਤੋਂ ਵਰਜ ਕੇ ਇੱਕ ਨਿਰੰਕਾਰ ਦੇ ਨਾਂ ਨਾਲ ਜੁੜਨ ਦਾ ਉਪਦੇਸ਼ ਕੀਤਾ। ਪੁਜਾਰੀਆ ਨੇ ਗੁਰੂ ਸਾਹਿਬ ਦੀਆਂ ਖੜਾਵਾਂ ਯਾਦਗਾਰ ਵਜੋਂ ਸਾਂਭ ਲਈਆਂ। ਓਥੇ ਗੁਰੂ ਨਾਨਕ ਖੜਾਵਾਂ ਨਾਂ ਦੀ ਜਗਾ ਮੌਜੂਦ ਹੈ। ✚

ਇਕ ਸਦੀ ਪਹਿਲਾਂ ਹਿੰਗਲਾਜ ਮੰਦਰ ਜੋ ਰਵਾਜ ਸਨ ਓਨਾਂ ਬਾਬਤ ਗਿਆਨੀ ਗਿਆਨ ਸਿੰਘ ਨੇ ਬੜਾ ਵਿਸਥਾਰ ਵਿੱਚ ਲਿਖਿਆ ਹੈ ਕਿ ਜਿਸ ਦਾ ਨਮੂਨਾ ਕੁਝ ਇਹ ਹੈ:◈

ਇਥੋਂ ਦੋ ਮੰਜ਼ਲ ਭੈਰੋ ਗੜੀਆ ਪੀਰ ਹੈ ਜਿਸ ਤੇ ਲੀਰਾਂ ਚੜ੍ਹਦੀਆ ਹਨ। ਖਾਣਾ ਦਾਣਾ ਊਠਾਂ ਰਾਂਹੀ ਕਰਾਚੀਓ ਹੀ ਆਉਂਦਾ ਹੈ ਕਿਉਕਿ ਅੱਗੇ ਖਾਣ ਨੂੰ ਕੁਝ ਨਹੀ। ਕਰਾਚੀਓ 15 ਕੋਹ ਤੇ ਇੱਕ ਥਾਂ ਆਉਂਦੀ ਹੈ ਓਥੋਂ ਦੇ ਫਕੀਰ ਯਾਤਰੀਆਂ ਕੋਲੋਂ ਸਵਾ ਰੁਪਿਆ ਲੈ ਕੇ ਅੱਗੇ ਲੰਘਣ ਦਿੰਦੇ ਹਨ ਪਰ ਸਿੱਖਾਂ ਕੋਲੋ ਸਿਰਫ ਪੰਜ ਪੈਸੇ ਲੈਂਦੇ ਹਨ। ਉਹ ਕਹਿੰਦੇ ਹਨ ਕਿ ਸਾਡੇ ਵਢੇਰਿਆਂ ਨੂੰ ਬਾਬੇ ਨਾਨਕ ਨੇ ਗੋਸ਼ਟੀ ਸਮੇਂ ਹਰਾ ਦਿੱਤਾ ਸੀ। ਰਾਮ ਚੰਦਰ ਵੀ ਇਥੇ ਆਏ ਸਨ ( ਬ੍ਰਾਹਮਣ ਹੱਤਿਆ ਦੇ ਪਾਪ ਤੋਂ ਮੁਕਤੀ ਪਾਉਣ) .

ਪਰ ਹੈਰਾਨੀ ਦੀ ਗੱਲ ਗਿਆਨੀ ਜੀ ਨੇ ਓਥੇ ਮੌਜੂਦ ਨਾਨਕ ਖੜਾਵਾਂ ਦਾ ਜਿਕਰ ਨਹੀ ਕੀਤਾ ਜੋ ਬਕਾਇਦਾ ਅੱਜ ਦੀਆਂ ਵੇਬਸਾਈਟਾਂ ਦੱਸ ਰਹੀਆਂ ਹਨ।

-----◈-----

## ਮਰਦਾਨੇ ਦੀ ਸਿਹਤ ਵਿਗੜੀ ?○

ਹਿੰਗਲਾਜ ਮੰਦਰ ਤੋਂ ਗੁਰੂ ਸਾਹਿਬ ਤੇ ਮਰਦਾਨਾ ਸਮੁੰਦਰ ਕਿਨਾਰੇ ਵਲ ਨੂੰ ਹੋ ਤੁਰੇ। ਪਹਾੜੀ ਰਸਤਾ ਬਹੁਤ ਹੀ ਬਿਖਮ ਸੀ। ਭਾਦਰੋ- ਅੱਸੂ ਦੇ ਬਰਸਾਤ ਦੇ ਦਿਨ। ਇੰਨੀ ਦਿਨੀ ਬੁਖਾਰ ਤੇ ਹੋਰ ਬੀਮਾਰੀਆਂ ਜੋਰ ਫੜ ਲੈਂਦੀਆ ਹਨ। ਲਗਦਾ ਹੈ ਰਸਤੇ ਵਿੱਚ ਮਰਦਾਨੇ ਦੀ ਤਬੀਅਤ ਕੁਝ ਵਿਗੜ ਗਈ।

ਰਾਹ ਤੇ ਜਦੋਂ ਇਹ ਕਿਤੇ ਡੇਰਾ ਲਾਈ ਪਏ ਸਨ ਤਾਂ ਜਦੋਂ ਕਦੀ ਗੁਰੂ ਸਾਹਿਬ ਇਧਰ ਉਧਰ ਹੋਣ ਤਾਂ ਮਰਦਾਨਾ ਘਬਰਾਏ। "ਬਾਬਾ ਜੰਗਲ ਵਿੱਚ ਆਪਾਂ ਬੈਠੇ ਹਾਂ ਕਿਤੇ ਕੋਈ ਸ਼ੇਰ ਬਘਿਆੜ ਹੀ ਸਾਨੂੰ ਆਪਣਾ ਨਾਸ਼ਤਾ ਨਾਂ ਬਣਾ ਲਏ।" ਗੁਰੂ ਸਾਹਿਬ ਨੇ ਮਰਦਾਨੇ ਨੂੰ ਹੌਸਲਾ ਦਿੱਤਾ। ਫਿਰ ਮਰਦਾਨੇ ਨੂੰ ਯਾਦ ਆਇਆ ਕਿਵੇ ਪੂਰਬ ਦੀ ਉਦਾਸੀ ਵੇਲੇ ਸਾਹਮਣੇ ਸ਼ੇਰ ਆਉਣ ਤੇ ਵੀ ਉਸ ਨੇ ਮਰਦਾਨੇ ਨੂੰ ਕੁਝ ਨਹੀ ਸੀ ਕਿਹਾ।

ਇਹ ਮੌਕਾ ਸੀ ਫਿਰ ਮਰਦਾਨਾ ਵੀ ਲੱਗਾ ਨਾਮ ਜੱਪਣ। ਅਮੂਮਨ ਉਹ ਢਿੱਲ ਕਰ ਲਿਆ ਕਰ ਦਿੰਦਾ ਸੀ। ਗੁਰੂ ਸਾਹਿਬ ਨੇ ਮਰਦਾਨੇ ਨੂੰ ਭਰੋਸਾ ਦਿਵਾਇਆ ਕਿ ਅਕਾਲਪੁਰਖ ਨੂੰ ਯਾਦ ਕਰ ਤੇਰਾ ਵਾਲ ਵਿੰਗਾ ਵੀ ਨਹੀ ਹੋਵੇਗਾ।

ਮਰਦਾਨੇ ਦੇ ਤੰਦਰੁਸਤ ਹੋਣ ਤੇ ਸਾਹਿਬ ਨੇ ਸ਼ੁਕਰਾਨੇ ਦਾ ਸ਼ਬਦ ਰਚਿਆ:-

ਆਸਾ ਮਹਲਾ ੧ ਪੰਚਪਦੇ ॥ ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ ॥ ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ ॥੧॥ ਕੀ ਵਿਸਰਹਿ ਦੁਖੁ ਬਹੁਤਾ ਲਾਗੈ ॥ ਦੁਖੁ ਲਾਗੈ ਤੂੰ ਵਿਸਰੁ ਨਾਹੀ ॥੧॥ ਰਹਾਉ ॥ ਅਖੀ ਅੰਧੁ ਜੀਭ ਰਸੁ ਨਾਹੀ ਕੰਨੀ ਪਵਣੁ ਨ ਵਾਜੈ ॥ ਚਰਣੀ ਚਲੈ ਪਜੂਤਾ ਆਗੈ ਵਿਣੁ ਸੇਵਾ ਫਲ ਲਾਗੇ ॥੨॥ ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ ॥ ਸਭਨਾ ਫਲੁ ਲਾਗੈ ਨਾਮੁ ਏਕੋ ਬਿਨੁ ਕਰਮਾ ਕੈਸੇ ਲੇਹੀ ॥੩॥ ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ ॥ ਦੁਖੁ ਸੁਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ ॥੪॥ ਮਤਿ ਵਿਚਿ ਮਰਣੁ ਜੀਵਣੁ ਹੋਰੁ ਕੈਸਾ ਜਾ ਜੀਵਾ ਤਾਂ ਜੁਗਤਿ ਨਾਹੀ ॥ ਕਹੈ ਨਾਨਕੁ ਜੀਵਾਲੇ ਜੀਆ ਜਹ ਭਾਵੈ ਤਹ ਰਾਖੁ ਤੁਹੀ ॥੫॥੧੯॥

▲

ਹੈਰ ਸਹਾ

○ਸੋਢੀ-438, ●ਸੋਢੀ-430, ◘ ਸੋਢੀ -426, 423,
◆ ਸੋਢੀ-451, ਗੋਸ਼ਟੀ-43

ਗੋਸ਼ਟੀ-43 ਵਿੱਚ ਹਾਜੀ ਦਾ ਨਾਂ ਸ਼ਾਹ ਸਰਫ ਲਿਖ ਦਿਤਾ ਹੈ ਜਦੋਂ ਕਿ ਸ਼ਾਹ ਸਰਫ ਨਾਲ ਗੋਸ਼ਟੀ ਬਗਦਾਦ ਦੇ ਮੁਕਾਮ ਤੇ ਹੋਈ ਸੀ। ਜਿਸ ਨੇ ਗੁਰੂ ਸਾਹਿਬ ਨੂੰ ਚੋਲਾ ਭੇਟ ਕੀਤਾ ਸੀ ਜੋ ਅੱਜ ਵੀ ਡੇਰਾ ਬਾਬਾ ਨਾਨਕ ਵਿਖੇ ਮੌਜੂਦ ਹੈ। ਇਕ ਸ਼ਾਹ ਸਰਫ ਪਾਣੀਪਤ ਵੀ ਹੋਇਆ ਹੈ। (ਧਿਆਨ ਰਹੇ 17 ਵੀ ਸਦੀ ਵਿੱਚ ਇੱਕ ਸਰਫ ਨਾਂ ਦਾ ਕਵੀ ਬਟਾਲੇ ਇਲਾਕੇ ਵਿੱਚ ਵੀ ਹੋਇਆ ਹੈ ਜਿਸ ਕਰਕੇ ਉਸ ਦੇ ਪਿੰਡ ਦਾ ਨਾਂ ਕੋਟਲਾ ਸਰਫ ਚਲਦਾ ਹੈ। )

■ ਸੋਢੀ-461, * ਵਿੱਕੀ ਪੀਡੀਆ ਐਂਟਰੀ, ◈ਗਿਆਨੀ -239

✚ ਇਹ ਪਤਾ ਨਹੀ ਲੱਗਾ ਪਾਇਆ ਕਿ ਕੀ ਉਹ ਖੜਾਵਾਂ ਅੱਜ ਵੀ ਮੌਜੂਦ ਹਨ।

◈◈ ਉੱਚ ਦੇ ਪੀਰਾਂ ਤੋਂ ਪਤਾ ਲੱਗਾ ਕਿ ਗੁਰੂ ਸਾਹਿਬ ਦੇ ਵੇਲੇ ਪ੍ਰਸਿੱਧ ਪੀਰ ਫਜ਼ਲੂਦੀਨ ਸੀ। ਫਿਰ ਵੀ ਅਜੇ ਹੋਰ ਤਸਦੀਕ ਕਰਨ ਦੀ ਜਰੂਰਤ ਹੈ।

○ ਸੋਢੀ -458, ਗੋਸ਼ਟਿ-44 : ਨੇ ਵੀ ਭਾਈ ਮਰਦਾਨੇ ਦੇ ਡਰ ਬਾਰੇ ਲਿਖਿਆ ਹੈ।

ਸਿੰਧ ਦੇ ਹੋਰ ਸਥਾਨਾਂ ਬਾਰੇ ਅਸੀ ਵਿਸਥਾਰ ਨਾਲ ਦੂਸਰੀ ਉਦਾਸੀ ਵਿਚ ਦਿੱਤਾ ਹੈ। ਕਿਉਕਿ ਬਹੁਤੀ ਥਾਂਈ ਸਾਨੂੰ ਇਹ ਨਹੀ ਸੀ ਪਤਾ ਲਗਦਾ ਕਿ ਸਾਹਿਬ ਦੂਸਰੀ ਉਦਾਸੀ ਵੇਲੇ ਆਏ ਸਨ ਕਿ ਚੌਥੀ ਉਦਾਸੀ ਮੌਕੇ। ਇਸ ਕਰਕੇ ਅਸਾਂ ਵਿਸਥਾਰ ਨਾਲ ਦੂਸਰੀ ਉਦਾਸੀ ਵਿਚ ਦੇ ਦਿੱਤਾ ਹੈ।

## ਚੌਥੀ ਉਦਾਸੀ। ਭਾਗ -2

# ਮੱਕੇ ਦੇ ਕੌਤਕ

### ਅੱਖ ਦੇ ਫੋਰ ਵਿੱਚ ਪਹੁੰਚ ਗਏ ਮੱਕਾ




ਹਿੰਗਲਾਜ ਮੰਦਰ ਤੋਂ ਥੱਲੇ ਉੱਤਰ ਬਾਬਾ ਤੇ ਮਰਦਾਨਾ ਸਮੁੰਦਰ ਤੱਟ ਤੇ ਕਿਸੇ ਨੇੜਲੀ ਬੰਦਰਗਾਹ◆ ਤੇ ਪਹੁੰਚੇ। ਬੰਦਰ ਤੋਂ ਪਤਾ ਲੱਗਾ ਕਿ ਸਾਰੇ ਯਾਤਰੀ ਜਹਾਜ ਹੁਣ ਤੱਕ ਇਥੋਂ ਜਾ ਚੁੱਕੇ ਹਨ ਤੇ ਹੋਰ ਕਿਸੇ ਬੇੜੇ ਨੇ ਜੱਦਾ ਨਹੀ ਜਾਣਾ ਕਿਉਕਿ ਹੁਣ ਦਾ ਚਲਿਆ ਜਹਾਜ ਹੱਜ ਤੇ ਨਹੀ ਅਪੜ ਸਕਦਾ।

ਇਹ ਸੁਣ ਕੇ ਮਰਦਾਨਾ ਥੋੜਾ ਮਾਯੂਸ ਹੋਇਆ। ਪਰ ਬਾਬੇ ਨੂੰ ਕੁਝ ਨਹੀ ਬੋਲਿਆ। ਕੋਈ ਗਿਲਾ ਸ਼ਿਕਵਾ ਨਹੀ ਕੀਤਾ। ਅਗਲੀ ਸਵੇਰ ਆਈ। ਸਾਹਿਬ ਤਾਂ ਅੰਮ੍ਰਿਤ ਵੇਲੇ ਜਾਗ ਉਠ ਨਿਰੰਕਾਰ ਨਾਲ ਇੱਕ ਮਿਕ ਹੋ ਜਾਂਦੇ ਤੇ ਪਹੁ ਫੁਟਾਲੇ ਤੋਂ ਪਹਿਲਾਂ ਮਰਦਾਨੇ ਨੂੰ ਕੀਰਤਨ ਕਰਨ ਲਾ ਦਿੰਦੇ। ਇਸ਼ਨਾਨ ਉਪਰੰਤ ਮਰਦਾਨੇ ਨੇ ਰਬਾਬ ਦੀਆਂ ਤੰਦਾਂ ਕੱਸੀਆਂ ਤੇ ਸਾਵਧਾਨ ਹੋ ਗਿਆ। ਪਰ ਚਿਹਰੇ ਤੇ ਨਿਰਾਸ਼ਾ ਝਲਕ ਰਹੀ ਸੀ। ਗੁਰੂ ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ ਕਿ ਸੁਰਤ ਨੂੰ ਟਿਕਾਣੇ ਕਰ ਮਰਦਾਨਿਆ। ਸਾਹਿਬ ਨੇ ਸ੍ਰੀ ਰਾਗ ਦੀ ਧੁੰਨ ਲਾਉਣ ਦਾ ਹੁਕਮ ਕੀਤਾ ਤੇ ਸ਼ਬਦ ਬੋਲਿਆ:

ਸਿਰੀਰਾਗੁ ਮਹਲਾ ੧ ॥ ਆਪੇ ਗੁਣ ਆਪੇ ਕਥੈ ਆਪੇ ਸੁਣਿ ਵੀਚਾਰੁ ॥ ਆਪੇ ਰਤਨੁ ਪਰਖਿ ਤੂੰ ਆਪੇ ਮੋਲੁ ਅਪਾਰੁ ॥ ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣਹਾਰੁ ॥੧॥ ਹਰਿ ਜੀਉ ਤੂੰ ਕਰਤਾ ਕਰਤਾਰੁ ॥ ਜਿਉ ਭਾਵੈ ਤਿਉ ਰਾਖੁ ਤੂੰ ਹਰਿ ਨਾਮੁ ਮਿਲੈ ਆਚਾਰੁ ॥੧॥ ਰਹਾਉ ॥ ਆਪੇ ਹੀਰਾ ਨਿਰਮਲਾ ਆਪੇ ਰੰਗੁ ਮਜੀਠ ॥ ਆਪੇ ਮੋਤੀ ਊਜਲੋ ਆਪੇ ਭਗਤ ਬਸੀਠੁ ॥ ਗੁਰ ਕੈ ਸਬਦਿ ਸਲਾਹਣਾ ਘਟਿ ਘਟਿ ਡੀਠੁ ਅਡੀਠੁ ॥੨॥ ਆਪੇ ਸਾਗਰੁ ਬੋਹਿਥਾ ਆਪੇ ਪਾਰੁ ਅਪਾਰੁ ॥ ਸਾਚੀ ਵਾਟ ਸੁਜਾਣੁ ਤੂੰ ਸਬਦਿ ਲਘਾਵਣਹਾਰੁ ॥ ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰੁ ॥੩॥ ਅਸਥਿਰੁ ਕਰਤਾ ਦੇਖੀਐ ਹੋਰੁ ਕੇਤੀ ਆਵੈ ਜਾਇ ॥ ਆਪੇ ਨਿਰਮਲੁ ਏਕੁ ਤੂੰ ਹੋਰ ਬੰਧੀ ਧੰਧੈ ਪਾਇ ॥ ਗੁਰਿ ਰਾਖੇ ਸੇ ਉਬਰੇ ਸਾਚੇ ਸਿਉ ਲਿਵ ਲਾਇ ॥੪॥ ਹਰਿ ਜੀਉ ਸਬਦਿ ਪਛਾਣੀਐ ਸਾਚਿ ਰਤੇ ਗੁਰ ਵਾਕਿ ॥ ਤਿਤੁ ਤਨਿ ਮੈਲੁ ਨ ਲਗਈ ਸਚ ਘਰਿ ਜਿਸੁ ਓਤਾਕੁ ॥ ਨਦਰਿ ਕਰੇ ਸਚੁ ਪਾਈਐ ਬਿਨੁ ਨਾਵੈ ਕਿਆ ਸਾਕੁ ॥੫॥ ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥ ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ ॥ ਜਗ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ ॥੬॥ ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ ॥ ਸਾਚੀ ਦਰਗਹ ਬੈਸਈ ਭਗਤਿ ਸਚੀ ਅਰਦਾਸਿ ॥ ਪਤਿ ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ ॥੭॥ ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ ॥ ਜਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ ॥ ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ ॥੮॥੩॥

ਮਰਦਾਨਾ ਆਪਣੇ ਧਿਆਨ ਕੀਰਤਨ ਕਰਦਾ ਰਿਹਾ। ਸਮਾਪਤੀ ਕੀਤੀ ਤੇ ਮਰਦਾਨੇ ਦਾ ਧਿਆਨ ਦੁਆਲੇ ਗਇਆ ਤਾਂ ਹੈਰਾਨ ਹੋ ਗਿਆ। ਬੋਲਿਆ, "ਬਾਬਾ ਮੈਨੂੰ ਕੀ ਹੋ ਗਇਆ? ਕੀ ਮੈਂ ਸੁਪਨਾ ਵੇਖ ਰਿਹਾ ਹਾਂ? ਅਸੀ ਤਾਂ ਸਮੁੰਦਰ ਕਿਨਾਰੇ ਬੈਠੇ ਸੀ। ਆਹ ਤਾਂ ਸੁੱਕਾ ਰੇਗਸਤਾਨ ਹੈ। "

ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਤੂੰ ਠੀਕ ਹੈ। ਕੋਈ ਸੁਪਨਾ ਨਹੀ। ਆਪਣੇ ਪਿੱਛੇ ਧਿਆਨ ਮਾਰ। ਕੀ ਵੇਖਦਾ ਹੈ। ਉੱਚੇ ਉੱਚੇ ਮੀਨਾਰ ਨਜਰ ਆ ਰਹੇ ਨੇ। ਮਰਦਾਨਾ ਚੀਕ ਉਠਿਆ "ਬਾਬਾ ਅਸੀ ਕਿਥੇ ਹਾਂ?"

ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਅਸੀ ਮੱਕੇ ਪਹੁੰਚ ਗਏ ਹਾਂ। ਮਰਦਾਨੇ ਨੇ ਝੱਟ ਗੁਰੂ ਸਾਹਿਬ ਦੇ ਪੈਰ ਫੜ੍ਹ ਲਏ ਤੇ ਅੱਖਾਂ ਭਰ ਲਈਆਂ। ਭਰੇ ਮੰਨ ਨਾਲ ਬੋਲ ਉਠਿਆ "ਓਏ ਮੇਰੀ ਏਨੀ ਚੰਗੀ ਕਿਸਮਤ ਕਿਵੇ ਹੋ ਗਈ? ਮੈਂ ਤਾਂ ਰੱਬ ਨਾਲ ਤੁਰਿਆ ਫਿਰਦਾ ਆਂ। "

ਗੁਰੂ ਸਾਹਿਬ ਨੇ ਕਿਹਾ ਮਰਦਾਨਿਆਂ ਰੱਬ ਨਹੀ। ਇਹ ਰੱਬ ਅੱਗੇ ਕੀਤੀ ਅਰਦਾਸ ਦਾ ਨਤੀਜਾ ਹੈ। ਉਹ ਸਰਬ ਸਮਰੱਥ ਨਿਰੰਕਾਰ ਹੀ ਦੂਰੀਆਂ ਬਣਾਉਣ ਵਾਲਾ ਤੇ ਦੂਰੀਆਂ ਘਟਾਉਣ ਵਾਲਾ ਹੈ। ਵਕਤ, ਦੂਰੀਆਂ ਤੇ ਧਰਤੀ ਬਣਾਉਣ ਵਾਲਾ ਉਹ ਆਪ ਹੀ ਤਾਂ ਹੈ। ਇਹ ਵਕਤ ਤੇ ਦੂਰੀਆਂ ਕਰਤਾ-ਪੁਰਖ ਅੱਗੇ ਬੇਮਾਇਨੇ ਹਨ।

ਗੁਰੂ ਸਾਹਿਬ ਨੇ ਆਪਣਾ ਹਾਜੀਆਂ ਵਾਲਾ ਪਹਿਰਾਵਾ ਧਾਰਨ ਕਰ ਲਿਆ ਜਿਹੜਾ ਕਰਤਾਰਪੁਰੋਂ ਤਿਆਰ ਕਰਵਾ ਕੇ ਲਿਆਏ ਸਨ। ਨੀਲਾ ਚੋਗਾ, ਹੱਥ ਵਿੱਚ ਆਸਾ, ਦੂਸਰੇ ਹੱਥ ਕੁੱਜਾ ਅਤੇ ਸਿਰ ਤੇ ਪੱਗ ਦੀ ਥਾਂਵੇ ਮੁਸਲਾ ਪਾ ਲਿਆ। ਗੱਲ ਵਿੱਚ ਹੱਡਾਂ ਦੀ ਮਾਲਾ*, ਗੁਟ ਤੇ ਤਸਬੀ (ਮਾਲਾ) ਲਮਕਾਈ, ਕੱਛ ਵਿੱਚ ਗੁਰਬਾਣੀ ਵਾਲੀ ਕਿਤਾਬ ਲਈ ਹੋਈ ਸੀ।

ਮਰਦਾਨੇ ਨੇ ਰਬਾਬ ਕਪੜਿਆਂ ਦੀ ਪੰਡ ਵਿੱਚ ਹੀ ਬੰਨ ਲਈ। ਬੁੜ ਬੁੜ ਕੀਤਾ, "ਅਖੇ ਕਈ ਕਹਿੰਦੇ ਨੇ ਸੰਗੀਤ ਮੌਸੀਕੀ ਇਸਲਾਮ ਵਿੱਚ ਹਰਾਮ ਹੈ। ਕੋਈ ਕਹਿੰਦਾ ਨਹੀ ਹੈ। ਆਪਾਂ ਕੋਈ ਖਤਰਾ ਨਹੀ ਲੈਣਾ। " ਗੁਰੂ ਸਾਹਿਬ ਚੁੱਪ ਰਹੇ। ਫਿਰ ਮਰਦਾਨਾ ਬੋਲਿਆ, "ਬਾਬਾ ਇਥੇ ਤਾ ਬਹੁਤ ਗਰਮੀ ਹੈ। "

ਭਾਵੇ ਨੀਲਾ ਚੋਗਾ ਪਾ ਲਿਆ ਸੀ। ਪਰ ਇਹ ਹਾਜੀ ਵੱਖਰਾ ਹੀ ਨਜਰ ਆ ਰਿਹਾ ਸੀ। ਹਰ ਕੋਈ ਬਾਬੇ ਨਾਨਕ ਨੂੰ ਵੇਖ ਰਿਹਾ ਸੀ।

ਇਹ ਹਾਜੀ ਬੜੇ ਠਰੰਮੇ ਨਾਲ ਕੁਰਾਨ ਦੀਆਂ ਉਹ ਆਇਤਾਂ ਗਾ ਰਿਹਾ ਸੀ ਜਿਹੜੀਆਂ ਨਿਰੰਕਾਰ ਦੀ ਸਿਫਤ ਵਿੱਚ ਸਨ।

-----◈-----

ਫੁਟ ਨੋਟ

*ਮਾਲਾ- ਹਿੰਦੂ ਲੋਕ ਮਾਲਾ ਤੁਲਸੀ ਜਾਂ ਰੁਦਰਾਕਸ਼ ਦੀ ਬਣਾਉਂਦੇ ਹਨ। ਜਦੋ ਕਿ ਮੁਸਲਮਾਨ ਜੈਤੂਨ ਦੀ ਲਕੜੀ ਦੀ ਮਾਲਾ ਬਣਾਉਂਦੇ ਸਨ। --ਹੱਡੀਆਂ ਦੀ ਮਾਲਾ ਵੀ ਬਣਾਈ ਜਾਂਦੀ ਸੀ ਖਾਸ ਕਰਕੇ ਮੱਛੀ ਦੀ ਹੱਡੀ ਤੇ ਹਾਥੀ ਦੰਦ ਦੀ। ਅਰਬ ਵਿੱਚ ਗਾਂ ਤੇ ਊਠ ਦੀ ਹੱਡੀ ਦੀ ਮਾਲਾ ਬਣਾਈ ਜਾਂਦੀ ਸੀ।-- ਹਿੰਦੂਆਂ ਦੇ ਅਘੋਰੀ ਸਾਧੂ ਇਨਸਾਨੀ ਹੱਡੀ ਦੀ ਮਾਲਾ ਪਹਿਨਦੇ ਸਨ। ਕਈ ਸਾਧੂ ਅੱਜ ਵੀ ਇਨਸਾਨੀ ਖੋਪੜੀ ਗੱਲ ਵਿੱਚ ਲਟਕਾਏ ਫਿਰਦੇ ਹਨ। ਇਹ ਨਹੀ ਪਤਾ ਚਲ ਪਾਇਆ ਕਿ ਗੁਰੂ ਸਾਹਿਬ ਦੀ ਮਾਲਾ ਕਿਹੋ ਜਿਹੀ ਹੱਡੀਆਂ ਦੀ ਸੀ।

## ਸਵਾਲ ਹਿੰਦੂ, ਮੁਸਲਮਾਨ ਅਤੇ ਸਿੱਖ ਦਾ ਨਹੀ ਗੱਲ ਤੁਹਾਡੇ ਵਿਹਾਰ ਤੇ ਮੁਕਦੀ ਹੈ

### ਵਾਰਾਂ ਭਾਈ ਗੁਰਦਾਸ ਵਿਚੋ

ਭਾਈ ਗੁਰਦਾਸ (ਦਿਹਾਂਤ-1637 ਈ.) ਗੁਰੂ ਅਮਰਦਾਸ ਦੇ ਭਤੀਜੇ ਸਨ। ਇਨਾਂ ਨੇ ਗੁਰਮਤ ਗੁਰੂ ਅਰਜਨ ਦੇਵ ਪਾਸੋਂ ਪ੍ਰਾਪਤ ਕੀਤੀ। ਇਨਾਂ ਦੁਆਰਾ ਰਚੀਆਂ 40 ਵਾਰਾਂ ਅਤੇ 556 ਕਬਿਤ ਸਿੱਖ ਧਰਮ ਦੇ ਅਸੂਲਾਂ ਨੂੰ ਨਿਖੇੜ ਕੇ ਬਿਆਨ ਕਰਦੇ ਹਨ ਅਤੇ ਸਿੱਖੀ ਦੇ ਸਰਬੋਤਮ ਰਹਿਤਨਾਮੇ ਹਨ। ਗੁਰੂ ਪੰਥ ਵਿੱਚ ਇਨਾਂ ਦੇ ਦਰਜਾ-ਸਤਿਕਾਰ ਦਾ ਇਥੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਗੁਰਦੁਆਰੇ ਅੰਦਰ ਕਥਾ ਅਤੇ ਕੀਰਤਨ ਸਿਰਫ ਗੁਰਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਤੋਂ ਹੀ ਕੀਤਾ ਜਾ ਸਕਦਾ ਹੈ। ਹੋਰ ਕੋਈ ਰਚਨਾ ਕੀਰਤਨ ਵਾਸਤੇ ਪਰਵਾਨ ਨਹੀ ਹੈ। ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿੱਚ ਗੁਰੂ ਸਾਹਿਬ ਦੀ ਪੱਛਮ ਵਾਲੀ ਫੇਰੀ ਬਾਰੇ ਜੋ ਲਿਖਿਆ ਹੈ ਉਹ ਇਸ ਪ੍ਰਕਾਰ ਹੈ:-

ਬਾਬਾ ਫਿਰ ਮੱਕੇ ਗਯਾ ਨੀਲ ਬਸਤ੍ਰ ਧਾਰੇ ਬਨਵਾਰੀ॥
ਆਸਾ ਹੱਥ ਕਿਤਾਬ ਕੱਛ ਕੂਜਾ ਬਾਂਗ ਮੁਸੱਲਾ ਧਾਰੀ॥
ਬੈਠਾ ਜਾਇ ਮਸੀਤ ਵਿਚ ਜਿਥੇ ਹਾਜੀ ਹੱਜ ਗੁਜਾਰੀ॥
ਜਾਂ ਬਾਬਾ ਸੁੱਤਾ ਰਾਤ ਨੂੰ ਵੱਲ ਮਹਿਰਾਬੇ ਪਾਂਇ ਪਸਾਰੀ॥
ਜੀਵਨ ਮਾਰੀ ਲਤ ਦੀ ਕੇੜ੍ਹਾ ਸੁਤਾ ਕੁਫ਼ਰ ਕੁਫ਼ਾਰੀ॥
ਲਤਾਂ ਵਲ ਖ਼ੁਦਾਇ ਦੇ ਕਿਉਂਕਰ ਪਇਆ ਹੋਇ ਬਜਗਾਰੀ॥
ਟੰਗੋਂ ਪਕੜ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ॥
ਹੋਇ ਹੈਰਾਨ ਕਰੇਨ ਜੁਹਾਰੀ ॥੩੨॥
ਪੁਛਨ ਗਲ ਈਮਾਨ ਦੀ ਕਾਜ਼ੀ ਮੁਲਾਂ ਇਕਠੇ ਹੋਈ॥
ਵਡਾ ਸਾਂਗ ਵਰਤਾਇਆ ਲਖ ਨ ਸਕੇ ਕੁਦਰਤਿ ਕੋਈ॥
ਪੁਛਣ ਖੋਲ ਕਿਤਾਬ ਨੂੰ ਵਡਾ ਹਿੰਦੂ ਕੀ ਮੁਸਲਮਾਨੋਈ॥
ਬਾਬਾ ਆਖੇ ਹਾਜ਼ੀਆਂ ਸੁਭ ਅਮਲਾਂ ਬਾਝੋ ਦੋਵੇਂ ਰੋਈ॥
ਹਿੰਦੂ ਮੁਸਲਮਾਨ ਦੋਇ ਦਰਗਹਿ ਅੰਦਰ ਲੈਣ ਨ ਢੋਈ॥
ਕਚਾ ਰੰਗ ਕੁਸੁੰਭ ਕਾ ਪਾਣੀ ਧੋਤੈ ਥਿਰ ਨ ਰਹੋਈ॥
ਕਰਨ ਬਖੀਲੀ ਆਪ ਵਿਚ ਰਾਮ ਰਹੀਮ ਕੁਥਾਇ ਖਲੋਈ॥
ਰਾਹ ਸੈਤਾਨੀ ਦੁਨੀਆ ਗੋਈ ॥੩੪॥
ਧਰੀ ਨਿਸਾਨੀ ਕੌਸ ਦੀ ਮਕੇ ਅੰਦਰ ਪੂਜ ਕਰਾਈ॥
ਜਿਥੇ ਜਾਈ ਜਗਤ ਵਿਚ ਬਾਬੇ ਬਾਝ ਨ ਖਾਲੀ ਜਾਈ॥
ਘਰ ਘਰ ਬਾਬਾ ਪੂਜੀਏ ਹਿੰਦੂ ਮੁਸਲਮਾਨ ਗੁਆਈ॥
ਛਪੇ ਨਾਂਹਿ ਛਪਾਇਆ ਚੜਿਆ ਸੂਰਜ ਜਗ ਰੁਸਨਾਈ॥
ਬੁਕਿਆ ਸਿੰਘ ਉਜਾੜ ਵਿਚ ਸਬ ਮਿਰਗਾਵਲ ਭੰਨੀ ਜਾਈ॥
ਚੜ੍ਹਿਆ ਚੰਦ ਨ ਲੁਕਈ ਕਢ ਕੁਨਾਲੀ ਜੋਤ ਛਪਾਈ॥
ਉਗਵਣਹੁ ਤੇ ਆਥਵਣਹੁ ਨਉ ਖੰਡ ਪ੍ਰਿਥਵੀ ਸਭ ਝੁਕਾਈ॥
ਜਗ ਅੰਦਰ ਕੁਦਰਤ ਵਰਤਾਈ ॥੩੫॥


-----◈-----

## ਬਾਬੇ ਮੱਕਾ ਫੇਰਿਆ

ਮੱਕੇ ਪਹੁੰਚੇ ਹੋਏ ਸਨ। ਜੁਲਾਈ 1530 ਈ. ਦਾ ਮਹੀਨਾ ਸੀ। ਹੱਜ 3 ਅਗਸਤ ਨੂੰ ਸ਼ੁਰੂ ਹੋਣਾ ਸੀ। ਰੌਣਕਾਂ ਸਨ, ਪਰ ਬਹੁਤੀ ਭੀੜ ਨਹੀ ਸੀ। ਬਾਬਾ ਤੇ ਮਰਦਾਨਾ ਕਾਬੇ ਵਾਲੀ ਮਸੀਤ ਵਿੱਚ ਹੀ ਬਿਰਾਜੇ ਹੋਏ ਸਨ। ਮਰਦਾਨਾ ਫਿਰ ਤੁਰ ਕੇ ਆਇਆ ਤੇ ਕਹਿਣ ਲੱਗਾ ਕਿ ਬਾਬਾ ਜੀ ਕਾਬੇ ਦੇ ਅੰਦਰ ਤਾਂ ਜਾਣ ਹੀ ਨਹੀ ਦਿੱਤਾ ਮੈਨੂੰ। ਮੈਨੂੰ ਕਹਿਣ ਲਗੇ ਸਿਰਫ ਮਜਾਵਰ ਹੀ ਅੰਦਰ ਜਾ ਸਕਦਾ ਹੈ। ਬਾਬਾ ਜੀ ਕਾਬੇ ਦੇ ਅੰਦਰ ਕੀ ਹੈ?

ਬਾਬਾ ਨੇ ਕਿਹਾ ਮਰਦਾਨਿਆ ਹੁਣ ਜਾ। ਹੁਣ ਦਰਵਾਜਾ ਖੁੱਲਾ ਹੋਇਆ ਈ। ਪਰ ਯਾਦ ਰੱਖੀ ਰੱਬ ਦੇ ਘਰ ਪੁੱਛ ਕੇ ਨਹੀ ਜਾਈਦਾ।

ਮਰਦਾਨਾ ਗਇਆ ਤੇ ਜਾ ਕੇ ਕਾਬੇ ਦੇ ਅੰਦਰ ਚੰਗੀ ਤਰਾਂ ਘੋਖ ਪੜਤਾਲ ਕਰ ਆਇਆ ਤੇ ਨਾਲ ਹੀ ਕਾਲੇ ਪੱਥਰ ਨੂੰ ਚੰਗੀ ਤਰਾਂ ਵੇਖ ਆਇਆ। ਮਜਾਵਰ ਗੱਲਾਂ 'ਚ ਰੁੱਝੇ ਰਹੇ। ਮਰਦਾਨਾ ਸਮਝਦਾ ਸੀ ਕਿ ਕਾਬੇ ਅੰਦਰ ਕੋਈ ਮੂਰਤੀ ਵਗੈਰਾ ਹੋਵੇਗੀ।



ਜਦੋਂ ਕਾਬਾ ਗੁਰੂ ਸਾਹਿਬ ਦੇ ਚਰਨਾਂ ਵਲ ਘੁੰਮ ਗਇਆ। ਬੀ.40 ਤਸਵੀਰ

ਸ਼ਾਮ ਹੋਈ। ਹਾਜੀ ਜਿੱਥੇ ਕਿਸੇ ਨੂੰ ਥਾਂ ਮਿਲਿਆ ਓਥੇ ਹੀ ਲੇਟ ਗਏ। ਮੱਕੇ ਦੀ ਮਸੀਤ ਵਾਹਵਾ ਖੁੱਲੀ ਸੀ ਤੇ ਕਾਬੇ ਦੇ ਦੁਆਲੇ ਵੀ ਪ੍ਰਕਰਮਾ ਦੇ ਬਾਹਰਵਾਰ ਮਹਿਰਾਬਾਂ ਵਾਲਾ ਬਰਾਂਡਾ ਬਣਿਆ ਹੋਇਆ ਸੀ। ਗੁਰੂ ਸਾਹਿਬ ਓਸੇ ਬਰਾਂਡੇ ਵਿੱਚ ਲੇਟ ਗਏ।

ਮਨ੍ਹੇਰ ਸਾਰ ਭਾਵ ਰਾਤ 3 ਕੁ ਵਜੇ ਮੌਲਾਣਾ ਜੀਵਣ ਝਾੜੂ ਮਾਰਦਾ ਮਾਰਦਾ ਜਦੋਂ ਬਾਬੇ ਹੁਰਾਂ ਲਾਗੇ ਆਇਆ ਤਾਂ ਕੀ ਵੇਖਦਾ ਹੈ ਕਿ ਸੁੱਤੇ ਪਏ ਇੱਕ ਹਾਜੀ ਨੇ ਪੈਰ ਕਾਬੇ ਵਲ ਕੀਤੇ ਹੋਏ ਹਨ। ਮੌਲਾਣਾ ਬੁੜ ਬੁੜਾਇਆ, "ਓਏ ਗਾਫਲ ਬੇਸੁਰਤ ਹਾਜੀ! ਉਠ ਕਿਓ ਤੌਹੀਨ ਕਰਦੈ ਅੱਲਾਹ ਪਰਵਦਗਾਰ ਦੀ। ਵੇਖ ਤੇਰੇ ਪੈਰ ਕਿੱਧਰ ਨੇ?" ਗੁਰੂ ਸਾਹਿਬ ਜਾਗਦੇ ਪਏ ਸਨ। ਕਹਿਣ ਲੱਗੇ ਮੌਲਾਣਾ ਜੀ ਗੁਸਤਾਖੀ ਮਾਫ ਮਿਹਰਬਾਨੀ ਕਰੋ ਮੇਰੇ ਪੈਰ ਓਧਰ ਕਰ ਦਿਓ ਜਿਧਰ ਖੁੱਦਾ ਨਹੀ ਹੈ। ਜੀਵਨ ਨੇ ਪੈਰ ਫੜ੍ਹ ਕੇ ਦੂਸਰੇ ਪਾਸੇ ਜਿਵੇ ਕੀਤੇ ਤਾਂ ਉਨੂੰ ਮਹਿਸੂਸ ਹੋਇਆ ਕਿ ਕਾਬਾ ਤਾਂ ਓਧਰ ਹੀ ਘੁੰਮ ਗਿਆ। ਪੈਰ ਛੱਡ ਕਾਬੇ ਵਲ ਵੇਖਣਾ ਸ਼ੁਰੂ ਕਰ ਦਿੱਤਾ। ਫਿਰ ਪੈਰ ਘੁਮਾਣੇ। ਕਾਬਾ ਫਿਰ ਪੈਰਾ ਵਲ ਨਜਰ ਆਇਆ।

ਜੀਵਣ ਦੁਹਾਈ ਦੇ ਉਠਿਆ। 'ਸੁਬਹਾਨਅਲੱਾਹ।' ਲਾਗੇ ਸੁੱਤੇ ਸਭ ਜਾਗ ਉਠੇ। ਹਰ ਪਾਸੇ । 'ਸੁਬਹਾਨਅਲੱਾਹ।' 'ਸੁਬਹਾਨਅਲੱਾਹ।' ਸੁਣਾਈ ਦੇ ਰਿਹਾ ਸੀ।

ਜੀਵਣ ਵਾਹੋ ਦਾਹੀ ਕਾਬੇ ਵਲ ਗਿਆ। ਓਥੇ ਹੋਰ ਮੌਲਾਣੇ ਵੀ


**ਪੈੜ ਸਫਾ**

**ਮੌਲਾਣਾ ਜੀਵਨ** - ਮੁਸਲਮਾਨ ਇਤਹਾਸਕਾਰ ਮੰਨਦੇ ਹਨ ਕਿ ਹੁਣ ਅਤੇ ਪੁਰਾਣੇ ਸਮਿਆ ਵਿੱਚ ਵੀ ਮੱਕੇ ਦੁਆਲੇ ਸਾਫ ਸਫਾਈ ਦਾ ਕੰਮ ਹਿੰਦੁਸਤਾਨੀ ਜਾਂ ਅਫਰੀਕਨ ਕਾਲੇ ਹੀ ਕਰਦੇ ਆਏ ਹਨ। ਅਰਬੀ ਮੌਲਾਣੇ ਜਿਆਦਾ ਇੰਤਜਾਮ ਦਾ ਪੱਖ ਹੀ ਵੇਖਦੇ ਸਨ। ਸੋ ਜੀਵਨ ਮੌਲਾਣਾ ਹਿੰਦੁਸਤਾਨੀ ਸੀ ਤੇ ਜਿਆਦਾ ਸੰਭਾਵਨਾ ਇਹੋ ਬਣਦੀ ਹੈ ਕਿ ਉਹ ਕੋਈ ਪੰਜਾਬੀ ਹੀ ਸੀ।

ਹਾਲਾਂ ਗੋਸ਼ਟਿ-49 ਦੇ ਅਰੰਭ ਵਿੱਚ ਦਿੱਤੀ ਵਾਰਤਕ ਵਿੱਚ ਉਨੂੰ ਵੀ ਅਰਬੀ ਦੱਸਿਆ ਗਇਆ ਹੈ ਜਿਸ ਨੂੰ ਗੁਰੂ ਸਾਹਿਬ ਦਾ ਹਿੰਦਵੀ ਕਲਾਮ ਸਮਝ ਨਹੀ ਆਉਦਾ।

ਸਾਫ ਸਫਾਈਆਂ ਕਰ ਰਹੇ ਸਨ। ਜੀਵਣ ਨੇ ਦੁਹਾਈ ਦੇ ਦਿੱਤੀ ਕਿ ਕਿਆਮਤ ਦੇ ਦਿਨ ਆਉਣ ਵਾਲੇ ਨੇ। ਓਹ ਵੇਖੋ ਹਿੰਦ ਤੋਂ ਆਇਆ ਕੋਈ ਵਲੀ, ਪੈਰ ਕਾਬੇ ਵਲ ਕਰ ਸੁੱਤਾ ਸੀ। ਮੈਂ ਉਸ ਦੇ ਪੈਰ ਪਰਾਂ ਕਰਨੇ ਚਾਹੇ ਪਰ ਕਾਬਾ ਓਧਰ ਹੀ ਨਜਰ ਆਵੇ ਜਿਧਰ ਪੈਰ ਜਾਣ। ਅੱਲਾਹ ਹੂ ਅਕਬਰ! ਅੱਲਾ ਹੂ ਅਕਬਰ!!

ਕੁਝ ਚਿਰ ਬਾਦ ਫਿਰ ਫਜਰ ਦੀ ਨਮਾਜ ਪੜੀ ਗਈ। ਪਰ ਹਰ ਕਿਸੇ ਦਾ ਧਿਆਨ ਹਿੰਦ ਤੋਂ ਆਏ ਉਸ ਵਲੀ ਵਲ ਹੀ ਸੀ ਜਿਸ ਨੇ ਕਾਬਾ ਫੇਰ ਦਿੱਤਾ ਸੀ।


ਕਾਬਾ: 1850 ਦੀ ਹੱਥ ਬਣੀ ਤਸਵੀਰ। ਮਸੀਤ ਦੇ ਵਿਚਕਾਰ ਕਾਬਾ ਹੈ। ਮਸੀਤ ਇਥੇ ਖੁੱਲੀ ਹੈ। ਹਾਲਾਂ ਦੁਆਲੇ ਪ੍ਰਕਰਮਾ ਵਾਗੂ ਛੱਤੀ ਥਾਂ ਹੈ।

ਉਹਦੀ ਸਿਫਤ ਦਾ ਕਲਮਾ ਆਪਣੀ ਪੰਜਾਬੀ ਜੁਬਾਨ ਵਿਚ ਪੜ੍ਹਦਾ ਰਹਿੰਦਾ ਹਾਂ। ਸਾਹਿਬ ਨੇ ਕਿਹਾ ਉਹ ਸੱਚਾ ਰੱਬ ਗਾਹੇ ਬਿਗਾਹੇ ਅਜਿਹੀਆਂ ਰੂਹਾਂ ਭੇਜਦਾ ਰਹਿੰਦਾ ਹੈ ਜਿੰਨਾਂ ਨੂੰ ਤੁਸੀ ਪੈਗੰਬਰ ਕਹਿਦੇ ਹੋ। ਗੁਰੂ ਸਾਹਿਬ ਨੇ ਕਿਹਾ ਕਿ ਮੈਂ ਇਸ ਗੱਲ ਨੂੰ ਨਹੀ ਮੰਨ ਸਕਦਾ ਕਿ ਹਜਰਤ ਮੁਹੰਮਦ ਸਾਹਿਬ ਆਖਰੀ ਹੀ ਪੈਗੰਬਰ ਹਨ।

ਗੁਰੂ ਸਾਹਿਬ ਨੂੰ ਪੁੱਛਿਆ ਗਇਆ ਕਿ ਤੂੰ ਮੁਸਲਮਾਨ ਹੈਂ ਕਿ ਹਿੰਦੂ? ਸਾਹਿਬ ਨੇ ਫੁਰਮਾਇਆ:

**ਹਿੰਦੂ ਕਹਾਂ ਤਾ ਮਾਰੀਆ ਮੁਸਲਮਾਨ ਭੀ ਨਾਹਿ॥**
**ਪਾਂਚ ਤੱਤ ਕਾ ਪੁਤਲਾ ਗੈਬੀ ਖੇਲੇ ਮਾਹਿ॥ (ਗੋਸ਼ਟਿ)**

-----◈-----

## ਮੱਕੇ ਵਿੱਚ ਗੁਰੂ ਸਾਹਿਬ ਤੇ ਮੌਲਾਣਿਆਂ ਦੀ ਗੁਫਤਗੂ (ਮੱਕੇ ਦੀ ਗੋਸ਼ਟਿ)

ਦਿਨ ਚੜੇ ਫਿਰ ਗੁਰੂ ਸਾਹਿਬ ਮਸੀਤ ਤੋਂ ਬਾਹਰਵਾਰ ਜਾ ਬੈਠੇ। ਗੁਰੂ ਸਾਹਿਬ ਦੁਆਲੇ ਭੀੜ ਜਮਾ ਸੀ। ਵੱਡੇ ਵੱਡੇ ਆਉਲੀਏ ਮੌਲਾਣੇ ਆ ਆ ਸਾਹਿਬ ਕੋਲ ਸਵਾਲ ਜਵਾਬ ਕਰ ਰਹੇ ਸਨ।

ਓਥੇ ਗੁਰੂ ਸਾਹਿਬ ਅਕਾਲ ਪੁਰਖ ਅਤੇ ਦੁਨੀਆ ਦੇ ਖੇਲ ਦਾ ਸਿਧਾਂਤ ਦੱਸ ਰਹੇ ਸਨ। ਮੌਲਾਣੇ ਪੁੱਛ ਰਹੇ ਸਨ ਕਿ ਤੁਸੀ ਕਲਮਾ ਪੜ੍ਹਦੇ ਹੋ ਕਿ ਨਹੀ? ਗੁਰੂ ਸਾਹਿਬ ਨੇ ਬੜੀ ਹਲੀਮੀ ਨਾਲ ਸਮਝਾਇਆ ਕਿ ਅਕਾਲ ਪੁਰਖ ਨਿਰੰਕਾਰ ਜਾਂ ਉਨੂੰ ਅੱਲਾਹ ਕਹਿ ਲਓ ਜੋ ਸਾਰੀ ਕਾਇਨਾਤ ਨੂੰ ਚਲਾ ਰਿਹਾ ਹੈ ਮੈਂ ਸਦਾ

ਓਥੇ ਫਿਰ ਗੁਰੂ ਸਾਹਿਬ ਨੇ ਹਿੰਦੂਮਤ ਤੇ ਇਸਲਾਮ ਨਾਲ ਆਪਣਾ ਫਰਕ ਦੱਸਿਆ ਕਿ ਇਨਾਂ ਮਜ੍ਹਬਾਂ ਦੇ ਮੈਂ ਕਿਹੜੇ ਕਿਹੜੇ ਸਿਧਾਂਤ ਨਹੀ ਮੰਨ ਸਕਦਾ।

ਫਿਰ ਹਾਜੀ ਤੇ ਮੌਲਾਣੇ ਪੁੱਛਣ ਲੱਗੇ ਕਿ ਬਾਬਾ ਜੀ ਤੁਹਾਡੇ ਵੀਚਾਰ ਅਨੁਸਾਰ ਇਸਲਾਮ ਤੇ ਹਿੰਦੂਮਤ ਵਿਚੋਂ ਕਿਹੜਾ ਮਜ੍ਹਬ ਚੰਗਾ ਹੈ? ਗੁਰੂ ਸਾਹਿਬ ਨੇ ਜਵਾਬ ਦਿੱਤਾ:

**ਪੁਛਣ ਖੋਲ ਕਿਤਾਬ ਨੂੰ ਵਡਾ ਹਿੰਦੂ ਕੀ ਮੁਸਲਮਾਨੋਈ॥**
**ਬਾਬਾ ਆਖੇ ਹਾਜ਼ੀਆਂ ਸੁਭ ਅਮਲਾਂ ਬਾਝੋ ਦੋਵੇਂ ਰੋਈ॥ (ਭਾਈ ਗੁਰਦਾਸ)**

ਲਿਖਿਆ ਮਿਲਦਾ ਹੈ ਕਿ ਗੁਰੂ ਸਾਹਿਬ ਨੇ ਤਿਲੰਗ ਰਾਗ ਵਿਚ ਹੇਠ ਸ਼ੱਸ਼ੋਭਿਤ ਸ਼ਬਦ ਮੱਕੇ ਵਿੱਚ ਰਹਿੰਦਿਆਂ ਇਸ ਮੌਕੇ ਤੇ ਹੋਰ

ਪੈੜ ਸਫਾ

**ਮੱਕਾ ਅਤੇ ਕਾਬਾ** - ਸਾਊਦੀ ਅਰਬ ਦੇ ਸ਼ਹਿਰ ਦਾ ਨਾਂ ਹੈ। ਇਥੇ ਦੁਨੀਆ ਦੀ ਸਭ ਤੋਂ ਵੱਡੀ ਮਸੀਤ ਹੈ: ਮਸਜਦ ਅਲ ਹਰਾਮ ਹੈ। ਇਸ ਮਸੀਤ ਦੇ ਵਿਹੜੇ ਵਿੱਚ ਇੱਕ ਚੌਰਸ ਕਮਰਾ ਹੈ, ਜਿਸ ਨੂੰ ਕਾਬਾ ਕਿਹਾ ਜਾਂਦਾ ਹੈ। ਕਾਬੇ ਦੀ ਇੱਕ ਕੰਧ ਵਿੱਚ ਚਾਂਦੀ ਦੇ ਫਰੇਮ ਵਿੱਚ ਇੱਕ **ਕਾਲਾ ਪੱਥਰ** ਮੜਿਆ ਹੋਇਆ ਹੈ। ਇਹ ਪੱਥਰ ਕਿਹਾ ਜਾਂਦਾ ਹੈ ਕਿ ਹਜਾਰਾਂ ਸਾਲ ਪਹਿਲਾਂ ਅਸਮਾਨ ਤੋਂ ਡਿੱਗਾ ਸੀ। ਬਸ ਮੁਸਲਮਾਨ ਇਸ ਨੂੰ ਹੀ ਸਭ ਤੋਂ ਪਵਿਤ੍ਰ ਸ਼ੈਅ ਗਿਣਦੇ ਹਨ। ਕਾਬੇ ਨੂੰ ਰੱਬ ਦਾ ਘਰ ਮੰਨਦੇ ਹਨ। ਕਾਬਾ ਕਮਰੇ ਦੇ ਉਤੇ ਕਾਲੇ ਰੰਗ ਦਾ ਕਪੜਾ ਪਾਇਆ ਰੱਖਦੇ ਹਨ ਜਿਸ ਤੇ ਕੁਰਾਨ ਸ਼ਰੀਫ ਦੀ ਆਇਤਾਂ ਸੋਨੇ ਦੀ ਤਾਰ ਨਾਲ ਕੱਢੀਆਂ ਹੋਈਆਂ ਹਨ। ਹਰ ਸਾਲ ਇਹ ਕਪੜਾ ਬਦਲਿਆ ਜਾਂਦਾ ਹੈ। ਹਰ ਮੁਸਲਮਾਨ ਨੂੰ ਹੁਕਮ ਹੈ ਕਿ ਜਿੰਦਗੀ ਵਿੱਚ ਘੱਟੋ ਘੱਟ ਇੱਕ ਵਾਰੀ ਮੱਕੇ ਦਾ ਹੱਜ ਕਰੇ। ਹੱਜ ਤੋਂ ਮਤਲਬ ਹੈ ਕਾਬੇ ਦੀਆਂ ਸੱਤ ਪ੍ਰਕਰਮਾ ਕਰਨੀਆਂ। ਮਤਲਬ 7 ਪਰਕਰਮਾ ਕਰੋ ਤੇ ਮਜ੍ਹਬੀ ਮੁਸਲਮਾਨ ਅਖਵਾਓ।

ਇਸਲਾਮ ਦੇ ਕਈ ਪੱਖ ਤਾਂ ਬੜੇ ਵਧੀਆ ਤੇ ਮਨੁੱਖਤਾਵਾਦੀ ਹਨ ਪਰ ਆਹ ਹੱਜ ਦੀ ਰਸਮ ਨਿਰੀ ਕਰਮ ਕਾਂਡ ਹੈ। ਜਿਸ ਕਰਕੇ ਅੱਜ ਅਨੇਕਾਂ ਮੁਸਲਮਾਨ ਇਸਲਾਮ ਦੇ ਮੁਢਲੇ ਅਸੂਲਾਂ ਨੂੰ ਜਿੰਦਗੀ ਭਰ ਨਜਰਅੰਦਾਜ਼ ਕਰਕੇ ਹੱਜ ਕਰ ਲੈਂਦੇ ਹਨ ਤੇ ਆਪਣੇ ਪਵਿਤ੍ਰ ਹੋਣ ਦਾ ਰੁਤਬਾ ਭਾਵ 'ਹਾਜੀ' ਹਾਸਲ ਕਰ ਲੈਂਦੇ ਹਨ। ਇਹ ਵੀ ਬਸ ਹਿੰਦੂਆਂ ਦੇ ਗੰਗਾ ਨਹਾਉਣ ਤੁਲ ਹੀ ਹੈ।

ਹੈਰਾਨੀ ਦੀ ਗੱਲ ਇਥੇ ਵੀ ਇਨਸਾਨ ਦੀ ਬਲੀ ਜਾਂ ਕੁਰਬਾਨੀ ਦਿੱਤੀ ਜਾਂਦੀ ਸੀ। ਹਜ਼ਰਤ ਮੁਹੰਮਦ ਦੀ ਜੀਵਨੀ ਤੋਂ ਪਤਾ ਲਗਦਾ ਹੈ ਕਿ ਕਿਸੇ ਵੇਲੇ ਅਸੂਲ ਮੁਤਾਬਿਕ ਹਜਰਤ ਮੁਹੰਮਦ ਸਾਹਿਬ ਦੇ ਪਿਤਾ ਹਜਰਤ ਅਬਦੁਲਾ ਦੀ ਵੀ ਕੁਰਬਾਨੀ ਦਿੱਤੀ ਜਾਣੀ ਸੀ ਪਰ ਹਜਰਤ ਸਾਹਿਬ ਦੇ ਦਾਦਾ ਆਪਣੇ ਪੁੱਤਰ ਅਬਦੁਲਾ ਨੂੰ ਬਹੁਤ ਪਿਆਰ ਕਰਦੇ ਸਨ, ਇਸ ਕਰਕੇ ਅਬਦੁਲਾ ਬਦਲੇ ਉਨਾਂ 100 ਊਠ ਕੁਰਬਾਨ ਕਰ ਦਿੱਤੇ। ਕਿਸਮਤ ਵੇਖੋ ਓਸੇ ਅਬਦੁਲੇ ਦੇ ਘਰ ਪੈਗੰਬਰ ਦਾ ਜਨਮ ਹੋਇਆ ਜਿਸਨੇ ਪੂਰੀ ਦੁਨੀਆ ਬਦਲ ਕੇ ਰੱਖ ਦਿੱਤੀ। ਇਸਲਾਮ ਵਿਚ ਅੱਜ ਵੀ ਕੁਰਬਾਨੀ ਦਾ ਸਿਧਾਂਤ ਮੌਜੂਦ ਹੈ। ਖੁਸ਼ਕਿਸਮਤੀ ਨਾਲ ਅੱਜ ਕੁਰਬਾਨੀ ਡੰਗਰਾਂ ਦੀ ਦਿੱਤੀ ਜਾਂਦੀ ਹੈ।

ਪਹਿਲਾਂ ਤਾਂ ਪਵਿਤ੍ਰ ਕਾਲੇ ਪੱਥਰ ਨੂੰ ਮੋਮਨ ਚੁੰਮਦੇ ਸਨ। ਪਰ ਜਿਵੇ ਜਿਵੇ ਹਾਜੀਆਂ ਦੀ ਤਾਦਾਦ ਵਧਦੀ ਗਈ ਚੁੰਮਣਾ ਮੁਸ਼ਕਲ ਹੋ ਗਇਆ ਤੇ ਇੱਕ ਦਿਨ ਅਜਿਹਾ ਵੀ ਆਇਆ ਕਿ ਕੋਈ ਜਣਾ ਉਹ ਪੱਥਰ ਚੁੱਕ ਕੇ ਹੀ ਲੈ ਗਿਆ। ਹਜਰਤ ਮੁਹੰਮਦ ਸਾਹਿਬ ਨੇ ਉਹ ਪੱਥਰ ਵਾਪਸ ਹਾਸਲ ਕਰਕੇ ਇਨੂੰ ਦੁਬਾਰਾ ਸਥਾਪਤ ਕੀਤਾ। ਯਾਦ ਰਹੇ ਹੱਜ ਦੀ ਰਸਮ ਮੁਹੰਮਦ ਸਾਹਿਬ ਤੋਂ ਬਹੁਤ ਪਹਿਲਾਂ ਦੀ ਹੈ ਜਿਸ ਨੂੰ ਬੰਦ ਕਰਨਾਂ ਉਨਾਂ ਮੁਨਾਸਿਬ ਨਾਂ ਸਮਝਿਆ ਹਾਲਾਂਕਿ ਕਾਬੇ ਅੰਦਰ ਹੋ ਰਹੀ ਬੁੱਤ ਪੂਜਾ ਤਾਂ ਉਨਾਂ ਬੰਦ ਕਰਵਾ ਦਿੱਤੀ ਤੇ ਬੁੱਤ ਵੀ ਤੁੜਵਾ ਦਿੱਤੇ।

**ਕੀ ਮੱਕਾ ਸੱਚ ਮੁੱਚ ਫਿਰਿਆ ਸੀ?** - ਅਸੀ ਇਸ ਘਟਨਾ ਤੇ ਸ਼ੱਕ ਤਾਂ ਕਰੀਏ ਜੇ ਚਮਤਕਾਰ ਨਾ ਹੁੰਦੇ ਹੋਣ ਤਾਂ। ਸਫਾ 524 ਤੇ ਕੁਝ ਇੱਕ ਚਮਤਕਾਰਾਂ ਦੱਸੇ ਨੇ। ਜਿਹੜੇ ਸੱਜਣ ਇਸ ਘਟਨਾ ਨੂੰ ਨਹੀ ਮੰਨਦੇ ਉਹ ਇਨਾਂ ਚਮਤਕਾਰਾਂ ਦਾ ਕਾਰਨ ਲੱਭ ਲੈਣ ਤੇ ਫਿਰ ਉਨਾਂ ਨੂੰ ਇਸ ਘਟਨਾ ਦਾ ਵੀ ਜਵਾਬ ਮਿਲ ਜਾਏਗਾ।

ਪਰ ਜਿਹੜੇ ਮੁਸਲਮਾਨ/ਈਸਾਈ/ਹਿੰਦੂ ਹੋ ਕੇ ਵੀ ਇਸ ਵਾਰਦਾਤ ਨੂੰ ਨਹੀ ਮੰਨਦੇ ਉਨਾਂ ਨੂੰ ਇੱਕ ਸਿੱਖ ਵਿਦਵਾਨ (ਗਿਆਨੀ-245) ਨੇ ਕਿਹਾ ਹੈ ਕਿ ਜੇ ਤੁਸੀ ਮੰਨਦੇ ਹੋ ਕਿ ਹਜਰਤ ਮੁਹੰਮਦ ਨੇ ਚੰਦ ਤੋੜ ਲਿਆਂਦਾ, ਮੂਸਾ ਨੂੰ ਸਮੁੰਦਰ ਨੇ ਰਾਹ ਦੇ ਦਿੱਤਾ, ਯੱਸੂ ਮਸੀਹ ਨੇ ਅੰਨਿਆਂ ਪਿੰਗਲਿਆਂ ਦੇ ਅੰਗ ਸਾਬਤ ਕਰ ਦਿੱਤੇ ਤੇ ਮੁਰਦੇ ਜਿਵਾ ਦਿੱਤੇ, ਭਗਵਾਨ ਕ੍ਰਿਸ਼ਨ ਨੇ ਗੋਵਰਧਨ ਪਰਬਤ ਚੁੱਕ ਲਿਆ, ਸੰਜੀਵਨੀ ਲੱਭਦਾ ਲੱਭਦਾ ਹਨੂਮਾਨ ਪਹਾੜ ਹੀ ਚੁੱਕ ਲਿਆਇਆ, ਭਗਵਾਨ ਰਾਮ ਨੇ ਪੱਥਰ ਤਾਰ ਦਿੱਤੇ ਤਾਂ ਫਿਰ ਤੁਹਾਨੂੰ ਇਸ ਘਟਨਾ ਨੂੰ ਮੰਨਣਾ ਪਵੇਗਾ।

ਜਿਹੜੇ ਸਿੱਖ ਹੋ ਕੇ ਨਾਸਤਕ ਬਣੇ ਫਿਰਦੇ ਨੇ ਉਨਾਂ ਨੂੰ ਸਵਾਲ ਹੈ ਕਿ ਮੱਕੇ ਦੇ ਮੌਲਾਣਿਆ ਨੂੰ ਗੁਰੂ ਸਾਹਿਬ ਨੇ ਕਿਹੜੀ ਐਹੋ ਜਿਹੀ ਦਲੀਲ ਦੇ ਦਿੱਤੀ ਜਿਹੜੀ ਸੁਣ ਕੇ ਉਹ ਕਾਇਲ ਹੋ ਗਏ। ਤੁਸੀ ਆਪਣੇ ਆਪ ਨੂੰ ਬਹੁਤ ਸਿਆਣੇ ਗਿਣਦੇ ਹੋ, ਮੱਕੇ ਦਾ ਛੱਡੋ ਕਦੀ ਦਿੱਲੀ/ਯੂ.ਪੀ ਦੀ ਕਿਸੇ ਮਸੀਤ ਵਿੱਚ ਜਾ ਕੇ ਮੋਮਨਾਂ ਨੂੰ ਉਲਟ ਉਪਦੇਸ ਦੇ ਕੇ ਵੇਖੋ। ਫਿਰ ਤੁਹਾਨੂੰ ਅਹਿਸਾਸ ਹੋਵੇਗਾ ਕਿ ਚਮਤਕਾਰ ਨੂੰ ਹੀ ਨਮਸਕਾਰ ਹੈ।

ਕਈ ਵਾਰ ਗਾਇਆ।

**ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥ ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥੧॥ ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥ ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥੧॥ ਰਹਾਉ ॥ ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥ ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥੨॥ ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥ ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ ॥੩॥ ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥ ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ ॥੪॥੧॥ (ਅੰਗ ੭੨੧ ਸਗਗਸ)**

ਹੇ ਕਰਤਾਰ! ਤੇਰੇ ਅੱਗੇ ਇੱਕ ਬੇਨਤੀ ਹੈ ਕਿਰਪਾ ਕਰਕੇ ਮੇਰੇ ਵਲ ਕੰਨ ਕਰਨਾ। ਕਿਉਕਿ ਤੂੰ ਸਦਾ ਕਾਇਮ ਰਹਿਣ ਵਾਲਾ, ਸਭ ਤੋਂ ਵੱਡਾ, ਬਖ਼ਸ਼ਸ਼ਾਂ ਕਰਨ ਵਾਲਾਂ, ਪਵਿਤ੍ਰ ਹਸਤੀ, ਸਭ ਦਾ ਪਾਲਣਹਾਰ ਹੈਂ। ਕਿ ਮੇਰੇ ਹਿਰਦੇ ਵਿੱਚ ਇਹ ਗੱਲ ਬਹਿ ਜਾਵੇ ਦੁਨੀਆ ਨਾਸਵੰਤ ਹੈ। ਹੇ ਦਿਲ! ਤੂੰ ਭੁਲਿਆ ਬੈਠਾ ਏ ਤੇਰੇ ਸਿਰ ਦੇ ਵਾਲ ਮੌਤ ਦੇ ਦੂਤ ਦੇ ਹੱਥ ਵਿੱਚ ਨੇ। 1। ਰਹਾਉ। ਅੰਤ ਵੇਲੇ ਜਦੋਂ ਤੂੰ ਡਿੱਗਾ, ਜਦੋਂ ਤੇਰੀ ਨਮਾਜੇ ਜਨਾਜਾ ਪੜੀ ਜਾ ਰਹੀ ਹੋਵੇਗੀ, ਕਿਸੇ ਨੇ ਤੈਨੂੰ ਇਥੇ ਨਹੀ ਰੱਖਣਾ। ਇਸਤ੍ਰੀ, ਪੁੱਤਰ, ਪਿਉ, ਭਰਾ, ਕਿਸੇ ਨੇ ਵੀ ਸਹਾਈ ਨਹੀ ਹੋਣਾ। ਮੇਰਾ ਇਹ ਹਾਲ ਕਿ ਕਦੇ ਕੋਈ ਨੇਕੀ ਦਾ ਕੰਮ ਨਹੀਂ ਕੀਤਾ, ਰਾਤ ਦਿਨ ਲਾਲਚ ਵਿੱਚ ਹੀ ਫਿਰਦਾ ਰਿਹਾ, ਬਦੀ ਦੇ ਹੀ ਖ਼ਿਆਲ ਕਰਦਾ ਰਿਹਾ ਹਾਂ।। 3। ਮੇਰੇ ਵਰਗਾ ਕੋਈ ਅਭਾਗਾ, ਨਿੰਦਕ, ਲਾ-ਪਰਵਾਹ, ਢੀਠ ਤੇ ਨਿਡਰ ਹੋਰ ਕੋਈ ਨਹੀ ਹੋਣਾ, ਇਸ ਕਰਕੇ ਦਾਸ ਨਾਨਕ ਅਰਜ ਕਰਦਾ ਹੈ ਕਿ ਮੇਹਰ ਕਰ ਕਿ ਤੇਰੇ ਸੇਵਕਾਂ ਦੇ ਚਰਨਾਂ ਦੀ ਧੂੜ ਮਿਲ ਜਾਏ। 4। 1।

-----◈-----

## ਮੁਲਤਾਨ ਵਾਲੇ ਹਾਜੀ ਵੀ ਆ ਟਪਕੇ

ਮੁਲਤਾਨ ਵਾਲੇ ਰਹੀਮਉਦੀਨ ਹੁਰੀ ਹਾਜੀਆਂ ਦਾ ਟੋਲਾ ਜਿੰਨਾਂ ਗੁਰੂ ਸਾਹਿਬ ਨੂੰ ਕਿਹਾ ਸੀ ਤੂੰ ਸਾਡੇ ਨਾਲ ਨਾਂ ਆਈ ਤੇ ਗੁਰੂ ਸਾਹਿਬ ਅਤੇ ਮਰਦਾਨੇ ਨੂੰ ਬੇੜੇ ਤੇ ਨਹੀ ਸੀ ਚੜ੍ਹਨ ਦਿੱਤਾ ਉਹ ਵੀ ਡੱਕੇ ਡੋਲੇ ਖਾਂਦੇ, ਕਿਤੇ ਪੈਦਲ, ਕਿਤੇ ਬੇੜੇ ਤੇ ਅਤੇ ਕਿਤੇ ਊਠ ਦੀ ਸਵਾਰੀ ਕਰਦਿਆਂ ਹੱਜ ਤੋਂ ਇੱਕ ਦੋ ਦਿਨ ਪਹਿਲਾਂ ਮੱਕੇ ਪਹੁੰਚ ਗਏ। ਉਨਾਂ ਨੂੰ ਪਤਾ ਲੱਗਾ ਕਿ ਮੱਕੇ ਵਿੱਚ ਤਾਂ ਹਰ ਇੱਕ ਦੀ ਜੁਬਾਨ ਤੇ ਹਿੰਦ ਪੀਰ ਦਾ ਹੀ ਨਾਂ ਸੀ; ਹਿੰਦ ਪੀਰ। ਉਨਾਂ ਨੂੰ ਚਿੱਤ ਚੇਤਾ ਵੀ ਨਹੀ ਸੀ ਕਿ ਇਹ ਓਸੇ ਪੀਰ ਦੀ ਗੱਲ ਹੋ ਰਹੀ ਹੈ ਜਿਨੂੰ ਉਹ ਪਿੱਛੇ ਸਮੁੰਦਰ ਕੰਢੇ ਛੱਡ ਆਏ ਸੀ।

ਹੱਜ ਤੋਂ ਬਾਦ ਉਨਾਂ ਦੇ ਮੰਨ ਵਿੱਚ ਵੀ ਆਇਆ ਕਿ ਉਸ ਹਿੰਦ ਪੀਰ ਦੇ ਦਰਸ਼ਨ ਕੀਤੇ ਜਾਣ। ਬਾਬਾ ਜੀ ਥੋੜਾ ਹਟਵੇਂ ਪਹਾੜੀ ਦੇ ਥੱਲੇ ਬੈਠੇ ਹੋਏ ਸਨ। ਭਰਵੀ ਰੌਣਕ ਲੱਗੀ ਹੋਈ ਸੀ। ਹਾਜੀ ਸਵਾਲ ਕਰ ਰਹੇ ਸਨ ਤੇ ਗੁਰੂ ਸਾਹਿਬ ਓਨਾਂ ਦੇ ਭਰਮ ਦੂਰ ਕਰ ਰਹੇ ਸਨ।

ਜਿਵੇ ਹਿੰਦ ਦੇ ਹਾਜੀਆਂ ਨੇ ਗੁਰੂ ਸਾਹਿਬ ਨੂੰ ਵੇਖਿਆ ਉਹ ਹੈਰਾਨ ਪ੍ਰੇਸ਼ਾਨ ਹੋ ਗਏ। "ਓ ਬਾਬਾ! ਇਹ ਤਾਂ ਓਹੀ ਹਿੰਦੂ ਦਰਵੇਸ਼ ਹੈ ਜਿੰਨੂ ਆਪਾਂ ਕਰਾਚੀ ਛੱਡਿਆ ਸੀ। ਇਹ ਸਾਥੋਂ ਪਹਿਲਾਂ ਕਿਵੇ ਪਹੁੰਚ ਗਿਆ? ਲਾਗੇ ਬੈਠੇ ਹਿੰਦੁਸਤਾਨ ਤੋਂ ਗਏ ਹੋਰ ਹਾਜੀਆ ਕਿਹਾ ਕਿ ਬਾਬਾ ਨਾਨਕ ਨੂੰ ਆਏ ਤਾਂ ਚੋਖਾ ਵਕਤ ਬੀਤ ਗਿਆ। ਮਹੀਨੇ ਤੋਂ ਵੀ ਜਿਆਦਾ। ਉਹ ਹੈਰਾਨ ਸਨ। ਓਹਨਾਂ ਮਰਦਾਨੇ ਨੂੰ ਵੀ ਪਛਾਣ ਲਿਆ। ਦੁਹਾਈ ਪੈ ਗਈ। ਇਹ ਮਹੀਨਾ ਪਹਿਲਾਂ ਕਿਵੇ ਪਹੁੰਚ ਸਕਦੇ ਨੇ?

ਕਿਉਕਿ ਗੁਰੂ ਸਾਹਿਬ ਦਾ ਉੱਚ ਦੇ ਪੀਰਾਂ ਦੇ ਘਰਾਣੇ ਵਿੱਚ ਵੱਡਾ ਸਤਿਕਾਰ ਹੈ ਇਸ ਕਰਕੇ ਲਗਦੈ ਕਿ ਇਹ ਗੱਲ ਛੁਪਾਈ ਗਈ ਸੀ ਕਿ ਗੁਰੂ ਨਾਨਕ ਨੂੰ ਕਰਾਚੀ ਤੋਂ ਜਹਾਜ ਤੇ ਚੜ੍ਹਨ ਦੀ ਵਿਰੋਧਤਾ ਖੁੱਦ ਉੱਚ ਅਤੇ ਮੁਲਤਾਨ ਦੇ ਪੀਰਾਂ ਨੇ ਕੀਤੀ।○ ਮੱਕੇ ਮਦੀਨੇ ਦੀ ਗੋਸ਼ਟਿ ਵਿੱਚ ਵੀ ਬਹਾਉਦੀਨ ਜਕਰੀਆ ਦੇ ਖਾਨਦਾਨ ਦੇ ਪੀਰਾਂ ਨਾਲ ਗੱਲ ਬਾਤ ਹੈ। ਕਿਉਕਿ ਇਨਾਂ ਪੀਰਾਂ ਦੇ ਪਹੁੰਚਣ ਤੋਂ ਪਹਿਲਾਂ ਗੁਰੂ ਸਾਹਿਬ ਮੱਕੇ ਵਿਚ ਸਨ ਇਸ ਕਰਕੇ ਇਨਾਂ ਪੀਰਾਂ ਦੀ ਸ਼ਰਧਾ ਸਾਹਿਬ ਨਾਲ ਹੋਰ ਵੱਧ ਗਈ।

-----◈-----

## ਨਾਨਕ ਮਸੀਤ ਅਤੇ ਕੌਂਸ⊙

ਇਤਹਾਸ ਵਿਚ ਆਉਦਾ ਹੈ ਕਿ ਮੱਕੇ ਵਿਚ ਗੁਰੂ ਸਾਹਿਬ ਦੇ ਨਾਂ ਦੀ ਮਸੀਤ ਵੀ ਬਣ ਗਈ। ਇਥੇ ਗੁਰੂ ਸਾਹਿਬ ਦੇ ਪੈਰਾਂ ਦਾ ਜੋੜਾ ਵੀ ਸ਼ੁੱਸ਼ੋਭਿਤ ਹੁੰਦਾ ਸੀ।

*ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਅੱਜ ਤੋਂ ਦੋ ਸਦੀਆਂ ਪਹਿਲਾਂ ਤੱਕ ਇਹ ਕੌਂਸ ਮੌਜੂਦ ਸੀ।○ ਕਾਬੇ ਤੋਂ ਕੋਈ ਡੇਢ ਮੀਲ ਉੱਤਰ, ਹਮਰਾ ਵਾਲੀ ਸੜਕ ਤੇ ਬਾਬਾ ਫਰੀਦ ਦੀ ਮਸੀਤ ਲਾਗੇ ਹੀ ਨਾਨਕ ਪੀਰ ਵਲੀ ਏ ਹਿੰਦ ਦੀ ਮਸੀਤ ਹੁੰਦੀ ਸੀ।

ਪੰਜਾਬ ਵਿਚ ਫਿਰ ਸਿੱਖ ਇਕ ਵੱਖਰਾ ਫਿਰਕਾ ਪਣਪ ਰਿਹਾ ਸੀ ਜਿਸ ਕਰਕੇ ਵਕਤ ਪਾ ਕੇ ਹੌਲੀ ਹੌਲੀ ਗੁਰੂ ਸਾਹਿਬ ਦੀ ਮਸੀਤ ਦੀ ਇਥੇ ਅਹਿਮੀਅਤ ਘਟਦੀ ਗਈ। ਦੋ ਕੁ ਸੌ ਸਾਲ ਬਾਦ ਫਿਰ ਉੱਚ ਦਾ ਇਕ ਪੀਰ ਗੁਰੂ ਸਾਹਿਬ ਦੀ ਕੌਂਸ (ਜੁੱਤੀ) ਓਥੋਂ ਚੁੱਕ ਲਿਆਇਆ। ਦੂਸਰੇ ਪਾਸੇ ਉੱਚ ਦੇ ਸਯੱਦ ਖਾਨਦਾਨਾਂ ਕੋਲੋਂ ਪਤਾ ਕਰੋ ਤਾਂ ਦੋ ਪ੍ਰਵਾਰਾਂ ਕੋਲੋ ਗੁਰੂ ਸਾਹਿਬ ਦੀਆਂ ਖੜਾਵਾਂ ਦਾ ਇਕ ਇਕ ਜੋੜਾ ਮੌਜੂਦ ਹੈ।◆

-----◈-----

## ਜਨਮ ਸਾਖੀ: ਮੱਕੇ ਮਦੀਨੇ ਦੀ ਗੋਸ਼ਟਿ

ਮੱਕੇ ਮਦੀਨੇ ਦੀ ਗੋਸ਼ਟਿ ਮੁਲਤਾਨ ਦੇ ਇਲਾਕੇ ਵਿੱਚ ਲਿਖੀ ਗਈ ਸ਼ਾਇਰੋ ਸ਼ਾਇਰੀ ਦੀ ਕਿਤਾਬ ਹੈ। ਇਹ ਜਨਮ ਸਾਖੀਆਂ ਲਿਖੇ ਜਾਣ ਤੋਂ ਵੀ ਪਹਿਲਾਂ ਦੀ ਕ੍ਰਿਤ ਹੈ। ਇਸ ਵਿਚ ਮੌਲਾਣਿਆਂ

ਪੈੜ ਸਫ਼ਾ

⊙ ਵਾਰਾਂ ਭਾਈ ਗੁਰਦਾਸ, ○ ਗਿਆਨੀ-262

◆ ਹਜਰਤ ਫਜਲੂਦੀਨ ਲਾਡਲਾ ਪ੍ਰਵਾਰ। (ਫੋਨ ਨੰ.+923457293437)

◆ https://youtu.be/ATe23wFJ7CY

### ਸਾਮੀ ਮਜ਼੍ਹਬ (Semitic Religions)

ਹਜਰਤ ਇਬਰਾਹੀਮ ਅਰਬ ਦੇਸਾਂ ਵਿੱਚ ਪ੍ਰਚਲਤ ਤਿੰਨ ਮਜ਼੍ਹਬਾਂ ਦਾ ਸਾਂਝਾ ਪੈਗੰਬਰ ਹੈ। ਇਨਾਂ ਤਿੰਨਾਂ ਮਜ਼੍ਹਬਾਂ ਨੂੰ ਸ਼ਾਮੀ ਜਾਂ ਸਮੈਟਿਕ ਮਜ਼੍ਹਬ ਕਿਹਾ ਜਾਂਦਾ ਹੈ। ਇਹ ਹਨ: 1. ਯਹੂਦੀ (ਜਨਮ 7 ਸਦੀ ਈ. ਪੂ.), 2. ਈਸਾਈਮਤ (ਜਨਮ ਪਹਿਲੀ ਸਦੀ ਈਸਵੀ) ਅਤੇ 3. ਇਸਲਾਮ (ਜਨਮ 7ਵੀ ਸਦੀ ਈ.) ਇਸੇ ਤੋਂ ਕੁਝ ਹੋਰ ਵੀ ਛੋਟੇ ਮੋਟੇ ਮਜ਼੍ਹਬ ਨਿਕਲੇ ਹੋਏ ਹਨ ਜਿਵੇ 4. ਸੁਮੇਰੀਅਨ, 5. ਡਰੂਜ਼, 6. ਰਸਤਫਾਰੀ ਅਤੇ 7. ਬਾਬੀ।

ਸਾਮੀ ਧਰਮਾਂ ਦੇ ਵੀ ਹਿੰਦੂਮਤ ਵਾਙੂ ਲੱਖਾਂ ਪੈਗੰਬਰ ਮੰਨੇ ਜਾਂਦੇ ਹਨ ਜੋ ਇਬਰਾਹੀਮ ਤੋਂ ਪਹਿਲਾਂ ਹੋਏ। ਹਦੀਸ ਦੇ ਮੁਤਾਬਿਕ 124000 ਪੈਗੰਬਰ ਹੋਏ। ਇਨਾਂ ਵਿਚੋਂ ਕੁਝ ਇੱਕ ਖਾਸ ਪੈਗੰਬਰ ਇਸ ਤਰਾਂ ਹਨ: 1. ਆਦਮ (Adam) (ਬਾਬਾ ਆਦਮ ਤੇ ਬੀਬੀ ਹਵਾ ਜਿਸ ਤੋਂ ਇਨਸਾਨ ਦੀ ਜਾਤ ਚਲਦੀ ਹੈ), 2. ਇਦਰੀਸ (Enoch), 3. ਨੂੰਹ (Noah), 4. ਹੁਦ (ਐਬਰ) (Hud ), 5. ਸਾਲਹ (Salih ), 6. ਇਬਰਾਹੀਮ (Abraham), 7. ਲੁਤ (Lot), 8. ਇਸਮਾਇਲ (Ishmael), 9. ਇਸਹਾਕ (Isaac), 10. ਯਾਕੂਬ (Jacob), 11. ਯੂਸਫ (Joseph), 12. ਅਯੂਬ (Job), 13. ਸ਼ੋਆਇਬ (Shuaib ), 14. ਮੂਸਾ (Moses) ਅਤੇ ਹਾਰੂਨ (Aaron), 15. ਹਿਜ਼ਕੀਲ (Ezekiel), 16. ਸ਼ਮੀਲ (Samuel), 17. ਜੁਲ ਕਿਫੀ (Dhul-Kifl), 18. ਦਾਊਦ (David), 19. ਸੁਲੇਮਾਨ (Soloman), 20. ਸ਼ੀਆ (Isaiah), 21. ਅਰਾਮੀਆ (Jeremiah), 22. ਡੇਨੀਅਲ (Daniel), 23. ਉਜ਼ੈਰ (Ezra), 24. ਇਲੀਆਸ ( Elisha), 25. ਯੂਨੁਸ (Jonah ), 26. ਜ਼ਕਰੀਆ ( Zechariah), 27. ਯਾਹੀਆ ( John), 28. ਈਸਾ ਜਾਂ ਜੱਸੂ ਮਸੀਹ (Jesus), 29. ਹਜਰਤ ਮੁਹੰਮਦ ( Muhammad),

ਮੁਸਲਮਾਨਾਂ ਦਾ ਮੰਨਣਾ ਹੈ ਕਿ ਮੁਹੰਮਦ ਸਾਹਿਬ ਆਖਰੀ ਪੈਗੰਬਰ ਹਨ ਤੇ ਇਸ ਤੋਂ ਬਾਦ ਕੋਈ ਪੈਗੰਬਰ ਨਹੀ ਹੋਵੇਗਾ।

ਦੇ ਸਵਾਲ ਤੇ ਗੁਰੂ ਸਾਹਿਬ ਦੇ ਜਵਾਬਾਤ ਨੂੰ ਬੜੇ ਖੂਬਸੂਰਤ ਅੰਦਾਜ਼ ਵਿੱਚ ਅੱਜ ਤੋਂ ਲੱਗ ਪੱਗ 400 ਸਾਲ ਪਹਿਲਾਂ ਲਿਖਿਆ ਹੈ। ਗੋਸ਼ਟਿ ਦਾ ਕਾਵ ਭਾਗ ਸਪੱਸ਼ਟ ਤੌਰ ਤੇ ਗੂੜੀ ਸਰਾਇਕੀ ਵਿੱਚ ਹੈ ਤੇ ਵਾਰਤਕ ਭਾਗ ਕਿਸੇ ਲਹੌਰੀ ਬੰਦੇ ਦੀ ਲਿਖਤ ਲਗਦੀ ਹੈ। ਹਾਲਾਂ ਸ਼ੁਧ ਕੇਂਦਰੀ ਪੰਜਾਬੀ ਨਹੀ ਹੈ। :-

## ਸਵਾਲ ਜੀਵਣ ਸੂਰਾ

(ਕਿ ਬੰਦਾ ਰੱਬ ਦੀ ਬੰਦਗੀ ਕਰੇ, ਕਲਮਾ ਪੜੇ, ਹਜਰਤ ਮੁਹੰਮਦ ਨੂੰ ਰੱਬ ਦਾ ਦੂਤ (ਅਜੈਂਟ) ਮੰਨੇ ਤਾਂ ਅੰਤ ਵੇਲੇ ਮੁਕਤੀ ਪਾਏਗਾ ਸਵੱਰਗਾਂ 'ਚ ਜਾਏਗਾ।)

ਹਮਦ ਸਨਾਈ ਰੱਬ ਨੋਂ ਦੋਇਮ ਨਬੀ ਰਸੂਲ॥
ਸੋਇਮ ਚਾਰੇ ਯਾਰ ਹੈਂ, ਪੜ੍ਹ ਕਲਮਾਂ ਪਵੇ ਕਬੂਲ॥
ਲਿਖਿਆ ਧੁਰ ਦਰਗਾਹ ਦਾ ਇਕੋ ਪਾਕ ਅਲਾਹਿ॥
ਦੂਜਾ ਕਲਮਾਂ ਨਬੀ ਦਾ ਪੜ ਹੋ ਕੇ ਪਾਕ ਰਵਾਹਿ॥
ਅਜ਼ਰਾਈਲ ਫਰੇਸ਼ਤਾ ਜਦ ਫੂਕੇਸੀ ਕਰਨਾਇ॥
ਰਾਜੀ ਹੋਸੀ ਰੱਬ ਤਦ ਪੈਗੰਬਰ ਸਾਹਾਇ॥
ਉਤਮ ਛੁਟੂ ਨਬੀ ਦੀ ਦੋਜ਼ਕ ਕਾਫਰ ਪਾਹਿ॥
ਲਿਖਿਆ ਵਿਚ ਕਤਾਬ ਦੇ ਏਹੋ ਆਪ ਅਲਾਹਿ॥

(ਅਰਬੀ ਫਾਰਸੀ ਦੇ ਲਫਜਾਂ ਦੇ ਅਰਥ :ਹਮਦ -ਉਸਤਤ, ਸਨਾਈ- ਉਸਤਤ, ਦੋਇਮ- ਦੂਜਾ, ਸੋਇਮ- ਸੋਈ?)

## ਜਵਾਬ ਨਾਨਕ ਸ਼ਾਹ ਸੂਰਾ

(ਰੱਬ ਦੀ ਉਸਤਤ ਕਰਦਾ ਰਹੇ ਤੇ ਮੰਨੇ ਕਿ ਇਹ ਅਵਤਾਰ ਪੈਗੰਬਰ ਜਾਂ ਰਸੂਲ ਲੱਖਾਂ ਹੋਏ ਨੇ ਤੇ ਇਹ ਰੱਬ ਦਾ ਭੇਦ ਨਹੀ ਪਾ ਸਕੇ। ਰੱਬ ਦਾ ਕੋਈ ਅਜੈਂਟ ਜਾਂ ਯਾਰ ਨਹੀ ਹੋ ਸਕਦਾ। ਮੁਕਤ ਉਹ ਹੋਣਗੇ ਜੋ ਸਾਧੂ ਸੰਤ ਦੇ ਲੜ ਲੱਗੇ ਹੋਏ ਸਨ ਤੇ ਗੁਨਾਹਗਾਰ ਸਜਾ ਪਾਉਣਗੇ।)

ਹਮਦ ਸਨਾਈਂ ਰੱਬ ਨੋਂ ਵਾਹਦ ਲਾ ਸਰੀਕ॥
ਅਵਤਾਰ ਪੈਗੰਬਰ ਜੇਤੜੇ ਕਰ ਨਾ ਸਕਨ ਤਹਕੀਕ॥
ਕੁਦਰਤ ਲਖ ਰਸੂਲ ਹੈ ਪੁਛੇ ਕੌਣ ਗਵਾਹ॥
ਮੁਫਤੀ ਕੋਈ ਨ ਰੱਬਦਾ ਯਾਰ ਨ ਕੋਈ ਆਹਿ॥
ਗੈਰ ਹਿਸਾਬ ਨ ਹੋਵਸੀ ਰਬਾਨੀ ਦਰਗਾਹਿ॥
ਤਲਬਾਂ ਪਉਸਨਿ ਆਕੀਆ ਕੀਤੇ ਜਿਨਾ ਗੁਨਾਹਿ॥
ਛੁਟਸਨ ਸੇਈ ਨਾਨਕਾ ਮੁਰਸ਼ਦ ਜਿਨਾ ਪਨਾਹਿ॥

(ਅਰਥ: ਵਾਹਦ-ਇਕੋ ਇਕ, ਲਾ- ਬਿਨਾਂ, ਤਹਕੀਕ- ਪੁਛ ਪੜਤਾਲ, ਮੁਫਤੀ- ਅਜੈਂਟ ਜਾਂ ਬੁਲਾਰਾ, ਰਬਾਨੀ- ਰੱਬ ਦੀ, ਪਨਾਹਿ- ਸ਼ਰਨ ਵਿਚ)

## ਸਵਾਲ ਕਾਜ਼ੀ ਰੁਕਨਦੀਨ

(ਵੇਖੋ ਕੁਰਾਨ ਵਿੱਚ ਖੁਦ ਅੱਲਾਹ ਨੇ ਲਿਖ ਦਿੱਤਾ ਹੈ ਕਿ ਜਿਹੜਾ ਰਸੂਲ ਨੂੰ ਮੰਨੇਗਾ ਉਹ ਸਵੱਰਗਾਂ ਵਿੱਚ ਤੇ ਜਿਹੜਾ ਰਸੂਲ ਦਾ ਕਲਮਾਂ ਨਹੀ ਪੜੇਗਾ ਉਹ ਨਰਕਾਂ ਵਿੱਚ ਪਵੇਗਾ। ਬੰਦਾ ਰੋਜੇ ਰੱਖੇ, ਪੰਜੇ ਨਮਾਜਾਂ ਪੜ੍ਹਦਾ ਰਹੇ, ਜ਼ਕਾਤ ਭਾਵ ਮਜ਼ਬੀ ਟੈਕਸ ਦਿੰਦਾ ਰਹੇ ਤਾਂ ਮੁਕਤ ਹੋਵੇਗਾ)

ਆਖੇ ਕਾਜ਼ੀ ਰੁਕਨਦੀਨ ਸੁਣਹੋ ਨਾਨਕ ਸ਼ਾਹ॥
ਲਿਖਿਆ ਵਿੱਚ ਕੁਰਾਨ ਦੇ ਸੱਚੇ ਆਪ ਅਲਾਹਿ॥
ਭਰਸੇ ਨਬੀ ਸਫਾਤ ਜਿਸ ਮੋਮਨ ਭਿਸ਼ਤੀ ਜਾਹਿ॥
ਕਲਮਾਂ ਪੜੇ ਨ ਨਬੀ ਦਾ ਕਾਫਰ ਦੋਜ਼ਕ ਪਾਹਿ॥
ਅੱਲਾ ਦਾ ਫੁਰਮਾਇਆ ਪਲਟੇ ਸੋ ਨ ਕਦਾਤ॥
ਰੋਜ਼ੇ ਹੱਜ ਨਿਮਾਜ਼ ਪੰਜ ਕਲਮਾਂ ਕੱਢੇ ਜ਼ਕਾਤ॥
ਹੋਇ ਮੁਸੱਲਮ ਦੀਨ ਪਰ ਲਿਖਿਆ ਵਿਚ ਹਦੀਸ॥
ਦੀਨ ਮੁਹੰਮਦੀ ਰੱਬ ਦਾ ਔਰ ਮਜ਼ਬ ਅਵਲੀਸ॥

(ਅਰਥ: ਸਫਾਤ-ਦੋਸਤੀ, ਭਿਸਤੀ - ਬਹਿਸ਼ਤ,ਸਵੱਰਗ, ਦੋਜ਼ਕ- ਨਰਕ, ਜਕਾਤ- ਮਜ਼ਬੀ ਟੈਕਸ, ਹਦੀਸ- ਮੁਸਲਮਾਨਾ ਕਨੂੰਨ, ਅਵਲੀਸ- ਅਵਲ/ ਮੁੱਖੀ)

## ਜਵਾਬ ਨਾਨਕ ਸ਼ਾਹ ਸੂਰਾ॥

(ਓਥੇ ਤਾਂ ਅਮਲਾਂ ਤੇ ਨਬੇੜੇ ਹੋਣੇ ਨੇ ਕਿਸੇ ਨਬੀ ਜਾਂ ਹੋਰ ਦੀ ਸ਼ਿਫਾਰਸ਼ ਨਹੀ ਚਲਣੀ। ਰੱਬ ਵਾਸਤੇ ਹਿੰਦੂ ਤੇ ਮੁਸਲਮਾਨ

ਖੋਜ ਸਫਾ

### ਹਜਰਤ ਮੁਹੰਮਦ ਸਾਹਿਬ : ਮੁਸਲਮਾਨਾਂ ਦਾ ਪੈਗੰਬਰ

ਹਜਰਤ ਮੁਹੰਮਦ ਸਾਹਿਬ ਦਾ ਜਨਮ ਮੱਕੇ ਵਿੱਚ 570 ਈ. ਨੂੰ ਹੋਇਆ। ਇਨਾਂ ਦੇ ਪਿਤਾ ਦਾ ਨਾਂ ਅਬਦੁਲਾ ਅਤੇ ਮਾਂ ਅਮੀਨਾ ਵਾਹਿਬ ਸੀ। ਪਿਤਾ ਮੁਹੰਮਦ ਦੇ ਜਨਮ ਤੋਂ 4 ਮਹੀਨੇ ਪਹਿਲਾਂ ਗੁਜਰ ਗਏ ਤੇ ਜਦੋਂ ਇਹ 7 ਸਾਲ ਦੇ ਸਨ ਤਾਂ ਮਾਤਾ ਵੀ ਗੁਜਰ ਗਈ। ਇਨਾਂ ਦੇ ਯਤੀਮ ਹੋ ਜਾਣ ਤੇ ਮਾਮੇ ਅਬੂ ਤਾਲਿਬ ਤੇ ਉਹਦੀ ਪਤਨੀ ਫਾਤਿਮਾ ਨੇ ਪਾਲਿਆ ਸੀ। ਉਹ ਸੁਦਾਗਰ ਸਨ ਤੇ ਅਕਸਰ ਸ਼ਾਮ (ਸੀਰੀਆ) ਵਪਾਰ ਦੇ ਸਿਲਸਿਲੇ ਵਿੱਚ ਤੁਰੇ ਰਹਿੰਦੇ ਸਨ।

ਇਨਾਂ ਕੁਲ 13 ਸ਼ਾਦੀਆਂ ਕੀਤੀਆਂ। ਮੁਹੰਮਦ ਸਾਹਿਬ ਦੇ ਤਿੰਨ ਪੁੱਤਰ ਤੇ 4 ਧੀਆਂ ਹੋਈਆਂ ਸਨ। ਪਰ ਇਹ ਸਾਰੇ ਬੱਚੇ ਉਨਾਂ ਦੇ ਸਾਹਮਣੇ ਹੀ ਗੁਜਰ ਗਏ ਸਨ। ਸਿਰਫ ਬੀਬੀ ਫਾਤਿਮਾ ਹੀ ਬਚੀ ਸੀ। ਜਿਸ ਦੀ ਓਲਾਦ ਸਯੱਦ ਜਾਂ ਸ਼ਰੀਫ ਕਹਾਉਂਦੇ ਨੇ।

ਬੜੀ ਹੈਰਾਨੀ ਦੀ ਗੱਲ ਸਯੱਦ ਪ੍ਰਵਾਰ ਅੱਜ ਵੱਡੀ ਗਿਣਤੀ ਵਿੱਚ ਪਾਕਿਸਤਾਨ ਵਿੱਚ ਹਨ।

ਕਦੀ ਕਦੀ ਮੁਹੰਮਦ ਚੁੱਪ ਚਾਪ ਕਿਸੇ ਸੁੰਨ ਸਾਨ ਥਾਂ ਤੇ ਚਲੇ ਜਾਂਦੇ ਤੇ ਦੁਨੀਆ ਦੀ ਖੇਡ ਬਾਰੇ ਸੋਚਦੇ। 40 ਸਾਲ ਦੀ ਉਮਰ ਵਿੱਚ ਇਨਾਂ ਨੂੰ ਫਿਰ ਇਜਰਾਈਲ ਫਰਿਸ਼ਤੇ ਦੇ ਦਰਸ਼ਨ ਹੋਏ। ਇਨਾਂ ਫਿਰ ਤਾਉਹੀਦ ਭਾਵ ਅੱਲਾਹ ਸਿਰਫ ਇੱਕ ਹੈ ਦੇ ਸਿਧਾਂਤ ਦਾ ਪ੍ਰਚਾਰ ਸ਼ੁਰੂ ਕੀਤਾ ਤੇ ਕਿਹਾ ਕਿ ਮੈਂ ਅੱਲਾਹ ਦਾ ਰਸੂਲ ਹਾਂ ਭਾਵ ਦੂਤ ਹਾਂ। ਇਨਾਂ ਦੇ ਮਜ਼ਬ ਦੀ ਖੂਬਸੂਰਤੀ ਇਨਾਂ ਦੀ ਪੰਜ ਵੇਲਿਆਂ ਦੀ ਨਮਾਜ ਹੈ। ਜ਼ਕਾਤ ਭਾਵ ਦਾਨ ਦੇਣ ਦਾ ਅਸੂਲ। ਮਜ਼ਬ ਦੇ ਮੂਲ ਵਿੱਚ ਕਰਮ ਕਾਂਡ ਵੀ ਹਨ ਜਿਵੇ ਮੱਕੇ ਦੇ ਹੱਜ ਤੇ ਜੋਰ ਦੇਣਾ ਤੇ ਰੋਜ਼ੇ ਰੱਖਣੇ। ਫਿਰ ਉਨਾਂ ਦਾ ਸਿਧਾਂਤ ਹੈ ਕਿ ਇੱਕ ਦਿਨ ਕਿਆਮਤ ਆਏਗੀ ਤੇ ਹੁਣ ਤੱਕ ਜਿੰਨੇ ਲੋਕ ਮਰੇ ਨੇ ਉਹ ਜਿੰਦਾ ਹੋ ਜਾਣਗੇ ਅਤੇ ਉਸ ਵੇਲੇ ਫਿਰ ਉਨਾਂ ਦੇ ਕੀਤੇ ਅਮਲਾਂ ਦਾ ਹਿਸਾਬ ਕਿਤਾਬ ਹੋਵੇਗਾ। ਇਸਲਾਮ ਦੇ ਵਿਰੋਧੀ ਇਸ ਤੇ ਕਟਾਖ ਕਰਦੇ ਹਨ ਕਿ ਜੇ ਲੱਖਾਂ ਸਾਲਾਂ ਤੋਂ ਮਰਦੇ ਆ ਰਹੇ ਲੋਕ ਜੀ ਉਠੇ ਤੇ ਧਰਤੀ ਤੇ ਕੁਰਬਲ ਕੁਰਬਲ ਹੋ ਜਾਏਗੀ ਤੇ ਖਲੋਣ ਵਾਸਤੇ ਵੀ ਥਾਂ ਨਹੀ ਹੋਵੇਗੀ।

ਮੁਹੰਮਦ ਸਾਹਿਬ ਨੇ ਕਾਬੇ ਵਿਖੇ ਮੂਰਤੀ ਪੂਜਾ ਦਾ ਖੰਡਣ ਕੀਤਾ ਜਿਸ ਕਰਕੇ ਇਨਾਂ ਦੀ ਸਖਤ ਵਿਰੋਧਤਾ ਹੋਈ ਤੇ ਇਨਾਂ ਨੂੰ ਲੜਾਈਆਂ ਵੀ ਕਰਨੀਆਂ ਪਈਆਂ ਸਨ।

622 ਈ ਵਿੱਚ ਫਿਰ ਇਹ ਮਦੀਨੇ ਹਿਜਰਤ ਕਰ ਗਏ। ਏਸੇ ਤੋਂ ਹੀ ਫਿਰ ਹਿਜਰੀ ਸੰਨ ਚਾਲੂ ਹੁੰਦਾ ਹੈ। 629 ਈ ਵਿੱਚ ਇਨਾਂ 10000 ਲੜਾਕੂ ਇਕੱਠੇ ਕਰਕੇ ਮੱਕੇ ਤੇ ਹਮਲੇ ਕੀਤਾ। ਫਿਰ ਬਿਨਾਂ ਖੂਨ ਡੋਲੇ ਮੱਕੇ ਤੇ ਕਬਜਾ ਹੋ ਗਿਆ।

632 ਈ. ਵਿੱਚ ਕੁਝ ਸਮਾਂ ਬੀਮਾਰ ਰਹਿਣ ਤੇ ਉਨਾਂ ਦਾ ਦਿਹਾਂਤ ਮਦੀਨੇ ਵਿਖੇ ਹੋ ਗਿਆ। ਉਨਾਂ ਦੀ ਕਬਰ ਮੁਸਲਮਾਨਾਂ ਵਾਸਤੇ ਮੱਕੇ ਵਾਂਗੂ ਹੀ ਵੱਡੀ ਇਬਾਦਤਗਾਹ ਹੈ।

ਉਨਾਂ ਦੀ ਮੌਤ ਤੱਕ ਉਨਾਂ ਨੂੰ ਅੱਲਾਹ ਵਲੋਂ ਬਾਣੀ ਉਤਰਦੀ ਰਹੀ। ਜਿਸ ਦੀ ਬਾਦ ਵਿੱਚ ਜਿਲਦ ਬਣਾ ਦਿੱਤੀ ਗਈ ਤੇ ਇਹ ਕੁਰਾਨ ਅਖਵਾਉਂਦੀ ਹੈ।

ਇਸ ਤੋਂ ਇਲਾਵਾ ਉਨਾਂ ਦੇ ਜੀਵਨ ਅਤੇ ਕਾਰਵਿਹਾਰ ਤੇ ਜੋ ਕਿਤਾਬ ਲਿਖੀ ਗਈ ਹੈ ਉਹ ਕਰਮਵਾਰ ਹਦੀਸ ਤੇ ਸੁਨ੍ਹਾ ਕਹਾਉਂਦੀਆਂ ਹਨ ਤੇ ਮੁਸਲਮਾਨਾਂ ਵਾਸਤੇ ਇਹ ਹੀ (ਸ਼੍ਰੀਅਤ) ਕਾਨੂੰਨ ਤੇ ਜੀਵਨ ਦੀ ਰਾਹ ਮਰਿਆਦਾ ਹਨ। ਇਸੇ ਸ਼੍ਰੀਅਤ ਕਰਕੇ ਹੀ ਮੁਸਲਮਾਨ ਵੱਖਰੇ ਨਜਰ ਆਉਂਦੇ ਹਨ। ਇਹ ਸ਼੍ਰਾ ਅੱਜ ਦੁਨੀਆ ਵਿਚ ਵੱਡਾ ਵਾਦ ਵਿਵਾਦ ਦਾ ਵਿਸ਼ਾ ਬਣੀ ਹੋਈ ਹੈ। ਸਾਹਿਬ ਨੇ ਵੀ ਫਰਮਾਇਆ ਸੀ:

ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥ ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥

ਇਕ ਤਰਾਂ ਨਾਲ ਗੁਰੂ ਸਾਹਿਬ ਨੇ ਕਿਹਾ ਸੀ ਕਿ ਅਸਲ ਮੁਸਲਮਾਨ ਉਹ ਨਹੀ ਹਨ ਜਿਹੜੇ ਸ਼੍ਰਾ ਦੇ ਅਸੂਲਾਂ ਦੀਆਂ ਹੀ ਗੱਲਾਂ ਕਰਦੇ ਰਹਿੰਦੇ ਹਨ। ਮੁਸਲਮਾਨ ਤਾਂ ਉਹ ਹਨ ਜਿੰਨਾਂ ਨੂੰ ਖੁਦਾ ਨਾਲ ਮੁਹੱਬਤ ਹੈ ਤੇ ਉਹਦੀ ਬੰਦਗੀ ਕਰਦੇ ਹਨ।

ਬਰਾਬਰ ਹਨ। ਕਿਸੇ ਨੂੰ ਕਾਫਰ ਕਹਿ ਕੇ ਜੁਲਮ ਨਾਂ ਕਰੋ। ਜੀਆਂ ਤੇ ਜੁਲਮ ਨਾਂ ਕਰੋ)

ਸੁਣਹੋ ਕਾਜ਼ੀ ਰੁਕਨਦੀਨ ਆਖੇ ਨਾਨਕ ਸ਼ਾਹ॥
ਜਿਨਾ ਇਮਾਨ ਸਲਾਮਤੀ ਮਿਲਸੀ ਭਿਸ਼ਤ ਤਿਨਾਹ॥
ਰੁਕਨਲ ਨੀਅਤ ਰਾਸ ਕਰ ਦਰਗਹ ਪਵੇ ਕਬੂਲ॥
ਇਕੋ ਆਪ ਖੁਦਾਇ ਹੈ ਕੇਤੇ ਨਬੀ ਰਸੂਲ॥
ਨਾਹਿ ਸਫਾਰਸ਼ ਕਿਸੇ ਦੀ ਓਥੇ ਮੰਨੀ ਜਾਇ॥
ਅਮਲਾ ਪਿਛੇ ਦੇਵਸੀ ਦੋਜ਼ਕ ਭਿਸ਼ਤ ਖੁਦਾਇ॥
ਬੰਦੇ ਇੱਕ ਖੁਦਾਇ ਦੇ ਹਿੰਦੂ ਮੁਸਲਮਾਨ॥
ਦਾਵਾ ਰਾਮ ਰਸੂਲ ਦਾ ਕਰਦੇ ਮੂੜ੍ਹ ਅਜਾਣ॥
ਜ਼ੋਰ ਜ਼ੁਲਮ ਹਰਾਮ ਹੈ ਕਿਸੇ ਨ ਕਰੋ ਰੰਜੂਲ॥
ਜੋ ਕੋਈ ਕਰ ਹੈ ਬੰਦਗੀ ਸੋਈ ਪਵੈ ਕਬੂਲ॥
ਖਾਸਾ ਜੁਸਾ ਆਦਮੀ ਚੁਣਿਆ ਸਭਨਾ ਮਾਹਿ॥
ਦੇਂਦਾ ਨੂਰ ਖੁਦਾਇ ਹੈ ਇਕੋ ਆਦਮ ਰੂਹ॥
ਚੰਗਾ ਮੰਨੇ ਆਪਨੋਂ ਪਵੇ ਕੁਫਰ ਦੇ ਖੂਹ॥
ਜੀਆ ਮਾਰ ਜੋ ਖਾਂਵਦੇ ਕਹਿਸਨ ਮੁਹੋਂ ਹਲਾਲ॥
ਜ਼ਰਾ ਜ਼ਰਾ ਸੋ ਕੁੱਸੀਅਨ ਦਰਗਹਿ ਨਿਆਉ ਸੰਭਾਲ॥

(ਅਰਥ: ਰੰਜੂਲ-ਦੁਖੀ ਕਰਨਾਂ ਰੰਜਸ਼, ਜੁਸਾ- ਸਰੀਰ)

## ਸਵਾਲ ਰੁਕਨਦੀਨ

(ਵੇਖੋ ਕੁਰਾਨ ਵਿੱਚ ਖੁਦਾ ਨੇ ਆਪ ਲਿਖਿਆ ਹੈ ਕਿ ਬਾਕੀ ਸਾਰੇ ਫਲਸਫੇ ਤੇ ਧਰਮ ਰੱਦ ਕਰਕੇ ਇਸਲਾਮ ਨੂੰ ਮੰਨੋ ਤੇ ਮੁਹੰਮਦ ਨੂੰ ਆਖਰੀ ਪੈਗੰਬਰ ਤਸਲੀਮ ਕਰੋ)

ਰੁਕਨਲ ਆਖੇ ਨਾਨਕਾ ਸੱਚ ਕਤੇਬ ਕੁਰਾਨ॥
ਤਿੰਨ ਕਤੇਬਾਂ ਮਨਸੂਖ ਕਰ, ਭੇਜਯਾ ਰੱਬ ਫੁਰਮਾਨ॥
ਪੈਗੰਬਰ ਆਖੀਰ ਦਾ, ਹੁਕਮ ਕਰੋ ਪਰਵਾਨ॥
ਮਜਬਾਂ ਔਰ ਮਨਸੂਖ ਕਰ ਕੀਤੇ ਮੁਸਲਮਾਨ॥
ਲਿਖਿਆ ਆਪ ਖੁਦਾਇ ਨੇ ਵੇਖੋ ਵਿੱਚ ਕੁਰਾਨ॥
ਰਚੇ ਮੁਹੰਮਦ ਵਾਸਤੇ ਸੱਭੇ ਜ਼ਿਮੀ ਅਸਮਾਨ॥

(ਅਰਥ: ਮਨਸੂਖ- ਖੰਡਣ, ਰੱਦ ਕਰਨਾਂ)

## ਜਵਾਬ ਨਾਨਕ ਸ਼ਾਹ ਸੂਰਾ

(ਇਹ ਕਹਿਣਾ ਗਲਤ ਹੈ ਕਿ ਮੁਹੰਮਦ ਆਖਰੀ ਪੈਗੰਬਰ ਹੈ। ਉਸਨੂੰ ਗੁਜਰੇ ਹੋਏ 982 ਵਰੇ ਹੋ ਗਏ ਨੇ ਤੇ ਉਸ ਤੋਂ ਪਿੱਛੋ ਕਈ ਮਹਾਂ ਪੁਰਖ ਆ ਚੁੱਕੇ ਨੇ। ਹਰ ਇੱਕ ਨੇ ਆਪਣਾ ਮਜਬ ਫਿਰਕਾ ਚਲਾਇਆ ਹੈ ਤੇ ਭੇਸ ਬਣਾਏ ਨੇ। ਕਿਸੇ ਨੇ ਲਿੰਗ ਕਟਵਾ ਦਿੱਤੇ ਭਾਵ ਸੁੰਨਤ ਕਰਨਾਂ ਕਿਸੇ ਨੇ ਕਿਹਾ ਵਾਲ ਕੱਟੋ। ਰੱਬ ਵਲੋ ਦਿੱਤਾ ਸਰੂਪ ਰੱਦ ਕੀਤਾ ਹੈ। ਤੇ ਇਸ ਪ੍ਰਕਾਰ ਹੁਕਮ ਅਦੂਲੀ ਕੀਤੀ ਹੈ। ਤੁਹਾਡੀ ਹੀ ਕੁਰਾਨ ਵਿੱਚ ਲਿਖਿਆ ਹੈ ਕਿ ਬੰਦਗੀ ਤੋਂ ਇਲਾਵਾ ਬਾਕੀ ਕੰਮ ਸ਼ੈਤਾਨੀ ਹਨ।)

(ਅਰਥ: ਤਬਕ- ਤਬਕਾ / ਪਰਤ, ਅਜ਼ੂਰਦਾ- ਚਮਕਦਾਰ, ਜ਼ਰਦਰੂ- ਸ਼ਰਮਿੰਦਾ, ਅਰਬਾ- ਚਾਰ, ਨਾਸਰ- ਲਿਖਣਵਾਲਾ)

## ਸਵਾਲ ਕਾਜ਼ੀ ਰੁਕਨਦੀਨ

ਅਖੇ ਰੁਕਨਲ ਨਾਨਕਾ ਲਿਖਯਾ ਵਿੱਚ ਕੁਰਾਨ॥
ਆਇਆ ਮੁਹੰਮਦ ਮੁਸਤਫਾ ਖਾਸਾ ਮੁਸਲਮਾਨ॥
ਜੁੱਸਾ ਥਾ ਉਸ ਪਾਕ ਦਾ, ਸਾਯਾ ਓਸ ਨ ਮੂਲ॥
ਨੂਰੀ ਜੁੱਸਾ ਓਸਦਾ ਮੱਖੀ ਬਹੇ ਨ ਮੂਲ॥
ਕਾਇਮ ਕਿਆਮਤ ਲੈ ਰਹੇ ਆਪ ਖੁਦਾ ਕੇ ਪਾਸ॥
ਭਿਸ਼ਤ ਦਿਵਾਏ ਉੱਮਤੀ ਦੇਇ ਗਵਾਹੀ ਖਾਸ॥
ਰੋਜੇ ਰਖੇ ਨਿਮਾਜ਼ ਪੜ੍ਹ ਕਲਮਾਂ ਹੱਜ ਜ਼ਕਾਤ॥
ਪੰਜੇ ਅਮਲ ਕਰੇਂਦੜੇ ਸੋਈ ਪਾਇ ਨਜ਼ਾਤ

(ਅਰਥ: ਖਾਸਾ- ਖਾਸ ਕਰਕੇ, ਉੱਮਤ- ਮੁਸਲਮਾਨਾ ਸੰਗਤ)

## ਜਵਾਬ ਨਾਨਕ ਸਾਹ ਸੂਰਾ

(ਨਾਂ ਨਾਂ! ਸਿਰਫ ਖੁਦਾ ਦਾ ਹੀ ਜੁੱਸਾ ਨੂਰੀ ਹੈ ਬਾਕੀ ਤਾਂ ਸਭਨਾਂ ਨੇ ਇੱਕ ਦਿਨ ਮਿੱਟੀ ਹੋ ਜਾਂਣਾ ਹੈ। ਬਾਕੀ ਗੱਲ ਅਮਲਾਂ ਤੇ ਮੁਕਣੀ ਹੈ। )

ਨਾਨਕ ਅਖੇ ਰੁਕਨਦੀਨ ਨੂਰੀ ਇੱਕ ਖੁਦਾਇ॥
ਜੁੱਸਾ ਉਸ ਦਾ ਆਤਸ਼ੀ ਮੱਖੀ ਤਹਾਂ ਨ ਜਾਇ॥
ਖਾਕੀ ਜੁੱਸਾ ਆਦਮੀ ਸਾਯਾ ਬਿਨਾਂ ਨਾ ਕੋਇ॥
ਕਾਇਮ ਇੱਕ ਖੁਦਾਇ ਬਿਨ ਔਰ ਨ ਰਹਿਸੀ ਕੋਇ॥
ਅਮਲਾ ਪਿੱਛੇ ਮਿਲੇ ਹੈ ਦੋਜ਼ਖ ਭਿਸ਼ਤ ਵਿਚਾਰ॥
ਪਾਸ ਖੁਦਾ ਦੇ ਕੋਇ ਨਹਿੰ ਰਹੇ ਨਬੀ ਅਵਤਾਰ॥
ਲਾਲਚ ਕੂੜ ਦਿਖਾਇਕੇ ਦੁਨੀਆਂ ਕੀਤੀ ਯਾਰ॥
ਪੜ੍ਹ ਤੋਰੇਤ ਅੰਜੀਲ ਨੂੰ ਜਬੂਰੇ ਫੁਰਕਾਨ॥
ਬਿਨਾਂ ਬੰਦਗੀ ਦੋਜ਼ਕੀ ਹਿੰਦੂ ਮੁਸਲਮਾਨ॥

(ਅਰਥ: ਤੋਰੇਤ-ਯਹੂਦੀਆਂ ਦੀ ਧਾਰਮਿਕ ਪੁਸਤਕ, ਅੰਜੀਲ- ਬਾਈਬਲ, ਜਬੂਰ- ਈਸਾਈਮਤ ਦੀ ਧਾਰਮਿਕ ਪੁਸਤਕ, ਫੁਰਕਾਨ- ਈਸਾਈਮਤ ਦੀ ਧਾਰਮਿਕ ਪੁਸਤਕ)

## ਸਵਾਲ ਰੁਕਨਦੀਨ

(ਮੁਸਲਮਾਨ ਹੀ ਸਿਰਫ ਬਹਿਸ਼ਤ ਵਿੱਚ ਜਾਣਗੇ। ਬਾਕੀ ਨਾਪਾਕ ਗਿਣਦੇ ਹੋਏ ਅੱਗ ਵਿੱਚ ਸਾੜ ਦਿੱਤੇ ਜਾਣਗੇ ਤੇ ਨਰਕਾਂ ਦੇ ਭਾਗੀ ਹੋਣਗੇ)

ਸੁਣਹੋ ਨਾਨਕ ਹਿੰਦੂਆਂ ਭਿਸ਼ਤੀ ਨੂੰ ਮੰਨ ਪਾਕ॥
ਕਾਫਰ ਭਿਸਤ ਨਾ ਜਾਂਹਿਗੇ ਆਤਸ਼ ਜਲਨ ਨਾਪਾਕ॥
ਹੂਰੋਂ ਪਰੀਓਂ ਭਿਸ਼ਤ ਤੋਂ ਰਹਿਸਨ ਓਹ ਮਹਿਰੂਮ॥
ਪਉਸਨ ਦੋਜ਼ਕ ਹਾਵੀਏ ਸੁਣਸੀ ਨਬੀ ਨਾ ਧੂਮ॥
ਮੁੱਸਲਮਾਨੀ ਪਾਕ ਹੈ, ਪੜ੍ਹਨ ਕਤੇਬ ਕੁਰਾਨ॥
ਕਰਨ ਨਮਾਜ਼ਾਂ ਰੋਜੜੇ ਦੋਜ਼ਕ ਤਿੰਨ੍ਹਾਂ ਹਰਾਮ॥

## ਜਵਾਬ ਨਾਨਕ ਸ਼ਾਹ ਸੂਰਾ॥

(ਸੁਣ ਭਾਈ ਇਹ ਪੈਗੰਬਰ ਵੀ ਅੰਤ ਵਿੱਚ ਦੁਖੀ ਹੋ ਕੇ ਮਰੇ ਨੇ। ਅੱਜ ਮਿੱਟੀ ਵਿੱਚ ਰਲੇ ਪਏ ਨੇ। ਤੁਹਾਨੂੰ ਪਤਾ ਓਸੇ ਮਿੱਟੀ ਨੂੰ ਸਾੜ ਕੇ ਲੋਕ ਭਾਂਡੇ ਬਣਾਉਦੇ ਨੇ। ਭਾਂਡਿਆਂ ਨੂੰ ਫਿਰ ਚੰਗੀ ਮੰਦੀ ਥਾਂਈ ਵਰਤਿਆ ਜਾਂਦਾ ਹੈ। ਜਦੋਂ ਮੁਸਲਮਾਨ ਦੀ ਮਿੱਟੀ ਸੜ੍ਹ ਰਹੀ ਹੁੰਦੀ ਹੈ ਓਦੋਂ ਤੁਹਾਡੇ ਰੋਜੇ, ਕਲਮੇ ਤੇ ਨਿਮਾਜਾ ਦਾ ਕੀ ਮੁੱਲ ਪੈਂਦਾ ਹੈ? ਆਖੀਰ ਤੇ ਤਾਂ ਚਾਹੇ ਕੋਈ ਕਾਫਰ ਹੋਵੇ ਭਾਵੇ ਮੋਮਨ ਹੋਵੇ ਸਭ ਨੇ ਸੜਨਾ ਹੈ। ਇਥੇ ਲੱਖਾਂ ਪੈਗੰਬਰ ਅਵਤਾਰ ਹੋ ਚੁੱਕੇ ਹਨ ਤੇ ਹੁੰਦੇ ਰਹਿਣਗੇ।)

ਸੁਣਹੋ ਕਾਜ਼ੀ ਰੁਕਨਲੁ ਸੱਚਾ ਸੁਖਨ ਜਵਾਬ॥
ਕਈ ਮੁਹੰਮਦ ਮੁਸਤਫਾ ਮੋਏ ਵਿੱਚ ਅਜ਼ਾਬ॥
ਨਾਮ ਓਸਦਾ ਕੰਮ ਕਿਸ ਜੋ ਮਰ ਹੋਏ ਖਾਕ॥
ਖਾਕੁ ਫੇਰਿ ਜਲਾਈਅਨਿ ਘੜਿ ਘੜਿ ਭਾਂਡੇ ਪਾਕ॥
ਇਕਨਾਂ ਦੁੱਧ ਸਮਾਈਅਨਿ ਇਕਨਾਂ ਵਿੱਚ ਪੇਸ਼ਾਬ॥
ਮਿੱਟੀ ਮੁਸਲਮਾਨ ਦੀ ਜਲਦੀ ਪਾਖਿ ਅਜ਼ਾਬ॥
ਕਿਥੇ ਨਿਮਾਜ਼ਾਂ ਰੋਜੜੇ ਕਲਮਾਂ ਹੱਦ ਕੁਰਾਨ॥
ਜਲ ਥਲ ਹੋਵਨ ਧੂੜ ਸਭ ਕਾਫਰ ਮੁੱਸਲਮਾਨ॥
ਲਿਖਿਆ ਦਰ ਦਰਗਾਹ ਦੇ ਬਿਨਾਂ ਖੁਦਾਇ ਨ ਕੋਇ॥
ਲੱਖ ਮੁਹੰਮਦ ਜੇਵਹੇ ਆਜਜ਼ ਰਹੇ ਖਲੋਇ॥

ਇਕ ਦਿਨ ਅੰਦਰ ਖਾਬ ਦੇ ਡਿੱਠੀ ਮੁਹੰਮਦ ਮਾਇ ॥
ਰੋਂਦੀ ਧਾਹੀਂ ਮਾਰਦੀ ਅਗੋਂ ਉਠੇ ਪੁਕਾਰ॥
ਕੇਹੜਾ ਮੁਹੰਮਦ ਮੁਸਤਫਾ ਤੇਰਾ ਪੁੱਤ ਨਿਹਾਰ॥
ਉਸਨੇ ਕਹਿਆ ਪਛਾਣਸੀ ਉਸ ਨੂੰ ਜਬਰਾਈਲ॥
ਜਬਰਾਈਲ ਬੇਅੰਤ ਹੀ ਉਠੇ ਮੇਕਾ ਈਲ॥
ਮਲਕੁਲ ਮੌਤ ਬੇਅੰਤ ਹੀ ਰਾਖਸ਼ ਜਿੰਨ ਕਿਤਾਨ॥
ਡਿਠੇ ਏਹ ਮਸ਼ਾਹਿਦਾ ਹੋਇ ਰਹੀ ਹੈਰਾਨ॥
ਏਥੇ ਕੋਇ ਨ ਜਾਣਦਾ ਉੱਤਮ ਕੌਣ ਰਸੂਲ॥
ਜੀਵਦਿਆਂ ਹੀ ਸਾਹਿਬੀ ਮੌਤੇ ਮਿਲ ਗਏ ਧੂੜ॥
ਖੁੱਲੀ ਅੱਖ ਰਸੂਲ ਦੀ ਹੋਇ ਰਿਹਾ ਹੈਰਾਨ॥
ਕੁਦਰਤ ਕਹਿਉ ਬਿਅੰਤ ਹੈ ਟੁੱਟਿਓ ਗਰਬ ਗੁਮਾਨ॥
ਇਕ ਦਿਨ ਫੇਰ ਮੁਹੰਮਦੇ ਡਿੱਠੀ ਊਠ ਕਤਾਰ॥
ਅੰਤ ਨ ਪਾਇਓ ਓਸ ਦਾ ਲੱਦੇ ਬਕਸ ਅਪਾਰ॥
ਅੰਡੇ ਇੱਕ ਇਕ ਬਕਸ ਵਿੱਚ ਡਿੱਠੇ ਕਈ ਹਜ਼ਾਰ ॥
ਇਕ ਇੱਕ ਅੰਡੇ ਵਿੱਚ ਉਨ ਡਿੱਠਾ ਸਭ ਬ੍ਰਹਮੰਡ॥
ਕਈ ਮੁਹੰਮਦ ਮੁਸਤਫਾ ਪੀਰ ਪੈਗੰਬਰ ਪਿੰਡ॥
ਗੌਸ ਕੁਤਬ ਅਵਤਾਰ ਬਹੁ ਜੀਆ ਜੰਤ ਜਹਾਨ॥
ਮਰ ਮਰ ਫਿਰ ਫਿਰ ਉਪਜਨੀ ਦੇਖ ਰਹਯੋ ਹੈਰਾਨ॥
ਜਿਸ ਦਾ ਕੀਤਾ ਰੱਬ ਨੂੰ ਅੱਖੀਂ ਮੀਚ ਨਿਦਾਨ॥
ਅੱਖ ਉਘਾੜੀ, ਕੁਝ ਨਹੀਂ, ਟੁੱਟਾ ਸਭ ਗੁਮਾਨ॥

(ਅਰਥ- ਅਜ਼ਾਬ-ਮੁਸੀਬਤ)

## ਸਵਾਲ ਰੁਕਨਦੀਨ

(ਕੁਰਾਨ 'ਚ ਲਿਖਿਆ ਹੈ ਕਿ ਖੰਡੇ ਦੀ ਧਾਰ ਤੋਂ ਵੀ ਬਰੀਕ ਰਾਹ ਹੈ ਜਿਥੋਂ ਆਖੀਰ ਲੰਘਣਾ ਪੈਂਣਾ ਹੈ, ਓਥੇ ਸਿਰਫ ਮੁਹੰਮਦੀ ਕਲਮਾ ਹੀ ਕੰਮ ਆਉਣਾ ਹੈ। ਕਾਫਰ ਲੰਘ ਨਹੀ ਪਾਉਣਗੇ।)

ਰੁਕਨਲ ਆਖੇ ਨਾਨਕਾ ਲਿਖਯਾ ਵਿਚ ਕੁਰਾਨ॥
ਵਾਲੋਂ ਨਿੱਕੀ ਪੁਰਸਲਾਤ ਖੰਡਯੋਂ ਤਿੱਖੀ ਜਾਨ॥
ਉਥੇ ਟਿਕੇ ਨ ਭੁਣਭੁਣਾ ਠਹਿਰ ਨ ਸੱਕੇ ਪੈਰ॥
ਮੁਸ਼ਕਲ ਓਨਾਂ ਲੰਘਣਾਂ, ਜਿਨ੍ਹਾਂ ਕਮਾਏ ਵੈਰ॥
ਸਾਇਰ ਲੋਹੂ ਪੂੰਝ (ਮਿੱਝ) ਦਾ ਅਗਨੀ ਭੜ ਭੜਾਹਿ॥
ਕੰਧੀ ਦਿੱਸ ਨ ਆਵਈ ਧਾਹੀ ਪਵੈ ਕਹਾਹਿ॥
ਕਲਮਾਂ ਉਥੇ ਮਹੰਮਦੀ ਉੱਮਤ ਪਾਰ ਲੰਘਾਇ॥
ਕਾਫਰ ਪਾਰ ਨਾ ਜਾ ਸਕੇ ਤਪੇ ਤੇ ਬਿਲਾਇ॥

## ਜਵਾਬ ਨਾਨਕ ਸ਼ਾਹ ਸੂਰਾ

(ਭਾਈ ਜਿੱਥੇ ਅੱਗ ਦਾ ਸਮੁੰਦਰ ਹੋਵੇ ਓਥੇ ਰੱਬ ਦਾ ਨਾਂ ਬੇੜੇ ਦੀ ਨਿਆਈ ਹੁੰਦਾ ਹੈ। ਓਥੇ ਤਾਂ ਅਮਲਾਂ ਤੇ ਨਿਬੇੜੇ ਨੇ। ਕਿਸੇ ਕਲਮੇ ਨੇ ਕੰਮ ਨਹੀ ਆਉਣਾ।)

ਨਾਨਕ ਆਖੇ ਰੁਕਨਲਾ ਮੁੱਖ ਤੇ ਸਮਝ ਅਲਾਇ॥
ਜਿੱਥੇ ਸਾਇਰ ਆਤਸ਼ੀ ਬੇੜਾ ਨਾਮ ਖੁਦਾਇ॥
ਮੁਰਸ਼ਦ ਆਰਫ ਦਾ ਤਹਾਂ, ਇਕੋਂ ਸ਼ਬਦ ਮਲਾਹਿ॥
ਜੇ ਪੀਰਾਂ ਬੇ-ਮੁਰਸ਼ਦਾਂ ਢੋਈ ਨਾ ਦਰਗਾਹਿ॥
ਰਾਹੇ ਵਿੱਚ ਫਰੇਸ਼ਤੇ ਮਾਲ ਜ਼ਕਾਤੀ ਲੇਹ॥
ਅਮਲਾ ਉੱਤੇ ਨਿੱਬੜੇ ਸੱਚਾ ਕਲਮਾਂ ਏਹ॥
ਕਲਮਾਂ ਕਿਸੇ ਨ ਰੱਖਸੀ ਆਸ ਮਹੰਮਦ ਕੂੜ॥
ਉਥੇ ਮੁਹੰਮਦ ਜੇਵਹੇ ਜਲ ਦਲ ਹੋਵਨ ਧੂੜਿ॥
ਪਾਉਂਦੇ ਵਿੱਚ ਗੜਾੜ ਦੇ ਬੂੰਦ ਤਵੇ ਤਪਤਾਇ॥
ਤਲੇ ਬਲਨ ਤਿਨ੍ਹਾਂ ਹੱਡੀਆਂ ਜੋ ਬੇਅਦਲੀ ਸ਼ਾਹਿ॥

ਕਾਜ਼ੀ ਮੁਫਤੀ ਕਾਰਕੁਨ ਹਾਕਮ ਜ਼ੋਰ ਜੁਆਰ॥
ਮੁਲਾਂ ਪੁਜਾਰੀ ਬਾਣੀਏਂ ਛਲ ਦਾ ਕਰਨ ਬਪਾਰ॥
ਖਾਨ ਗਰੀਬਾਂ ਲੁੱਟ ਕੇ ਕਰ ਕਰ ਜ਼ੋਰ ਅਫਾਰ॥
ਕੁੱਟਣੀਆਂ ਅਰ ਗਸ਼ਤੀਆਂ ਜੋ ਘਰੀ ਬਿਰਾਨੀ ਜਾਣ॥
ਲੂਣ ਹਰਾਮੀ ਵਿਸਵਾਸ ਘਾਤ ਨਿੰਦਕ ਚੁਗਲ ਤਕਾਨ॥
ਸਰ ਪਰ ਦੋਜ਼ਕ ਪੈਸਨੀ ਰੱਖ ਨ ਸੱਕੇ ਕੋਇ॥
ਖਾਵਨ ਕੀੜੇ ਮਾਸ ਤਿਨ ਜਿਨ੍ਹਾਂ ਖੋਟੀ ਖੋਇ॥
ਜਲਦੇ ਦੋਜ਼ਖ ਹਾਵੀਏ ਦੇਨ ਗਵਾਹੀ ਕੂੜ॥
ਮਾਰ ਵੰਞਾਇਨ ਦੁਖਤਰਾਂ ਜਲਦੇ ਡਿੱਠੇ ਪੂਰ॥
ਸੁਣ ਹੋ ਕਾਜ਼ੀ ਰੁਕਨਦੀਨ ਪੰਜ ਨਸੀਹਤਾਂ ਲੇਹ॥
ਅੱਲਾ ਦੀ ਕਰ ਬੰਦਗੀ ਸੱਚ ਬੋਲੀਂ ਨਿਸ ਦੇਹ॥
ਖਾਹੁ ਖਵਾਹੋ ਖੱਟਕੇ ਕਰੋ ਮਸੱਕਤਿ ਕਾਰਿ॥
ਨਖ ਸਿਖ ਪਵੇ ਪਸੀਨੜਾ ਓਹੋ ਖਾਣਾ ਸਾਰ॥
ਦਸਵਾਂ ਹਿੱਸਾ ਓਸ ਥੀਂ ਰਾਹਿ ਰੱਬ ਦੇ ਦੇਹ॥
ਅਣ ਪੁੱਛੇ ਭਿਸ਼ਤ ਸੋ ਸੱਚ ਹਕੀਕਤ ਏਹ॥

(ਅਰਥ: ਆਰਫ-ਗਿਆਨੀ, ਪੈਸਨੀ-?, ਦੁਖਤਰਾਂ- ਧੀਆਂ)

## ਸਵਾਲ ਕਾਜ਼ੀ ਰੁਕਨਦੀਨ

(ਬਾਬਾ ਨਾਨਕ ਮੈਂ ਘੋਖ ਕੇ ਵੇਖ ਲਿਆ ਹੈ ਤੂੰ ਸੱਚਾ ਹੈ।)

ਰੁਕਨਲ ਆਖੇ ਨਾਨਕਾ ਤੁਧ ਵਿੱਚ ਵਡ ਕਰਾਮਾਤ॥
ਕੀਤੇ ਸਭ ਮਨਸੂਖ ਤੋਂ ਬਾਬਹੁ ਅੱਲਾ ਪਾਕ॥
ਜੇਤੇ ਪੜਦੇ ਦੁਨੀ ਦੇ ਦਿੱਤੇ ਸਭ ਉਠਾਇ॥
ਤੂੰ ਨਹਿ ਮੰਨੇ ਕਿਸੇ ਨੂੰ ਅੱਲਾ ਪਾਕ ਬਿਨਾਇ॥
ਜੋ ਤੂੰ ਆਖੇਂ ਸੱਚ ਸਭ, ਜਾਨਿਓਂ ਮੈਂ ਤਹਕੀਕ॥
ਪੂਰਾ ਮੁਰਸ਼ਦ ਮੇਲ ਹੈ, ਪੂਰਾ ਯਾਰ ਹਕੀਕ॥
ਪੁਛੇ ਪੰਡਿਤ ਜੋਤਸ਼ੀ ਕਾਜ਼ੀ ਬਨ ਉਲਮਾਇ॥
ਖਾਤਰ ਨਿਸ਼ਾ ਨ ਕਰ ਸਕੇ ਤਦਬੀਰਾਂ ਮੋਲਾਇ॥
ਕਿਉਂ ਕਰ ਪੈਦਾ ਜਗ ਕਰਿਓ ਅਰਬਾਂ ਨਾਸਰ ਰੂਹ॥
ਕਿਉਂ ਕਰ ਹੋਇ ਮਿਲਾਵੜਾ ਕਿਉਂ ਕਰ ਮਿਟਸੀ ਲੂਹ॥
ਕਿਉਂ ਕਰ ਹੋਇ ਨਜਾਤ ਇਹੁ ਸੱਭੇ ਭੇਦ ਬਤਾਇ॥
ਅਕੇ ਤੇ ਜਾਣਨ ਫਕਰ ਕੁਝ, ਅਕੇ ਤਾਂ ਆਪ ਖੁਦਾਇ॥

(ਅਰਥ: ਤਦਬੀਰਾਂ- ਕਿਸਮਤਾਂ)

## ਜਵਾਬ ਨਾਨਕ ਸ਼ਾਹ ਸੂਰਾ

ਨਾਨਕ ਆਖੇ ਰੁਕਨਲਾ ਚੇਤ ਖੁਦਾਈ ਜੇਇ॥
ਆਪੇ ਅੱਲਾ ਜਾਣਦਾ ਔਰ ਨ ਜਾਣੇ ਕੋਇ॥
ਜਿਸਨੋਂ ਓਹ ਜਣਾਇਦਾ ਜਾਣੇ ਸੋਈ ਫਕੀਰ॥
ਪੰਡਿਤ ਮੁੱਲਾਂ ਜੋਤਸ਼ੀ ਪੈਕੰਬਰ ਤੇ ਪੀਰ॥
ਭੇਤ ਕਿਸੇ ਨੂੰ ਨਾ ਮਿਲੇ ਪੜ੍ਹ ਪੜ੍ਹ ਹੋਏ ਲਚਾਰ॥
ਅੱਲਾ ਫੱਕਰ ਏਕ ਹੈ ਜਾਣਨ ਫੱਕਰ ਸਾਰ॥
ਇੱਛਾ ਜੋ ਹੈ ਰੱਬ ਦੀ ਕੁਦਰਤ ਕਹੀਏ ਸਾਇ॥
ਤਿਸਤੇ ਤੀਨੋਂ ਗੁਣ ਭਏ ਗੁਣ ਤੇ ਉਪਜੀ ਵਾਇ॥
ਤਿਸਤੇ ਆਤਸ਼ ਆਬ ਹੁਇ ਧਰਤੀ ਲਈ ਉਪਾਇ॥
ਧਰਤੇ ਭਈ ਵਨਾਸਪਤਿ ਉਤਭੁਜ ਖਾਣੀ ਜੇਰ ॥
ਗੁਨਾ ਗੁਨ ਪੈਦਾਇਸ਼ੀ ਜੜ ਚੇਤਨ ਆਪਾਰ॥
ਸਾਜਿਆ ਮਾਨੁਖ ਨੂਰ ਤੋਂ ਸਭਦੇ ਸਿਰ ਸਰਦਾਰ॥
ਦਿੱਤਾ ਇਸਨੋਂ ਗਿਆਨ ਵਡ ਜਾਣੇ ਪਾਕਨ ਪਾਕ॥
ਆਪੇ ਬੰਧਨ ਬੰਧਿਆ ਆਪੇ ਲਏ ਨ ਜਾਤਿ॥

## ਸਵਾਲ ਕਾਜ਼ੀ

ਰੁਕਨਲ ਪੁਛੇ ਨਾਨਕਾ ਸੋਚ ਸੁਣਾਵੇਂ ਬਾਤ॥
ਕਿਵੂੰ ਉਪਜਨ ਆਦਮੀ ਹੈਵਾਨਾਤ ਨਬਾਤ॥
ਮਰਕੇ ਰਲਦੇ ਖਾਕ ਨਾਲ ਰੂਹ ਕਿਥਾਉਂ ਜਾਇ॥
ਗੈਬੀ ਖਬਰ ਕੁਦਾਇ ਦੀ ਫੱਕਰ ਦੇਨ ਸੁਨਾਇ॥
ਕਰ ਤਦਬੀਰਾਂ ਸਭ ਲਿਖੇ ਬੇਦ ਕਤੇਬਾਂ ਭਾਰ॥
ਘੱਤ ਜੰਜੀਰਾਂ ਮਾਰਦੇ ਕਾਜ਼ੀ ਪੰਡਤ ਕਾਰ॥
ਮੋਇਆ ਕੋਈ ਨਾ ਆਇ ਜੋ ਖਬਰਾਂ ਦੇਵੇ ਆਇ॥
ਪੈਗੰਬਰਾਂ ਅਵਤਾਰ ਮਰ ਕੋਇ ਨ ਆਇ ਸੁਣਾਇ॥
ਖਤਰਾ ਮਨੋਂ ਨ ਉਤਰੈ ਬਿਨਾਂ ਫਕੀਰ ਅਲਾਹਿ॥
ਖਬਰ ਸੁਣਾ ਅੱਗ ਗੋੜ ਦੀ ਦੁਬਿਧਾ ਮਨੋਂ ਨਸਾਹਿ॥
(ਅਰਥ: ਨਬਾਤ- ਬਨਸਪਤੀ)

## ਜਵਾਬ ਨਾਨਕ ਸ਼ਾਹ ਸੂਰਾ

ਨਾਨਕ ਆਖੇ ਰੁਕਨਦੀਨ ਸੱਚੀ ਦੇਹੁੰ ਸੁਨਾਇ॥
ਮਰ ਮਰ ਮਿਲ ਗਏ ਖਾਕ ਫਿਰ ਹੋਇ ਉਪੰਨੇ ਘਾਹਿ॥
ਮੇਵੇ ਅੰਨ ਨਿਆਮਤਾਂ ਹੋਵਨ ਗੁਨਾ ਗੁਨ ॥
ਖਾਣ ਚਰਿੰਦ ਪਰਿੰਦ ਮਨੁਖ ਉਸ ਤੋਂ ਉਪਜੇ ਖੂਨ॥
ਨੁਤਫਾ ਹੋਵੇ ਖੂਨ ਤੇ ਕਰ ਨਰ ਨਾਰੀ ਮੇਲ॥
ਉਪਜੇ ਸ੍ਰਿਸਟੀ ਬਿਨਸ ਹੈ ਰਚ ਰਾਖੀ ਪ੍ਰਭ ਖੇਲ॥
ਬੇਦ ਕਤੇਬਾਂ ਪੜੇ ਤੇ ਭੇਤ ਨ ਲੱਭੇ ਕੋਇ॥
ਮੁਰਸ਼ਦ ਭੇਦ ਬਤਾਇੰਦਾ ਦੁਬਿਧਾ ਦੇਂਦਾ ਖੋਇ॥
(ਅਰਥ: ਨੁਤਫਾ- ਵੀਰਜ)

## ਸਵਾਲ ਕਾਜ਼ੀ

(ਮੈਂ ਮੰਨਿਆ ਤੈਨੂੰ ਪਰ ਮੈਨੂੰ ਦੱਸ ਕਿ ਰੱਬ ਕਿਥੇ ਬਰਾਜਮਾਨ ਹੈ। ਉਹਦੇ ਮਹਿਲ ਦੀ ਸ਼ਾਨ ਕਿਹੋ ਜਿਹੀ ਹੈ?)

ਰੁਕਨਲ ਆਖੇ ਨਾਨਕਾ ਦਰਗਹਿ ਦੀ ਸੋਣਾਇ॥
ਕੇਹਾ ਰੰਗ ਮਹੱਲ ਦਾ ਜਿਥੇ ਰਹੇ ਖੁਦਾਇ॥
ਛੱਜੇ ਛੱਤਾਂ ਬੁਰਜ ਘਰ ਕੇਹੇ ਲਗੇ ਚੁਕਾਠ॥
ਕੇਹਾ ਗਾਰਾ ਚੂਨੜਾ ਕਿਸ ਚਨਾਯਾ ਠਾਟ॥
ਸੂਰਤ ਕੌਣ ਮਹਲ ਦੀ ਕਿਉਂ ਕਰ ਹੋਇ ਦੀਦਾਰ॥
ਦਰ ਤੇ ਕੀ ਕੁਝ ਲਿਖਿਆ ਕੇੜ੍ਹਾ ਉਸ ਦਾ ਯਾਰ। ॥
ਕੇਹੜੀ ਸੁੰਨਤ ਪਾਈਏ ਕਰਕੇ ਕੌਣ ਨਮਾਜ॥
ਕੌਣ ਰਸੂਲ ਪੁਚਾਇੰਦਾ ਚਹੀਏ ਕੇਹੜਾ ਸਾਜ॥
ਸਭ ਨਿਸ਼ਾਨੀਆਂ ਦੇਹ ਖਾਂ ਤਾਂ ਤੂੰ ਅੱਵਲ ਫਕੀਰ॥
ਪੀਰਾਂ ਦੇ ਸਿਰ ਪੀਰ ਤੂੰ, ਮੀਰਾਂ ਦੇ ਸਿਰ ਮੀਰ॥

## ਜਵਾਬ ਨਾਨਕ ਸ਼ਾਹ ਸੂਰਾ

(ਓਏ ਭਰਾਵਾ! ਇਹ ਸਰੀਰ ਹੀ ਰੱਬ ਦਾ ਮਹੱਲ ਹੈ। ਹਾਂ ਪਰ ਜਿੱਥੇ ਨਿਰੰਕਾਰ ਬਰਾਜਮਾਨ ਹੈ ਓਥੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਦਾ ਪਹਿਰਾ ਹੈ। ਨਾਮ ਜਪਣਾ ਤੇ ਸੱਚ ਤੇ ਪਹਿਰਾ ਦੇਣਾ ਹੀ ਉਹਨੂੰ ਪਾਉਣ ਦਾ ਰਾਹ ਹੈ)

ਨਾਨਕ ਆਖੇ ਰੁਕਨਦੀਨ ਦਰਗਹਿ ਦੀ ਸੁਧ ਲੇਹ॥
ਰੰਗਿ ਅਜਾਇਬ ਮਹਲ ਦਾ ਹੀਰੇ ਲਾਲ ਜੜੇ॥
ਆਫਤਾਬ ਮਹਿਤਾਬ ਲਖ ਰੋਸ਼ਨ ਬਲਨ ਮਸਾਲ॥
ਬਾਰਾਂ ਬੁਰਜ ਮਹੱਲ ਦੇ, ਨੌ ਦਰਵਾਜੇ ਨਾਲ॥
ਪਹਿਰੂ ਪੰਜ ਖਵਾਸ ਹੈਂ, ਕਾਰਕੁੰਨ ਪਾਚੀਸ॥
ਛੱਜੇ ਛੱਤ ਅਮੋਲਕਾ, ਮੀਨਾਕਾਰੀ ਦੀਸ॥
ਗਾਰਾ ਚੂਨਾ ਕੇਸਰੀ, ਅਰ ਚੰਦਨ ਚੋਕਾਨ॥
ਦੇਹਲ ਪਾਰਸ ਦੇ ਬਨੇ, ਬੱਜਰ ਦੇ ਕਪਾਟ॥
ਕਾਮਧੇਨ ਲਖ ਲਛਮੀ ਕਰਨ ਗੋਲੀਆਂ ਕਾਰ॥
ਰਿੱਧੀ ਸਿੱਧੀ ਨਵੇਂ ਨਿਧ, ਹਾਜ਼ਰ ਰਹੇ ਦੁਵਾਰ॥
ਬਾਵਨ ਕਿੰਗਰੇ ਕੋਟ ਦੇ, ਉਪਰ ਨੂਰ ਮਹੱਲ॥
ਸਤ ਸਮੁੰਦਰ ਖਾਈਆਂ, ਤਿਸ ਵਿਚ ਕਮਲ ਅਚੱਲ॥
ਇਕ ਮਹਿਲ ਦੋ ਬਾਰੀਆਂ, ਸ਼ਿਵ ਸ਼ਕਤੀ ਸੁਲਤਾਨ॥
ਨੂਰੀ ਬੈਠਾ ਬਾਦਸ਼ਾਹ, ਸੱਚ ਤਖਤ ਸੁਬਹਾਨ॥
ਗੈਬੀ ਵਾਜੇ ਵੱਜਦੇ, ਭਾਂਤਿ ਅਨੇਕ ਅਪਾਰ॥
ਰਾਗ ਰਾਗਨੀ ਗਾਂਵਦੇ ਅਧਭੁਤ ਸੁਰਾਂ ਉਚਾਰ॥
ਮੁਰਸ਼ਦ ਖੋਲ੍ਹ ਕਪਾਟ ਜਿਸ, ਹੋਸੀ ਤਿਸੇ ਦੀਦਾਰ॥
ਰਾਹ ਖੁਦਾਇ ਭੀਹਾਵਲਾ ਵਾਲਹ ਦਸਵੇਂ ਭਾਇ॥
ਹਾਥੀ ਜਾਇ ਨ ਸੱਕਨੀ ਕੀੜੀ ਪਹੁੰਚੇ ਜਾਇ॥
ਸੂਰਤ ਰੰਗ ਮਹਲ ਦੀ ਕੋਈ ਕਹਿ ਨ ਸਕਾਇ॥
ਦਰ ਤੇ ਏਹੋ ਲਿਖਿਆ ਇਕੋ ਪਾਕ ਖੁਦਾਇ॥
ਕੁਦਰਤਿ ਕਈ ਰਸੂਲ ਹੈਂ, ਯਾਰਾਂ ਅੰਤ ਨ ਕਾਇ॥
ਜਿਸ ਦੀ ਯਾਰੀ ਧੁਰ ਚੜੇ, ਸੋਈ ਪਹੁੰਚੇ ਜਾਇ॥
ਰਹਿਸਨ ਉਰੇ ਉੱਮਤਾਂ, ਨਾਲੇ ਨਬੀ ਰਸੂਲ॥
ਨਿਗੁਰੇ ਰਾਹ ਨ ਪਾਇਨੀ ਝੁਰਿ ਝੁਰ ਮਰਦੇ ਭੂਲ॥
ਸੱਚੀ ਸੁੰਨਤ ਬੰਦਗੀ, ਸੱਚ ਨਿਮਾਜ਼ ਕਰਾਇ॥
ਪਹੁੰਚੇ ਕੋਈ ਸੂਰਮਾ, ਨਾਨਕ ਅਮਲ ਕਮਾਇ॥
(ਆਫਤਾਬ- ਸੂਰਜ, ਮਹਿਤਾਬ-ਚੰਦ, ਖਵਾਸ-ਸੇਵਾਦਾਰ, ਗੈਬੀ- ਗੁਪਤ/ਲੁਕਿਆ)

## ਸਵਾਲ ਹਾਜੀਆਂ

(ਹਾਜੀ ਕਹਿਣ ਲੱਗੇ ਕਿ ਜਿਹੜੇ ਹਜਰਤ ਮੁਹੰਮਦ ਸਾਹਿਬ ਦਾ ਕਲਮਾ ਪੜ੍ਹਦੇ ਨੇ, ਤੇ ਜਿੰਨਾਂ ਨੂੰ ਦਫਨਾਇਆ ਜਾਂਦਾ ਹੈ ਉਹ ਕਿਆਮਤ ਦੇ ਦਿਨ ਉੱਠ ਖੜੇ ਹੋਣਗੇ। ਪਰ ਆਹ ਹਿੰਦੂ ਲੋਕ ਜੋ ਹੈਨ ਇਨਾਂ ਨੂੰ ਬਹਿਸ਼ਤ ਕਿਥੇ ਨਸੀਬ? ਇਹ ਤਾਂ ਸਾੜ ਹੀ ਦਿੱਤੇ ਜਾਂਦੇ ਨੇ ਤੇ ਖਤਮ ਹੋ ਜਾਂਦੇ ਨੇ।)

ਹਾਜੀ ਆਖਣ ਨਾਨਕਾ ਲਿਖਿਆ ਵਿਚ ਕਿਤਾਬ ॥
ਹਿੰਦੂ ਜਲਦੇ ਹਾਵੀਏ, ਦੋਜਖ ਲਹਿਨ ਅਜ਼ਾਬ॥
ਉੱਮਤ ਪਾਕ ਮੁਹੰਮਦੀ, ਖਾਕੂ ਵਿਚ ਸਮਾਇ॥
ਅਜ਼ਰਾਈਨ ਫਰੇਸਤਾ ਜਦ ਫੂਕੇ ਕਰਨਾਇ॥
ਉਠਸਨ ਸੱਭੇ ਉੱਮਤੀ, ਜੈ ਖਾਕੂ ਸੰਗ ਸਮਾਇ॥
ਆਪ ਮੁਹੰਮਦ ਮੁਸਤਫਾ, ਬੈਠ ਹਿਸਾਬ ਕਰਾਇ॥
ਕਲਮਾ ਜਿਨਾਂ ਰਸੂਲ ਦਾ ਪੜਿਆ ਭਿਸਤੀ ਜਾਣ॥
ਕਲਮਾ ਜਿਨਾਂ ਨ ਜਾਣਿਆ ਸੋ ਦੋਜ਼ਖ ਵਿੱਚ ਪਾਣ॥

## ਜਵਾਬ ਨਾਨਕ ਸ਼ਾਹ

(ਬਾਬੇ ਨੇ ਕਿਹਾ ਕਿ ਹਾਜੀਓ ਯਾਦ ਰੱਖੋ ਕਿ ਹਿੰਦੂ ਤਾਂ ਇੱਕ ਵਾਰ ਸੜ੍ਹਦੇ, ਮੁਸਲਮਾਨ ਬਾਰ ਬਾਰ ਸੜ੍ਹਦੇ ਨੇ। ਜਦੋਂ ਇਹ ਦਫਨਾਏ ਜਾਂਦੇ ਨੇ ਤਾਂ ਮਿੱਟੀ ਨਾਲ ਮਿੱਟੀ ਹੋ ਜਾਂਦੀ ਹੈ। ਇਸ ਮਿੱਟੀ ਤੋਂ ਕਦੀ ਘੁਮਿਆਰ ਭਾਂਡੇ ਬਣਾਉਦੇ ਤੇ ਸਾੜਦੇ ਨੇ। ਅਨੇਕਾਂ ਵਾਰ, ਵਾਰ ਇਸ ਮਿੱਟੀ ਤੋਂ ਬਨਾਸਪਤੀ ਪੈਦਾ ਹੁੰਦੀ ਹੈ। ਜਾਨਵਰ ਖਾਂਦੇ ਜਾਂ ਅੰਤ ਨੂੰ ਸਾੜ ਦਿੱਤੀ ਜਾਂਦੀ ਹੈ। ਲਕੜੀ ਤਾਂ ਅੰਤ ਨੂੰ ਸੜਦੀ ਹੀ ਹੈ। ਬਨਾਸਪਤੀ ਤੋਂ ਫਿਰ ਜਿਹੜਾ ਜਾਨਵਰ ਪੈਦਾ ਹੁੰਦਾ ਹੈ ਉਹ ਵੀ ਅੰਤ ਨੂੰ ਸੜ੍ਹਦਾ ਹੈ। ਸੋ ਭਾਈਓ ਸਾੜਿਆ ਜਾਵੇ ਜਾਂ ਦੱਬਿਆ ਜਾਵੇ ਅੰਤ ਨੂੰ ਉਸ ਨੇ ਕਿਸੇ ਵੀ ਤਰੀਕੇ ਪੰਜਾਂ ਤੱਤਾਂ ਵਿਚ ਸ਼ਾਮਲ ਹੋ ਜਾਣਾ ਹੈ। ਇਹ ਮੌਲਾਣੇ ਤੇ ਬ੍ਰਾਹਮਣ ਐਵੇਂ ਲੋਕਾਂ ਨੂੰ ਬੁਧੂ ਬਣਾਉਦੇ ਰਹਿੰਦੇ ਨੇ।)

ਨਾਨਕ ਅਖੇ ਹਾਜੀਓ ਸੱਚਾ ਸੁਣੋ ਵਿਚਾਰ॥
ਹਿੰਦੂ ਜੰਮਦੇ ਇੱਕ ਵਾਰ ਮੁਸਲਮਾਨ ਬਹੁ ਵਾਰ॥
ਇੱਟਾਂ ਭਾਂਡੇ ਹੋਇ ਕੇ ਜਲਸ਼ਨ ਆਵਿਆ ਮਾਂਹਿ॥
ਟੁੱਟੇ ਛੁੱਟੇ ਖਾਕ ਮਿਲ ਹੋਇ ਬਨਸਪਤਿ ਵਾਹਿ॥
ਜਿਤਨੀ ਖਾਕ ਜਮੀਨ ਪਰ ਸਭੋ ਮੁਸਲਮਾਨ॥
ਖਾਕੋਂ ਰੂਹਾਂ ਹੋਵਨੀ ਬਨਸਪਤੀ ਹੈਵਾਨ॥
ਕਟ ਕਟ ਫੇਰ ਜਲਾਈਅਨਿ, ਲਕੜੀ ਹੋਇ ਅੰਗਾਰ॥
ਖਾਵਨ ਮਾਰ ਹੈਵਾਨ ਕੋ, ਕਰ ਦਰਿੰਦ ਸ਼ਿਕਾਰ॥
ਮੈਲ ਹੋਨਿ ਕੇ ਖਾਕ ਵਿੱਚ, ਏਵੇਂ ਨਿੱਤ ਸਮਾਇ॥
ਬਾਰ ਬਾਰ ਇਸ ਤੌਰ ਹੀ, ਜਲ ਥਲ ਖਾਕ ਮਿਲਾਇ॥
ਮੂਸਾਈ, ਈਸਾਈਆਂ, ਪਾਰਸੀਆਂ ਜਹੂਦ॥
ਰਹਿਸਨ ਰੂਹਾਂ ਖਾਕ ਵਿੱਚ ਏਨ੍ਹਾਂ ਸਦਾ ਅਲੂਦ॥
ਰੂਹ ਨ ਹਿੰਦੂ ਕਿਸੇ ਦੀ ਰੈਹੈ ਵਿੱਚ ਜਮੀਨ॥
ਉਪਜੇ ਖਪੇ ਨ ਸੋ ਕਦੇ ਚੁੱਸੇ ਵਿੱਚ ਰਹੀਨ॥
ਕਿਥੇ ਮੁਹੰਮਦ ਮੁਸਤਫਾ ਕਿੱਥੇ ਚਾਰੋਂ ਯਾਰ॥
ਕਹਾ ਇਮਾਮ ਖਾਂਨਵਾਦੜੇ ਗੌਂਸ ਕੁਤਬ ਸਾਲਾਰ॥
ਜੁੱਸਾ ਰਿਹਾ ਨ ਕਿਸੇ ਦਾ, ਰਲ ਗਏ ਸੱਭੇ ਖਾਕ॥
ਸੜਦੇ ਵਿਚ ਪਜਾਵਿਆਂ, ਰੱਬ ਰਿਹਾ ਇੱਕ ਪਾਕ॥
ਜੋ ਪੈਦਾਇਸ਼ ਖਾਕ ਦੀ, ਖਾਕੀ ਜੁੰਸੇ ਆਹਿ॥
ਹਿੰਦੂ ਮੁਸਲਮਾਨ ਸਭ ਅੰਤੇ ਖਾਕ ਮਿਲਾਹਿ॥
ਰਹਿੰਦੇ ਰੂਹ ਇਮਾਨਤੀ ਲੱਖ ਚੁਰਾਸੀ ਮਾਹਿ॥
ਲੱਖ ਚੁਰਾਸੀ ਮੇਦਨੀ ਘਟੇ ਨ ਵਧੇ ਕਦਾਹਿ॥
ਪੰਡਤ ਕਾਜ਼ੀ ਅੰਧਲੇ ਚੱਲਣ ਭੇਡਾਂ ਚਾਲ॥
ਲੋਕਾਂ ਨੂੰ ਬਹਿਕਾਇ ਕੇ ਕਰਦੇ ਗੁਜ਼ਰ ਸੰਭਾਲ॥
ਜੇ ਸੋ ਅੰਧ ਸੁਣਾਈਏ ਭਿਜੇ ਨਚਿੱਤ ਕਠੋਰ॥
ਖੁਦੀ ਤਕੱਬਰੀ ਕਰ ਮੁਏ ਲਹਨਿ ਸਜ਼ਾਈਂ ਚੋਰ॥
ਸੱਚ ਛਿਪਾਇਆ ਉਨ੍ਹੇ ਨੇ, ਜ਼ਾਹਰ ਕੀਤੇ ਕੂੜ॥
ਏਨ੍ਹਾਂ ਪਿਛੇ ਲੱਗ ਰਹੇ, ਜੀਵ ਅਗਿਆਨੀ ਮੂੜ॥

ਇਸ ਪ੍ਰਕਾਰ ਆਪਣੇ ਸਾਰੇ ਸ਼ੰਕੇ ਨਿਵ੍ਰਤ ਹੋਣ ਤੇ,ਕਾਜੀ ਰੁਕਨੁਦੀਨ ਗੁਰੂ ਦਾ ਸਿੱਖ ਬਣ ਗਇਆ। ਮੱਕੇ ਸ਼ਹਿਰ ਵਿੱਚ ਸਿੱਖੀ ਦਾ ਮਸੰਦ ਥਾਪਿਆ ਗਇਆ । ਇਤਹਾਸਿਕ ਸ੍ਰੋਤਾਂ ਵਿੱਚ ਇਹ ਵੀ ਆਉਦਾ ਹੈ ਕਿ ਉਥੇ ਇਨਾਂ ਨੇ ਆਪਣੀ ਵੱਖਰੀ ਮਸੀਤ ਵੀ ਬਣਾ ਲਈ ਸੀ। ਇਥੇ ਗੁਰੂ ਸਾਹਿਬ ਦਾ ਲਗ ਪਗ ਓਹੋ ਜਿਹਾ ਮਰਤਬਾ ਸੀ ਜਿਸ ਤਰਾਂ ਸ਼ੇਖ ਫਰੀਦ ਜਾਂ ਹੋਰ ਕਿਸੇ ਉਘੇ ਵਲੀ ਦਾ ਹੋ ਸਕਦਾ ਸੀ।

ਗੋਸ਼ਟਿ ਅਤੇ ਜਨਮਸਾਖੀਆਂ ਅਨੁਸਾਰ ਗੁਰੂ ਸਾਹਿਬ ਇਥੇ ਮੱਕੇ ਵਿਚ ਇਕ ਸਾਲ ਰਹੇ। ◘

—▲—

ਪੈੜ ਸਫ਼ਾ

## ਖਤਨਾ ਕਰਨਾਂ ਅਤੇ ਮੁਸਲਮਾਨ ਦਾਹੜੀ ਰਖਦੇ, ਪਰ ਮੁੱਛਾਂ ਕਿਓ ਮੁੰਨਦੇ?

*** ਖਤਨਾ ਦੀ ਰਸਮ ਇਬਰਾਹੀਮ ਤੋਂ ਸ਼ੁਰੂ ਹੋਈ- ਮੁਸਲਮਾਨ ਆਪਣੇ ਲਿੰਗ ਦਾ ਅਗਲਾ ਮਾਸ ਕੱਟ ਦਿੰਦੇ ਹਨ। ਇਸ ਨੂੰ ਸੁੰਨਤ ਬਹਾਉਣਾ ਜਾਂ ਖਤਨਾ ਕਰਨਾ ਕਿਹਾ ਜਾਂਦਾ ਹੈ। ਵੱਡੇ ਹੋਣ ਤੇ ਮੁਸਲਮਾਨ ਨੂੰ ਆਪਣੀਆਂ ਮੁੱਛਾਂ ਵੀ ਕੱਟਣੀਆਂ ਪੈਂਦੀਆਂ ਹਨ। ਉਹਦਾ ਕਾਰਨ ਕੁਝ ਇਸ ਤਰਾਂ ਹੈ:-

ਕਾਬੇ ਦੇ ਬਾਨੀ ਪੈਗੰਬਰ ਇਬਰਾਹੀਮ ਦੀ ਪਹਿਲੀ ਔਰਤ ਸਾਰਾਹ ਸੀ। ਸਾਰਾਹ ਕਿਸੇ ਰਸੂਖ ਵਾਲੇ ਦਰਵੇਸ਼ ਦੀ ਧੀ ਸੀ। ਸਾਰਾਹ ਦੇ ਕਾਫੀ ਸਮੇ ਤੱਕ ਔਲਾਦ ਨਾਂ ਹੋਈ। ਆਖਿਰ ਸਾਰਾਹ ਦੀ ਮਰਜੀ ਨਾਲ ਇਬਰਾਹੀਮ ਨੇ ਹਾਜਿਰਾ ਨਾਂ ਦੀ ਗੋਲੀ ਨਾਲ ਨਿਕਾਹ ਕਰ ਲਿਆ, ਜਿਸ ਤੋਂ ਪੁੱਤਰ ਇਸਮਾਈਲ ਪੈਦਾ ਹੋਇਆ। ਬਾਦ ਵਿੱਚ ਸਾਰਾਹ ਦੇ ਵੀ ਓਲਾਦ ਹੋ ਗਈ ਤੇ ਪੁੱਤਰ ਇਸਹਾਕ ਜੰਮਿਆ। ਕਿਉਕਿ ਸਾਰਾਹ ਦਾ ਵੱਡਾ ਅਸਰ ਰਸੂਖ ਸੀ ਉਸ ਨੇ ਇਬਰਾਹੀਮ ਤੋਂ ਵਾਇਦਾ ਲਿਆ ਕਿ ਕਿਉਕਿ ਹੁਣ ਮੇਰੇ ਔਲਾਦ ਹੋ ਗਈ ਉਹ ਹਾਜਿਰਾ ਨਾਲ ਕੋਈ ਸਬੰਧ ਨਹੀ ਰੱਖੇਗਾ। ਇਬਰਾਹੀਮ ਨੇ ਵਾਇਦਾ ਦਿੱਤਾ ਕਿ ਮੈਂ ਹਾਜਿਰਾ ਨੂੰ ਕਦੀ ਛੂੰਹਾਗਾ ਵੀ ਨਹੀ ਤੇ ਜੇ ਛੂਹਾਂਗਾ ਤਾਂ ਮੇਰਾ ਉਹ ਅੰਗ ਵੱਢ ਦਿੱਤਾ ਜਾਵੇ ਜਿਹੜਾ ਹਾਜਿਰਾ ਨੂੰ ਛੂਹੇ।

ਇਬਰਾਹੀਮ ਫਿਰ ਹਾਜਿਰਾ ਤੇ ਉਸ ਦੇ ਪੁੱਤਰ ਨੂੰ ਘਰੋਂ ਕੱਢ ਕੇ ਦੂਰ (ਜਿਥੇ ਬਾਦ ਵਿੱਚ ਮੱਕਾ ਬਣਦਾ ਹੈ) ਛੱਡ ਆਇਆ। ਵਕਤ ਪਾ ਕੇ ਇਬਰਾਹੀਮ ਨੇ ਫਿਰ ਹਾਜਰਾ ਤੇ ਇਸਮਾਈਲ ਵਲ ਫੇਰਾ ਪਾਇਆ ਤੇ ਹਾਜਰਾ ਨਾਲ ਸਰੀਰਕ ਸਬੰਧ ਵੀ ਬਣਾਏ।

ਇਸ ਗੱਲ ਦਾ ਸਾਰਾਹ ਨੂੰ ਪਤਾ ਲੱਗ ਗਇਆ ਤੇ ਗੱਲ ਸਾਬਤ ਵੀ ਹੋ ਗਈ। ਫਿਰ ਵਾਇਦੇ ਮੁਤਾਬਿਕ ਇਬਰਾਹੀਮ ਨੂੰ ਸਜਾ ਦੇਣੀ ਸੀ। ਪਰ ਸਾਰਾਹ ਇਬਰਾਹੀਮ ਨੂੰ ਮੁਹੱਬਤ ਵੀ ਕਰਦੀ ਸੀ ਤੇ ਉਸ ਨੇ ਇਬਰਾਹੀਮ ਦਾ ਲਿੰਗ ਵੱਢਣਾ ਠੀਕ ਨਾਂ ਸਮਝਿਆ। ਲਿੰਗ ਦਾ ਅਗਲਾ ਮਾਸ ਤੇ ਨਾਲ ਲਗਦੇ ਵਾਲ ਕੱਟ ਕੇ ਰਸਮੀ ਸਜਾ ਦਿੱਤੀ ਤੇ ਉਨਾਂ ਅੰਗਾਂ ਦੇ ਵਾਲ ਵੀ ਕੱਟ ਦਿੱਤੇ ਜਿਹੜੇ ਜਾਹਿਰਾ ਨੂੰ ਛੂਹੇ ਸਨ। ਜੀਭ ਤੇ ਬੁੱਲ ਕੱਟਣ ਦੇ ਬਿਜਾਏ ਇਬਰਾਹੀਮ ਦੀਆਂ ਮੁੱਛਾਂ ਕੱਟ ਦਿੱਤੀਆਂ। ਇਸ ਰਸਮ ਨੂੰ ਖਤਨਾ ਕਿਹਾ ਗਿਆ।

ਪਰ ਇਬਰਾਹੀਮ ਦੇ ਮੁਰੀਦ ਉਨੂੰ ਜਾਨੋਂ ਵੱਧ ਚਾਹੁੰਦੇ ਸਨ। ਇਬਰਾਹੀਮ ਦੀ ਹਾਲਤ ਵੇਖ ਓਨਾਂ ਆਪਣੇ ਵੀ ਓਹੋ ਕੁਝ ਕਰ ਲਿਆ ਜੋ ਇਬਰਾਹੀਮ ਨਾਲ ਹੋਇਆ ਸੀ। ਸ਼ਰਧਾਲੂਆਂ ਵਿੱਚ ਇਹ ਰਸਮ ਹੀ ਚਲ ਪਈ।

ਕਿਉਕਿ ਇਬਰਾਹੀਮ ਯਹੂਦੀ, ਈਸਾਈਮਤ ਤੇ ਇਸਲਾਮ ਦਾ ਸਾਂਝਾ ਪੈਗੰਬਰ ਹੈ ਇਸ ਕਰਕੇ ਇਹ ਰਸਮ ਯਹੂਦੀ ਤੇ ਈਸਾਈਆਂ ਵਿੱਚ ਵੀ ਚਲਦੀ ਆਈ ਹੈ। ਪਰ ਈਸਾਈਮਤ ਦੇ ਧਾਰਮਿਕ ਵਿਦਵਾਨਾਂ ਨੇ ਇਹ ਰਸਮ ਫਜ਼ੂਲ ਸਮਝੀ ਤੇ ਇਨੂੰ ਬੰਦ ਕਰਵਾ ਦਿੱਤਾ। ਫਿਰ ਵੀ ਐਬੇਸੀਨੀਆਂ ਦੇ ਕੱਟੜ ਈਸਾਈਆਂ ਨੇ ਇਹ ਰਸਮ ਅੱਜ ਤੱਕ ਜਾਰੀ ਰੱਖੀ ਹੋਈ ਹੈ। (ਸਰੋਤ ਮਹਾਨ ਕੋਸ਼-125, ਮਨੀ ਸਿੰਘ-129)

ਗੁਰਬਾਣੀ ਵਿੱਚ ਵੀ ਦਰਜ ਹੈ ਕਿਵੇ ਭਗਤ ਕਬੀਰ ਸਾਹਿਬ ਨੇ ਇਸ ਖਤਨੇ ਦੀ ਰਸਮ ਤੇ ਮੁਸਲਮਾਨਾਂ ਨੂੰ ਤਾਹਨਾ ਮਾਰਿਆ ਹੈ:-

**ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ ॥ ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ ॥੨॥ ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥ ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥੩॥**

ਸੋ ਸਿਰਫ਼ ਸੁੰਨਤ ਕੀਤਿਆਂ ਹੀ ਮੁਸਲਮਾਨ ਬਣ ਸਕੀਦਾ ਹੈ, ਤਾਂ ਔਰਤ ਦੀ ਸੁੰਨਤ ਤਾਂ ਹੋ ਹੀ ਨਹੀਂ ਸਕਦੀ। ਵਹੁਟੀ ਮਨੁੱਖ ਦੇ ਜੀਵਨ ਦੀ ਹਰ ਵੇਲੇ ਦੀ ਸਾਂਝੀਵਾਲ ਹੈ, ਇਹ ਤਾਂ ਕਿਸੇ ਵੇਲੇ ਸਾਥ ਛੱਡਦੀ ਨਹੀਂ। ਸੋ, ਅਧਵਾਟੇ ਰਹਿਣ ਨਾਲੋਂ ਹਿੰਦੂ ਟਿਕੇ ਰਹਿਣਾ ਹੀ ਚੰਗਾ ਹੈ।3।(ਪਾਠਕ ਇਹ ਮਤ ਸਮਝ ਲੈਣ ਕਿ ਕਬੀਰ ਸਾਹਿਬ ਹਿੰਦੂ ਸਨ। ਸ਼ਬਦ ਦਾ ਭਾਵ ਸਮਝਿਆ ਜਾਵੇ।)

◘ ਗੋਸ਼ਟਿ- 167 ਵਿੱਚ ਲਿਖਿਆ ਹੈ ਕਿ ਗੁਰੂ ਸਾਹਿਬ ਇੱਕ ਸਾਲ ਮੱਕੇ ਰਹੇ। ਸਾਲ ਰਹਿਣ ਦੀ ਕੋਈ ਤੁੱਕ ਨਹੀ ਬਣਦੀ। ਓਦੋਂ ਹਿੰਦੁਸਤਾਨ ਤੋਂ ਬਾਹਰ ਉਹ ਸਾਲ ਰਹੇ ਸਨ।

**** ਗਿਆਨੀ- ਨੇ ਲਿਖਿਆ ਹੈ ਕਿ ਗੁਰੂ ਸਾਹਿਬ ਯਮਨ ਦੇ ਬੰਦਰਗਾਹ ਸ਼ਹਿਰ ਅਦਨ ਵੀ ਗਏ। ਜਦੋਂ ਕਿ ਜਨਮ ਸਾਖੀਆਂ ਅਤੇ ਗੋਸ਼ਟਿ ਵਿੱਚ ਕਿਤੇ ਵੀ ਅਦਨ ਦਾ ਜਿਕਰ ਨਹੀ ਮਿਲਦਾ। ਗਿਆਨੀ ਨੇ ਲਿਖਿਆ ਹੈ ਕਿ ਅਦਨ ਦਾ ਮਸੀਤ ਰੂਪੀ ਗੁਰਦੁਆਰਾ ਬੰਦਰ ਤੋਂ ਹੀ ਨਜਰ ਆਉਦਾ ਹੈ। ਦਰ ਅਸਲ ਅਦਨ ਵੀ ਬੁਖਾਰੇ ਵਾਗੂ ਬਹੁਤ ਹੀ ਮਹੱਤਵਪੂਰਨ ਵਪਾਰਕ ਕੇਂਦਰ ਰਿਹਾ ਹੈ। ਜਿੱਥੇ ਸੈਕੜੇ ਪੰਜਾਬੀ ਅਤੇ ਸਿੰਧੀ ਵਪਾਰੀ ਬੈਠੇ ਹੋਏ ਸਨ। ਹੋ ਸਕਦਾ ਇਨਾਂ ਸ਼ਰਧਾਲੂਆਂ ਨੇ ਇਥੇ ਧਰਮਸਾਲ ਬਣਾਈ ਹੋਵੇ।

● ਪਟਿਆਲੇ ਦੇ ਗੁਰਸਿੱਖ ਲਿਖਾਰੀ ਕੰਵਰ ਅਜੀਤ ਸਿੰਘ ਨੇ ਸਾਨੂੰ **ਸੰਤ ਸੱਯਦ ਪ੍ਰਿਤਪਾਲ ਸਿੰਘ** ( ਪਹਿਲਾਂ ਸਯੱਦ ਮੁਸ਼ਤੈਕ ਹੁਸੈਨ) ਦਾ ਲਿਖਿਆ ਪਰਚਾ ਭੇਜਿਆ ਹੈ। ਇਸ ਬਾਬਤ ਇੰਟਰਨੈੱਟ ਤੇ ਹੋਰ ਵੀ ਕਈ ਥਾਂਈ ਇੰਦਰਾਜ ਸਾਡੀ ਨਿਗਾਹ ਵਿਚ ਪਏ ਹਨ। ਸਾਡੀ ਗੁਰਸਿੱਖਾਂ ਨੂੰ ਸਲਾਹ ਹੈ ਕਿ ਇਸ ਲਿਖਤ ਨੂੰ ਜਿਆਦਾ ਅਹਿਮੀਅਤ ਨਾਂ ਦਿਤੀ ਜਾਵੇ ਕਿਉਕਿ ਸੱਚ ਦੀ ਕਸੌਟੀ ਤੇ ਇਹ ਖਰੀ ਨਹੀ ਉਤਰ ਰਹੀ। ਅਜਿਹੀਆਂ ਲਿਖਤਾਂ ਫਿਰ ਕਦੀ ਨਮੋਸ਼ੀ ਦਾ ਕਾਰਨ ਵੀ ਬਣ ਜਾਂਦੀਆਂ ਹਨ।

ਬਾਬ-62

# ਮਦੀਨੇ ਦੇ ਕੌਤਕ ਤੇ ਬਸਰਾ, ਸ਼ਾਓਸ਼ਤਰ ਜਾਣਾ

ਜਦੋ ਬਾਬਾ ਜੀ ਨੂੰ ਮੱਕੇ ਰਹਿੰਦਿਆਂ ਦੋ ਕੁ ਮਹੀਨੇ+ ਹੋ ਗਏ ਅਤੇ ਜਿਵੇ ਫਿਰ ਮੱਕੇ ਵਿਚ ਰੌਣਕਾਂ ਘਟੀਆਂ ਤਾਂ ਮਰਦਾਨੇ ਨੇ ਤਾਨਾ ਮਾਰ ਦਿੱਤਾ, "ਬਾਬਾ ਕਿਤੇ ਮੱਕੇ ਵਿਚ ਹੀ ਤਾਂ ਨਹੀ ਆਪਣਾ ਮਕਾਮ ਬਣਾਉਣ ਦਾ ਇਰਾਦਾ?" ਗੁਰੂ ਸਾਹਿਬ ਮਰਦਾਨੇ ਦਾ ਇਸ਼ਾਰਾ ਸਮਝ ਗਏ ਤੇ ਛੇਤੀ ਹੀ (ਅਗੱਸਤ 1531) ਮਦੀਨੇ ਵਲ ਕੂਚ ਕਰ ਦਿੱਤਾ। 10 ਵੇਂ ਦਿਨ ਮਦੀਨੇ ਪਹੁੰਚ ਗਏ। ◆




ਮਸਜਦ ਨਬੀ, ਮਦੀਨਾ। ਇਹ ਵੀ ਪਹਿਲਾਂ ਕਾਬੇ ਵਾਙੂ ਖੁੱਲੀ ਮਸੀਤ ਹੀ ਹੁੰਦੀ ਸੀ। ਭਾਵ ਬਿਨਾਂ ਛੱਤ ਦੇ। ਅੱਜ ਮਾਡਰਨ ਤਕਨਾਲੌਜੀ ਨਾਲ ਲੈਸ ਇਹ ਮਸੀਤ ਵੇਖਣੀ ਬਣਦੀ ਹੈ। ਖੱਬੇ ਹੱਥ ਜਿਹੜੇ ਖੁੱਲੀ ਥਾਂ ਤੇ ਥੰਮ ਨਜਰ ਆ ਰਹੇ ਨੇ ਇਹ ਆਟੋਮੈਟਿਕ ਛੱਤਰੀਆਂ ਨੇ ਜੋ ਧੁੱਪ ਅਤੇ ਮੀਂਹ ਵੇਲੇ ਆਪ ਮੁਹਾਰੇ ਖੁੱਲਦੀਆਂ ਨੇ। ਇਸ ਇਮਾਰਤ ਤੇ ਆ ਕੇ ਅਰਬਾਂ ਦੇ ਪੈਟਰੋਲ ਵਾਲੇ ਡਾਲਰ ਆਪ ਮੁਹਾਰੇ ਛਲਕਦੇ ਨੇ। ਹਜਰਤ ਮੁਹੰਮਦ ਨੇ ਸਾਦਗੀ ਸਿਖਾਈ ਸੀ। ਇਥੋਂ ਤਕ ਕਿਹਾ ਸੀ ਕਿ ਮੇਰੀ ਕਬਰ ਵੀ ਪੱਕੀ ਨਾਂ ਬਣਾਉਣਾ। ਪਰ ਮੁਸਲਮਾਨਾਂ ਨੇ ਮਿੱਟੀ ਦੇ ਢੇਰ ਦੁਆਲੇ ਹੀ ਸੰਗ ਮਰਮਰ ਜੜ੍ਹ ਦਿਤਾ ਹੈ। ਖੈਰ ਹਰ ਮਜ੍ਹਬ ਦੇ ਸ਼ਰਧਾਲੂ ਇਵੇ ਹੀ ਕਰਦੇ ਨੇ।

**ਮਦੀਨਾ-** ਮਦੀਨਾ ਮੱਕੇ ਦੇ ਪਹਾੜ ਪਾਸੇ ਨੱਕ ਦੀ ਸੇਧ ਤੇ 350 ਕਿ. ਮੀ (ਸੜਕ ਰਾਂਹੀ 500 ਕਿ. ਮੀ.) ਹੈ। ਗੁਰੂ ਸਾਹਿਬ ਦੀ ਯਾਤਰਾ ਵੇਲੇ ਸਾਧਨ ਊਠ ਸਨ। ਉਂਜ ਬਹੁਤੇ ਸ਼ਰਧਾਲੂ ਪੈਦਲ ਹੀ ਜਾਇਆ ਕਰਦੇ ਸਨ। ਹਾਲਾਂ ਅਮੀਰ ਲੋਕ ਜੱਦਾ ਜਾ ਕੇ ਓਥੋ ਸਮੁੰਦਰ ਰਸਤੇ ਵੀ ਜਾਂਦੇ ਸਨ ਜਿਸ ਕਾਰਨ ਪੈਦਲ ਸਫਰ ਅੱਧਾ ਹੀ ਰਹਿ ਜਾਂਦਾ ਹੈ। ਮੱਕੇ ਦੇ ਮੁਕਾਬਲੇ ਮਦੀਨਾ ਥੋੜਾ ਹਰਿਆ ਭਰਿਆ ਹੈ, ਜਿੱਥੇ ਪਾਣੀ ਦੀ ਕਮੀ ਨਹੀ ਹੈ।

ਇਥੇ ਮਸਜਦ ਐਨ ਨਬੀਵੀ ਹੈ ਜਿੱਥੇ ਹਜਰਤ ਮੁਹੰਮਦ ਸਾਹਿਬ ਨੂੰ ਦਫਨਾਇਆ ਗਇਆ ਸੀ। ਮਦੀਨਾ ਵਿਖੇ ਹੀ ਮੁਹੰਮਦ ਸਾਹਿਬ ਦੀ ਧੀ ਫਾਤਿਮਾ, ਦੋਹਤੇ ਹਸਨ ਤੇ ਸੌਹੁਰੇ ਅਬੂ ਬਕਰ ਦੀਆਂ ਕਬਰਾਂ ਹਨ।

ਮੁਹੰਮਦ ਸਾਹਿਬ ਦੇ ਵੇਲੇ ਦੀਆਂ ਇਥੇ ਤਿੰਨ ਮਸੀਤਾਂ ਹਨ।

ਮੱਕੇ ਵਾਙੂ ਮਦੀਨੇ ਦਾ ਅੰਦਰੂਨ ਹਿੱਸਾ ਵੀ ਗੈਰ ਮੁਸਲਮਾਨਾਂ ਦੇ ਦਾਖਲੇ ਲਈ ਮਨਾ ਹੈ। ਹਾਲਾਂ ਬਾਕੀ ਸ਼ਾਹਿਰ ਵਿਚ ਗੈਰ ਮੁਸਲਮਾਨਾਂ ਦੇ ਦਾਖਲੇ ਤੇ ਪਾਬੰਦੀ ਨਹੀ ਹੈ।

## ਨਬੀ ਵਾਲੀ ਮਸੀਤ ਦੇ ਦਰਵਾਜੇ ਤੇ ਜਾ ਬੈਠਾ ਬਾਬਾ

ਉਹ ਮਸੀਤ ਜਿੱਥੇ ਹਜਰਤ ਮੁਹੰਮਦ ਦੀ ਕਬਰ ਹੈ ਦੇ ਦਰਵਾਜੇ ਦੇ ਕੋਲ ਇਕ ਪਾਸੇ ਗੁਰੂ ਸਾਹਿਬ ਤੇ ਮਰਦਾਨੇ ਨੇ ਕੀਰਤਨ ਅਰੰਭ ਦਿੱਤਾ।* ਮਰਦਾਨੇ ਦੀ ਰਬਾਬ ਦੀ ਸੁਰੀਲੀ ਧੁੰਨ ਨੇ ਲੋਕਾਂ ਦਾ ਧਿਆਨ ਖਿਚਿਆ ਪਰ ਕਲਾਮ ਉਨਾਂ ਨੂੰ ਸਮਝ ਨਹੀ ਆਇਆ। ਸੰਗੀਤ ਮੌਸੀਕੀ ਤਾਂ ਉਂਜ ਵੀ ਇਸਲਾਮ ਵਿਚ ਹਰਾਮ ਹੈ ਤੇ ਮਨਾ ਹੈ। ਇਸ ਤੇ ਕਿਸੇ ਕੱਟੜ ਨੇ ਕਹਿ ਦਿੱਤਾ ਇਹ ਕੋਈ ਕਾਫਰ ਮੰਗਤੇ ਨੇ। ਫਿਰ ਕੀ ਸੀ ਓਥੇ ਸਾਰਿਆਂ ਨੇ ਇੱਟੇ ਰੋੜੇ ਚੁੱਕ ਲਏ, ਗੁਰੂ ਸਾਹਿਬ ਤੇ ਮਰਦਾਨੇ ਨੂੰ ਮਾਰਨ ਲਈ। ਇਕ ਰੋੜਾ ਆ ਠਾਹ ਕਰਦਾ ਮਰਦਾਨੇ ਦੀ ਰਬਾਬ ਤੇ ਵੱਜਾ। "ਹੁਣ ਮਰੇ ਬਾਬਾ," ਮਰਦਾਨਾ ਚੀਕ ਉਠਿਆ। ਹੁਲੜਬਾਜ ਖੂਬ ਹੱਸੇ।

ਗੁਰੂ ਸਾਹਿਬ ਨੇ ਦੰਗਈਆਂ ਵਲ ਜਿਵੇ ਪਿਆਰ ਭਰੀ ਨਿਗਾਹ ਮਾਰੀ ਉਨਾਂ ਦੇ ਪੱਥਰ ਰੋੜੇ ਓਥੇ ਹੀ ਖਲੋ ਗਏ। ਰੋੜੇ ਹੱਥਾਂ ਨਾਲ ਹੀ ਚੰਬੜ ਗਏ।

ਇਹ ਕੌਤਕ ਜਿਵੇ ਹੋਇਆ ਸ਼ਹਿਰ ਵਿਚ ਰੌਲਾ ਪੈ ਗਿਆ। ਗੱਲ ਇਮਾਮਾਂ ਤੱਕ ਵੀ ਪਹੁੰਚ ਗਈ। ਇਥੋਂ ਦਾ ਇਮਾਮ ਹਜਰਤ ਅਲੀ ਦੀ ਔਲਾਦ ਵਿਚੋਂ ਸੀ। ਓਨੀ ਦਿਨੀ ਮਸੀਤ ਦੇ ਨੇੜੇ ਨੇੜੇ ਹੀ ਪ੍ਰਬੰਧਕਾਂ ਤੇ ਕਾਜੀਆਂ ਮੌਲਾਨਿਆਂ ਦੇ ਘਰ ਹੁੰਦੇ ਸਨ। ਸਭ ਕਾਜੀ, ਮੁੱਲਾਂ, ਫਜ਼ਲਾ, ਪੀਰ, ਫਕੀਰ ਬਾਹਰ ਨਿਕਲ ਆਏ। ਇਮਾਮ ਕਮਾਲਦੀਨ, ਜਮਾਲਦੀਨ, ਕੁਤਬਦੀਨ, ਗਾਉਂਸਦੀਨ, ਕਰਮਦੀਨ, ਜਾਫਰ, ਸਾਫੀ ਸਭ ਅਚੰਭਿਤ ਹੋਏ ਵੇਖ ਰਹੇ ਸਨ। ਮੌਸੀਕੀ! ਤੇ ਉਹ ਵੀ ਹਜਰਤ ਦੀ ਦਰਗਾਹ ਦੇ ਕੋਲ!

ਬਾਬਾ ਤੇ ਮਰਦਾਨਾ ਆਪਣੀ ਮਸਤੀ ਵਿਚ ਗਾਈ ਜਾ ਰਹੇ ਸਨ। ■

ਹਜਰਤ ਮੁਹੰਮਦ ਦੇ ਘਰ ਦੀਆਂ ਨੀਹਾਂ। ਹੇਠਾਂ ਪੁਰਾਤਤ ਵਾਲਿਆ ਉਸ ਵੇਲੇ ਦਾ ਘਰ ਦਾ ਕੁਝ ਸਮਾਨ ਇਕੱਠਾ ਕੀਤਾ ਹੈ ਤਾਂ ਕਿ ਮੌਜੂਦਾ ਪੀੜੀਆਂ ਨੂੰ ਪਤਾ ਲਗ ਸਕੇ ਕਿ ਉਸ ਵੇਲੇ ਜੀਵਨ ਕਿਹੋ ਜਿਹਾ ਸੀ। ਇਹ ਤਸਵੀਰਾਂ ਅਸੀ ਇਸ ਕਰਕੇ ਦੇ ਰਹੇ ਹਾਂ ਤਾਂ ਕਿ ਸ਼੍ਰੋਮਣੀ ਕਮੇਟੀ ਅਤੇ ਕਾਰ ਸੇਵਾ ਵਾਲਿਆਂ ਨੂੰ ਕੁਝ ਮਹਿਸੂਸ ਹੋਵੇ ਜੋ ਗੁਰੂ ਸਾਹਿਬ ਦੀਆਂ ਯਾਦਗਾਰਾਂ ਢਾਹ ਰਹੇ ਨੇ। ਇਹ ਤਸਵੀਰਾਂ ਜਦੋਂ ਅਸੀ ਦੇ ਰਹੇ ਸਾਂ ਸਾਡੇ ਮੰਨ ਵਿਚ ਗੁਰਦੁਆਰਾ ਗੁਰੂ ਕੇ ਮਹਿਲ, ਅੰਮ੍ਰਿਤਸਰ ਆ ਰਿਹਾ ਸੀ। ਜਿਸ ਚੰਗੇ ਭਲੇ ਗੁਰਧਾਮ ਨੂੰ ਕਾਰ ਸੇਵਾ ਵਾਲਿਆ ਢਾਹ ਢੇਰੀ ਕਰਕੇ ਓਥੇ ਸੰਗ ਮਰ ਮਰੀ ਰੁੱਖਾ ਸਥਾਨ ਬਣਾ ਦਿੱਤਾ।





ਪੈੜ ਸਫ਼ਾ

+ਜਨਮਸਾਖੀਆਂ ਅਨੁਸਾਰ ਗੁਰੂ ਸਾਹਿਬ ਮੱਕੇ ਵਿਖੇ ਸਾਲ ਭਰ ਰਹੇ। ਜੋ ਗਲਤ ਹੈ। ਕਿਉਕਿ ਗੁਰੂ ਸਾਹਿਬ ਦਾ ਸਾਰਾ ਜੀਵਨ ਨਿਰੰਕਾਰ ਦੀ ਹੋਂਦ ਦੇ ਪ੍ਰਚਾਰ ਨੂੰ ਸਮਰਪਤ ਹੈ। ਉਹ ਇਕ ਵੀ ਦਿਨ ਕਿੱਤੇ ਵਾਧੂ ਨਹੀ ਸਨ ਗੁਜਾਰਦੇ। ਮੱਕੇ ਦਾ ਮੇਲਾ ਮੁੱਕਣ ਉਪਰੰਤ ਉਥੇ ਗੁਰੂ ਸਾਹਿਬ ਦੇ ਬਣੇ ਰਹਿਣ ਦਾ ਸਵਾਲ ਹੀ ਪੈਦਾ ਨਹੀ ਹੁੰਦਾ। ਦਰ ਅਸਲ ਸਾਲ ਭਰ ਗੁਰੂ ਸਾਹਿਬ ਨੇ ਅਰਬ ਦੇਸਾਂ ਵਿਚ ਘੁੰਮੇ ਸਨ।

■ ਕੁਝ ਜਨਮ ਸਾਖੀਆਂ (ਗਿਆਨੀ 260) ਅਨੁਸਾਰ ਗੁਰੂ ਸਾਹਿਬ ਨੇ ਇਥੇ ਸ਼ਬਦ "ਬਸੰਤ ਹਿੰਡੋਲੁ ਮਹੱਲਾ 1 -ਨਉਸਤ ਚਉਦਹਿ ਤੀਨਿ ਚਾਰ ਕਰਿ ਮੁਹਲਤਿ ਚਾਰ ਬਹਾਲੀ॥ " ਗਾਵਿਆ। ਜਦੋਂ ਕਿ ਅਸਲ ਵਿਚ ਇਹ ਸਬਦ ਗੁਰੂ ਸਾਹਿਬ ਨੇ ਲਹੌਰ ਲਾਗੇ ਬਾਦਸ਼ਾਹ ਬਾਬਰ ਦੀਆਂ ਫੌਜਾਂ ਦੇ ਮੱਦੇ ਨਜ਼ਰ ਰਚਿਆ ਸੀ। ਦੇਖੋ ਬਾਲਾ ਜਨਮ ਸਾਖੀ। ਉਂਜ ਵੀ ਇਸ ਸਬਦ ਦਾ ਸਬੰਧ ਪੰਜਾਬ ਦੇ ਹਾਲਾਤਾਂ ਨਾਲ ਹੈ। ਇਸ ਵਿਚ ਪੰਜਾਬੀ ਭਾਸ਼ਾ ਦੇ ਪਤਨ ਦੀ ਵੀ ਗਲ ਕਹੀ ਗਈ ਹੈ ਕਿ ਕਿਵੇ ਲੋਕ ਫਾਰਸੀ ਬੋਲ ਬੋਲ ਕੇ ਫਖਰ ਮਹਿਸੂਸ ਕਰਦੇ ਹਨ।

◆ ਬਾਲਾ-186

ਪਰ ਇਮਾਮ ਜਾਫਰ ਰਬਾਬ ਸੁਣ ਕੇ ਅਨੰਦਿਤ ਹੋ ਰਿਹਾ ਸੀ। ਸ਼ਬਦ ਦੀ ਸਮਾਪਤੀ ਤੇ ਉਸ ਨੇ ਗੁਰੂ ਸਾਹਿਬ ਨੂੰ ਝੁੱਕ ਕੇ ਸਲਾਮ ਕੀਤਾ। ਉਹ ਥੋੜਾ ਬਹੁਤ ਹਿੰਦੁਸਤਾਨੀ ਜੁਬਾਨ ਜਾਣਦਾ ਸੀ। ਉਨ੍ਹੰ ਵੇਖ ਕੇ ਸਭ ਨੇ ਗੁਰੂ ਸਾਹਿਬ ਨੂੰ ਸਲਾਮ ਕੀਤਾ। ਇਮਾਮ ਕਹਿਣ ਲੱਗਾ ਕਿ ਇਨਾਂ ਭੁੱਲਣਹਾਰ ਲੋਕਾਂ ਤੇ ਤਰਸ ਕਰੋ। ਗੁਰੂ ਸਾਹਿਬ ਨੇ ਫਿਰ ਨਿਗਾਹ ਮਾਰੀ ਤੇ ਸਭ ਦੀ ਖਲਾਸੀ ਹੋਈ ਭਾਵ ਰੋੜੇ ਜਿਹੜੇ ਹੱਥਾਂ ਨਾਲ ਹੀ ਚਿੱਪਕ ਗਏ ਸਨ ਛੁੱਟ ਗਏ।

ਇਥੋਂ ਦੇ ਮੌਲਾਣਿਆਂ ਨੇ ਗੁਰੂ ਸਾਹਿਬ ਨੂੰ ਕਿਤੇ ਸਤਿਕਾਰ ਨਾਲ ਟਿਕਾ ਦਿੱਤਾ। ਇਥੇ ਜੋ ਗਲ ਬਾਤ ਹੋਈ ਉਹ ਮਦੀਨੇ ਦੀ ਗੋਸ਼ਟਿ ਕਰਕੇ ਪ੍ਰਸਿੱਧ ਹੈ। ਜਿਸ ਦੀ ਤਾਰੀਫ ਪਿੱਛੇ ਆ ਚੁੱਕੀ ਹੈ।

-----◈-----

## ਮਰਦਾਨੇ ਨੇ ਹਜਰਤ ਮੁਹੰਮਦ ਦੀ ਗੋਰ ਵੇਖੀ

ਮਦੀਨੇ ਫਿਰ ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਜਾ ਮਰਦਾਨਿਆ ਆਪਣਾ ਚਾਅ ਲਾਹ ਆ। ਤੂੰ ਕਹਿੰਦਾ ਸੀ ਨਾਂ ਕਿ ਮੱਕੇ ਤੇ ਮਦੀਨੇ ਦੀ ਜਿਆਰਤ ਕਰਨੀ ਆ। ਸੋ ਮਦੀਨੇ ਆਇਆ ਏ ਜਾ ਕੇ ਹਜਰਤ ਮੁਹੰਮਦ ਦੀ ਕਬਰ ਦੇ ਦਰਸ਼ਨ ਤਾ ਕਰਦਾ ਆ। ਮਰਦਾਨਾ ਕਹਿਣ ਲੱਗਾ ਕਿ ਇਥੇ ਤਾਂ ਨਹੀ ਅੰਦਰ ਜਾਣ ਨੂੰ ਮਨਾ ਕਰਦੇ? ਗੁਰੂ ਸਾਹਿਬ ਨੇ ਕਿਹਾ ਨਹੀ ਨਾਲੇ ਭਾਈ ਤੂੰ ਤਾਂ ਮੁਸਲਮਾਨ ਨੇ। ਮਰਦਾਨਾ ਕਹਿਣ ਲੱਗਾ ਗੁਰੂ ਜੀ ਛੱਡੋ ਇਹ ਗਲ ਕਿ ਮੈਂ ਮੁਸਲਮਾਨ ਹਾਂ। ਮੈਂ ਕਾਹਦਾ ਮੁਸਲਮਾਨ ਹਾਂ? ਗੁਰੂ ਸਾਹਿਬ ਨੇ ਕਿਹਾ ਕਿ ਤੂੰ ਜਿੱਦ ਨਹੀ ਸੀ ਕੀਤੀ ਮੱਕਾ ਮਦੀਨਾ ਵੇਖਣ ਦੀ?


ਹਜਰਤ ਮੁਹੰਮਦ ਦੀ ਕੱਚੀ ? ਕਬਰ

ਮਰਦਾਨਾ ਕਹਿਣ ਲੱਗਾ ਬਾਬਾ ਜੀ ਮੈਂ ਸੈਰ ਦੇ ਤੌਰ ਤੇ ਕਿਹਾ ਸੀ ਕਿਉਂਕਿ ਮੁਸਲਮਾਨ ਲੋਕ ਬਹੁਤ ਤਾਰੀਫਾਂ ਕਰਦੇ ਹਨ ਮੱਕੇ ਮਦੀਨੇ ਦੀਆਂ। ਮੈਂ ਕੋਈ ਪੂਜਣ ਥੋੜਾ ਆਇਆ ਹਾਂ।

ਮਰਦਾਨਾ ਗੋਰ ਵੇਖ ਕੇ ਆਇਆ ਤੇ ਗੁਰੂ ਸਾਹਿਬ ਨੂੰ ਕਹਿਣ ਲੱਗਾ ਕਿ ਬਾਬਾ ਜੀ ਮੁਹੰਮਦ ਸਾਹਿਬ ਦੀ ਗੋਰ ਕੱਚੀ ਹੈ। ਗੁਰੂ ਸਾਹਿਬ ਕਹਿਣ ਲੱਗੇ ਮਰਦਾਨਿਆ ਮੁਹੰਮਦ ਸਾਹਿਬ ਤਾਰੀਫ ਦੇ ਲਾਇਕ ਹਨ। ਪਰ ਮੁਸਲਮਾਨ ਫਿਲਾਸਫੀ ਵਿਚ ਤਰੁਟੀਆਂ ਹਨ। ਇਹ ਕਹਿੰਦੇ ਹਨ ਮੁਹੰਮਦ ਸਾਹਿਬ ਨੇ ਦੁਬਾਰਾ ਜਨਮ ਲੈਣਾ ਹੈ। ਉਹ ਬਹਿਸ਼ਤ ਵਿਚ ਹਨ। ਇਹ ੧ਓ ਸਰਬਵਿਆਪਕ ਨਿਰੰਕਾਰ ਦੇ ਸਿਧਾਂਤ ਨੂੰ ਨਹੀ ਸਮਝਦੇ।

ਫਿਰ ਮਰਦਾਨਾ ਕਹਿਣ ਲੱਗਾ ਕਿ ਬਾਬਾ ਜੀ ਜਿਹੜਾ ਕਹਿੰਦੇ ਹਨ ਕਿ ਹਜਰਤ ਨੇ ਖੁਦਾ ਨਾਲ ਗੱਲਾਂ ਕੀਤੀਆਂ ਜਿਸ ਤੋਂ ਕੁਰਾਨ ਲਿਖੀ ਗਈ। ਇਸ ਬਾਬਤ ਸੱਚ ਕੀ ਹੈ?

ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਰੱਬ ਨਿਰੰਕਾਰ ਹੈ ਉਹ ਪਦਾਰਥ ਜਾਂ ਮਾਇਆ ਵਿਚ ਨਹੀ ਹੈ। ਪਦਾਰਥ ਤੋਂ ਬਿਨਾਂ ਅਵਾਜ ਪੈਦਾ ਨਹੀ ਹੁੰਦੀ। ਸੋ ਨਿਰੰਕਾਰ ਬੋਲਣ ਤੋਂ ਪਾਕ ਪਵਿਤਰ ਹੈ। ਕਿਉਂਕਿ ਉਹ ਸਰਬਵਿਆਪਕ ਹੈ ਉਹ ਸਾਨੂੰ ਬੁੱਧ ਬਖਸ਼ਦਾ ਹੈ। ਨਿਰੰਕਾਰ ਖੁਦਾ ਦਾ ਮਹਿਰਮ ਭਾਵ ਦਿੱਲ ਦਾ ਭੇਦ ਜਾਨਣ ਵਾਲਾ ਯਾਰ, ਇਸ ਦੁਨੀਆ ਵਿਚ ਕੋਈ ਹੋ ਹੀ ਨਹੀ ਸਕਦਾ। ਪਰ ਯਾਦ ਰੱਖ ਖੁਦ ਮੁਸਲਮਾਨ ਵੀ ਮੰਨਦੇ ਹਨ ਕਿ ਮੁਹੰਮਦ ਸਾਹਿਬ ਨੇ ਫਰਿਸ਼ਤਾ ਜਿਬਰਾਈਲ ਨਾਲ ਗੱਲਾਂ ਕੀਤੀਆਂ ਤੇ ਕੁਰਾਨ ਓਸੇ ਦਾ ਨਤੀਜਾ ਹੈ।

-----◈-----

## ਮਦੀਨੇ ਦੀ ਗੋਸ਼ਟਿ

ਮੱਕੇ ਮਦੀਨੇ ਦੀ ਗੋਸ਼ਟਿ ਬਾਰੇ ਅਸੀ ਪਹਿਲਾਂ ਹੀ ਵਾਕਫੀਅਤ ਦੇ ਚੁੱਕੇ ਹਾਂ। ਇਹ ਜਨਮ ਸਾਖੀਆਂ ਤੋਂ ਵੀ ਪਹਿਲਾਂ ਰਚੀ ਗਈ ਸੀ।

ਇਥੇ ਮਦੀਨੇ ਵਿਚ ਜਦੋਂ ਉਹ ਇਮਾਮ ਲੋਕ ਗੁਰੂ ਨਾਨਕ ਦੇ ਕੌਤਕ ਵੇਖ ਚੁੱਕੇ ਹੁੰਦੇ ਹਨ ਤਾਂ ਇਹਨਾਂ ਨਾਲ ਜੋ ਗੱਲ ਬਾਤ ਹੁੰਦੀ ਹੈ ਗੋਸ਼ਟਿ ਵਿਚ ਛੰਦ ਬੰਦ ਕੀਤੀ ਮਿਲਦੀ ਹੈ। ਕੁਝ ਇਕ ਨਮੂਨੇ ਇਸ ਪ੍ਰਕਾਰ ਹਨ:-

### ਸਵਾਲ ਇਮਾਮ ਕਰੀਮਦੀਨ ਸੱਯਦ

(ਇਮਾਮ ਨੇ ਪੁੱਛਿਆ ਕਿ ਇਹ ਆਤਮਾ ਦਾ ਕੀ ਹਿਸਾਬ ਕਿਤਾਬ ਹੈ। ਇਹਦੀ ਸ਼ਕਲ ਸੂਰਤ ਕਿਹੋ ਜਿਹੀ ਹੁੰਦੀ ਹੈ। ਜਾਨਵਰ ਤੇ ਇਨਸਾਨ ਦੀ ਰੂਹ ਵਿਚ ਕੀ ਫਰਕ ਹੁੰਦਾ ਹੈ? ਇਹ ਦੁਨੀਆਂ ਕਿਥੋਂ ਪੈਦਾ ਹੁੰਦੀ ਹੈ ਤੇ ਕਿਸ ਵਿਚ ਸਮਾ ਜਾਂਦੀ ਹੈ)

ਕਹਿ ਕਰੀਮ ਕਹੁ ਨਾਨਕਾ ਰੂਹਾਂ ਦਾ ਕੀ ਤੋਲ॥
ਮੂਰਤ ਕੀ ਹੈ ਰੂਹ ਦੀ ਮੋਟੇ ਪਤਲੇ ਖੋਲ॥
ਰੰਗ ਕਿਨੇਹਾ ਰੂਹ ਦਾ, ਕੌਣ ਬਨਾਵਣ ਹਾਰ॥
ਬਹੁਤੇ ਹੈਨ ਕਿ ਇੱਕ ਹੈ, ਛੋਟੇ ਬਡੇ ਉਚਾਰਿ॥
ਇਨਸਾਨ ਔਰ ਹੈਵਾਨ ਦੀ, ਹਈ ਤਫਾਵਤ ਹੋਇ॥
ਰੂਹ ਖੁਦਾ ਇਨਸਾਨ ਦਾ, ਇਕੋ ਹੈ ਕਿ ਦੋਇ॥
ਕਿੱਥੋਂ ਆਲਮ ਉਪਜਦਾ, ਕਿੱਥੇ ਜਾਇ ਸਮਾਹਿ॥
ਏਹੁ ਹਕੀਕਤ ਜੋ ਦਸੇ, ਸੋਈ ਰਸੂਲ ਖੁਦਾਇ॥

(ਅਰਥ: ਤਫਾਵੁਤ-ਫਾਸਲਾ, ਦੂਰੀ)

### ਜਵਾਬ ਨਾਨਕ ਸ਼ਾਹ

(ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਤੁਸੀ ਮਹਿਸੂਸ ਕਰ ਰਹੇ ਹੋ ਨਾਂ ਕਿ ਹਵਾ ਚਲ ਰਹੀ ਹੈ। ਕਿਵੇ ਦਰੱਖਤਾਂ ਨੂੰ ਝੁਕਾ ਰਹੀ ਹੈ। ਇਹਦੀ ਕੀ ਸੂਰਤ ਹੈ? ਪਾਣੀ ਕਿੰਨਾ ਕੁ ਹੈ? ਅੱਗ ਦਾ ਕੱਦ ਕਾਠ ਸ਼ਕਲ ਸੂਰਤ ਕੀ ਹੈ? ਸੋ ਏਸੇ ਤਰਾਂ ਇਨਸਾਨ ਅਤੇ ਹੈਵਾਨਾਂ ਦੀ ਰੂਹ ਹੁੰਦੀ ਹੈ। ਇਸ ਦੀ ਕੋਈ ਸ਼ਕਲ ਸੂਰਤ ਨਹੀ ਹੁੰਦੀ। ਵਿਚਾਰੀ ਜਲ ਵਿਚ ਉਪਜੀ ਤਰੰਗ ਦਾ ਕੀ ਰੂਪ ਹੋ ਸਕਦਾ ਹੈ। ਇਸੇ ਤਰਾਂ ਆਤਮਾ ਦੀ ਕਹਾਣੀ ਹੈ।)

ਨਾਨਕ ਕਹੇ ਕਰੀਮਦੀਨ ਬਾਦੇ ਦਾ ਕੀ ਤੋਲ॥
ਸੂਰਤ ਕੀ ਹੈ ਪੌਣ ਦੀ, ਸਿੱਟੇ ਬਿਰਛਾਂ ਰੋਲ॥
ਆਤਸ਼ ਦਾ ਕੀ ਕੱਦ ਹੈ, ਮੋਟਾ ਪਤਲਾ ਹੋਇ॥
ਕੌਣ ਤਰੰਗ ਬਠਾਇੰਦਾ, ਰੰਗ ਆਬ ਦਾ ਕੋਇ॥
ਚੰਦ ਬਿੰਬ ਪ੍ਰਤਿਬਿੰਬ ਜਿਉਂ, ਇਕੋ ਦਿਸੇ ਅਨੰਤ॥
ਦੀਵੇ ਦਾ ਪਰਕਾਸ਼ ਜਿਉਂ, ਛੋਟੇ ਬੜਾ ਹੁਵੰਤ॥
ਬਾਦੀ ਰੂਹ ਇਨਸਾਨ ਦੀ, ਖਾਕੀ ਰੂਹ ਹੈਵਾਨ॥
ਬਾਦੀ ਰੂਹ ਖੁਦਾਇ ਦੀ, ਸਾਹਿਬ ਸਗਲ ਜਹਾਨ॥
ਰੂਹ ਨ ਛੋਟਾ ਬੜਾ ਕਿਸ, ਛੋਟੇ ਬੜੇ ਸਰੀਰ ॥
ਅੰਦਰ ਬਾਹਰ ਸਰਬ ਦੇ ਪਸਰਿਆ ਇਕੋ ਬੀਰ॥
ਜਲ ਤਰੰਗ ਜਿਉਂ ਰੱਬ ਤੇ ਜਗ ਉਪਜੇ ਹੋਇ ਲੀਨ॥
ਕੁਦਰਤਿ ਚਲਤ ਖੁਦਾਇ ਦੀ, ਸੱਚੀ ਹਮ ਕਹਿ ਦੀਨ॥

## ਸਵਾਲ ਕਰੀਮਦੀਨ

ਵਲੀ ਹਿੰਦ ਸੁਣ ਨਾਨਕਾ ਦੱਸ ਹਮਾਰਾ ਸਵਾਲ॥
ਹੱਕ ਬਿਗਾਨਾ ਜੋ ਖਾਏ ਤਿਨ੍ਹਾ ਕੌਨ ਹਵਾਲ॥
ਮੁਏ ਖਾਕੁ ਜੇ ਮਿਲੇ ਵੰਡ ਨ ਆਦਮ ਹੋਇ॥
ਲੈਣਾ ਦੇਣਾ ਦੁਨੀ ਦਾ ਕਿਉਂ ਕਰ ਫੈਸਲ ਹੋਇ॥
ਅੱਗੇ ਇਕ ਖੁਦਾਇ ਜੇ ਏਥੇ ਕਿਉਂ ਦੋ ਹੱਦ॥
ਸੱਚੀ ਗੱਲ ਸੁਣਾਇ ਦਿਹੁ ਕੂੜੀ ਦੇਹੋ ਰੱਦ॥
ਕੌਣ ਇਬਾਦਤ ਰੱਬ ਦੀ ਭਿਸਤਿ ਹਮੇਸ਼ ਦਿਵਾਇ॥
ਮੁਰਸ਼ਦ ਤੂੰ ਹੈਂ ਜਗਤ ਦਾ ਸੱਚਾ ਰਾਹ ਬਤਾਇ॥

## ਜਵਾਬ ਨਾਨਕ ਸ਼ਾਹ

(ਬਾਬੇ ਨੇ ਕਿਹਾ ਕਿ ਇਮਾਮ ਜੀ ਜੋ ਲੋਕ ਬੇਗਾਨੇ ਹੱਕ ਤੇ ਹੱਥ ਫੇਰਦੇ ਨੇ ਉਹ ਸੁਖੀ ਨਹੀ ਹੁੰਦੇ। ਫਿਰ ਆਤਮਾ ਕਦੀ ਨਹੀ ਮਰਦੀ। ਇਹ ਲੈਣਾ ਦੇਣਾ ਉਸ ਦੇ ਸਿਰ ਰਹਿੰਦਾ ਹੈ। ਸੋ ਭਾਈ ਇਹ ਹਿੰਦੂ ਮੁਸਲਮਾਨ ਦਾ ਝਗੜਾ ਛੱਡ। ਇਨਾਂ ਵਿਚ ਓਹੋ ਫਰਕ ਹੈ ਜੋ ਸੁਨਿਆਰਾ ਗਹਿਣਿਆਂ ਵਿਚ ਪਾ ਦਿੰਦਾ ਹੈ। ਭਾਈ ਮੂਲ ਵਿਚ ਤਾਂ ਸੋਨਾ ਹੀ ਹੁੰਦਾ ਹੈ।)

ਸੁਣੋ ਇਮਾਮ ਕਰੀਮਦੀਨ ਨਾਨਕ ਕਹੇ ਫਕੀਰ॥
ਹੱਕ ਬਿਗਾਨਾ ਜੇ ਖਸਨ, ਮਰਸਨ ਹੋਇ ਜਹੀਰ॥
ਨਿੰਦਕ ਚੋਰ ਲਵਾਰ ਜੇ ਮਿੱਤਰ ਧੋਹਿ ਜੇਇ॥
ਬੰਦਰ ਰਿੱਛ ਕਲੰਦਰੀ ਬੈਲ ਗਧਾ ਪਰ ਹੋਇ॥
ਜੀਉਂਦੇ ਦੁੱਖ ਸਹਾਰਦੇ ਮਰ ਦੋਜ਼ਖ ਮੈ ਜਾਹਿ॥
ਲੈਣਾ ਦੇਣਾ ਰੂਹ ਨੇ, ਰੂਹ ਨ ਮਰੇ ਕਿਦਾਹਿ॥
ਫਿਰਕੇ ਦੋਵੇਂ ਰੱਦ ਕੇ, ਇਕੋ ਮੰਨ ਖੁਦਾਇ॥
ਇਕੋ ਸੁਇਨਾ ਭਾਂਤ ਬਹੁ ਗਹਿਣੇ ਨਾਮ ਸਦਾਇ॥
ਗੋਸ਼ੇ ਬੈਠ ਧਿਆਨ ਧਰ ਸੂਰਤ ਸਾਹਿਬ ਏਹ॥
ਸੁਇਨੇ ਵਾਂਙੂੰ ਚਮਕਦਾ ਨੂਰੋਂ ਨੂਰ ਦਸੈਹ॥
ਦਰਸ਼ਨ ਹੋਸੀ ਓਸ ਨੂੰ ਜਿਸ ਦੇ ਵੱਡੇ ਭਾਗ॥
ਮਿਲੇ ਨੂਰ ਮੇਂ ਨੂਰ ਤਿਸ, ਜਿਸ ਨੂੰ ਹੋਇ ਅਨੁਰਾਗ॥

(ਜਹੀਰ-ਗਮਗੀਨ, ਲਵਾਰ- ਬਕਵਾਸ ਕਰਨ ਵਾਲਾ, ਲਵਾਰ-ਬੱਕਬਾਦੀ, ਅਨੁਰਾਗ-ਪ੍ਰੇਮ/ਪਿਆਰ)

## ਸਵਾਲ ਬਹਾਵਦੀ ਪੀਰ

(ਰੱਬ ਅਤੇ ਰੂਹ ਵਿਚ ਕੀ ਫਰਕ ਹੈ? ਇਥੇ ਮੁਲਤਾਨ ਵਾਲੇ ਪੀਰ ਨਾਲ ਗਲਬਾਤ ਦੱਸੀ ਹੈ ਤੇ ਇਹ ਕਿਹਾ ਕਿ ਉਹ ਵੀ ਹੱਜ ਵੇਲੇ ਇਥੇ ਹਾਜਰ ਸਨ।)

ਬੋਲਿਆ ਪੀਰ ਬਹਾਵਦੀਨ ਮੁਲਤਾਨੀ ਮਖਦੂਮ॥
ਕੌਣ ਨਮੂਨਾ ਰੂਹ ਦਾ ਕਿਥੇ ਰਹੇ ਕਦੂਮ॥
ਭੇਦ ਖੁਦਾ ਅਰ ਰੂਹ ਦਾ ਜੋ ਕੁਝ ਹਈ ਬਤਾਇ॥
ਕੀ ਕੁਝ ਕਰੇ ਅਵਾਜ, ਸੇ ਦਿੱਸੇ ਕੌਣ ਉਪਾਇ॥
ਜੇ ਸ਼ੱਕ ਉਤਾਰੇ ਦਿਲੇ ਦਾ, ਤੂੰਹੇ ਅੱਵਲ ਫਕੀਰ॥
ਮੈਂ ਜੋਇੰਦਾ ਸੱਚਦਾ, ਕਹੇ ਬਹਾਵਦੀ ਪੀਰ॥

(ਜੋਇੰਦਾ -ਖੋਜਦਾ/ਦੇਖਦਾ)

## ਜਵਾਬ ਨਾਨਕ ਸ਼ਾਹ

(ਬਾਬੇ ਨੇ ਕਿਹਾ ਕਿ ਰੂਹ ਤੇ ਰੱਬ ਵਿਚ ਭੇਦ ਨਹੀ। ਜਿਵੇ ਪਾਣੀ ਤੇ ਪਾਣੀ ਦੇ ਤੁਬਕੇ ਵਿਚ ਫਰਕ ਨਹੀ ਹੁੰਦਾ। ਸੋ ਇਸ ਪ੍ਰਕਾਰ ਹਰ ਜੀਵ ਉਸ ਰੱਬ ਦਾ ਹੀ ਰੂਪ ਹੈ। ਸਿਰਫ ਉਹਦੀ ਹਉਮੈ ਨੇ ਉਨੂੰ ਰੱਬ ਤੋਂ ਜੁਦਾ ਕਰ ਦਿੱਤਾ ਹੈ।)

ਸੁਣ ਬਹਾਵਦੀ ਪੀਰ ਤੂੰ ਆਖੇ ਨਾਨਕ ਸ਼ਾਹ॥
ਨਾਹਿ ਨਮੂਨਾ ਰੂਹ ਦਾ, ਰਹੋ ਨ ਕਿਸ ਹੀ ਜਾਇ॥
ਜਾਤਿ ਸਫਾ ਤੋਂ ਬਾਹਰਾ, ਰੂਪ ਰੰਗ ਨਹਿ ਕੋਇ॥
ਕਰੇ ਅਵਾਜਾਂ ਗੈਬ ਦਾ ਨਦਰੀ ਪਵੇ ਨ ਸੋਇ॥
ਰੂਹ ਖੁਦਾਇ ਨ ਭੇਦ ਕੁਝ, ਰਹਿਸਨ ਇੱਕੋ ਥਾਇ॥
ਸੱਚੀ ਏਹੋ ਬੰਦਗੀ ਰਹਿਣਾ ਖੁਸ਼ੀ ਰਜਾਇ॥
ਸਭ ਨੂੰ ਨੂਰ ਖੁਦਾਇਦਾ, ਜਾਣੇ ਆਪਣਾ ਆਪ॥
ਜਿਨਾਂ ਆਪ ਪਛਾਣਿਆ, ਤਿਨਾਂ ਪੁੰਨ ਨ ਪਾਪ॥

(ਸਫਾ - ਸਿੱਧਾ/ਸਰਲ)

## ਸਵਾਲ ਪੀਰ ਬਹਾਵਦੀ

(ਅਖੇ ਦੱਸ ਫਿਰ ਕਿਹੜਾ ਮਜ਼ਬ ਚੰਗਾ, ਹਿੰਦੂਆਂ ਕਿ ਮੁਸਲਮਾਨਾਂ ਦਾ?)

ਆਖੇ ਪੀਰ ਬਹਾਵਦੀਨ ਸੁਣਹੋ ਨਾਨਕ ਸ਼ਾਹ॥
ਰੱਦੇ ਦੋਵੇਂ ਮਜ਼ਬ ਤੇਂ ਤੀਜਾ ਕੌਣ ਸਰਾਹਿ॥
ਹਿੰਦੂ ਅਤੇ ਮੁਸਲਮਾਨ ਦੋਇ, ਆਦਮ ਦੇ ਫਰਜੰਦ॥
ਕੇਹੜਾ ਪਾਸ ਖੁਦਾਇ ਦੇ, ਕੇਹੜਾ ਦੂਰ ਰਹੰਦ॥
ਖਾਂਦਾ ਕੀ ਖੁਦਾਇ ਹੈ, ਪਹਿਨੇ ਕੌਣ ਪੁਸ਼ਾਕ॥
ਕੇਹੜਾ ਮਜ਼ਬ ਨਪਾਕ ਹੈ, ਕੇਹੜਾ ਸੱਚਾ ਪਾਕ ॥

## ਜਵਾਬ ਨਾਨਕ ਸ਼ਾਹ

(ਬਾਬੇ ਕਿਹਾ ਕਿ ਇਹ ਮਜ਼ਬ ਵਗੈਰਾ ਬੰਦਿਆਂ ਦੇ ਬਣਾਏ ਹੋਏ ਹਨ। ਰੱਬ ਨੇ ਮਜ਼ਬ ਨਹੀ ਬਣਾਏ। ਹਾਂ ਜੇ ਕੋਈ ਅਜਿਹਾ ਫਿਰਕਾ ਹੋਏ ਜਿਹੜਾ ਸੱਚ ਦੇ ਰਾਹ ਤੇ ਚਲੇ ਤਾਂ ਉਨੂੰ ਮੰਨ ਲਓ ਕਿ ਇਹ ਰੱਬੀ ਮਜ਼ਬ ਹੈ।)

ਨਾਨਕ ਕਹੇ ਬਹਾਵਦੀਨ ਰੱਦੇ ਹਨ ਗੁਮਰਾਹ॥
ਸੋਈ ਮਜ਼ਬ ਅਕਾਲ ਦਾ, ਫੜਸੀ ਸੱਚਾ ਰਾਹ॥
ਮਜ਼ਬ ਨ ਕੋਈ ਰੱਬ ਦਾ, ਬੰਦਿਆ ਕਰੇ ਅਜ਼ਾਦ॥
ਓਹ ਨਜ਼ੀਕ ਖੁਦਾਇ ਦੇ ਜੋ ਰੱਖਦੇ ਹੈਂ ਯਾਦ॥
ਖਾਣਾਂ ਗਮ ਹੈ ਰੱਬ ਦਾ, ਪੈਨਣ ਖਿਮਾ ਪੁਸ਼ਾਕ॥
ਕੂੜੇ ਕੁਟਲ ਨਪਾਕ ਹੈ, ਸੱਚੇ ਸਦ ਹੀ ਪਾਕ॥
ਮਜ਼ਬ ਸਰਹ ਪਰ ਚਲਦੇ ਗਡੀ ਜਿਉਂ ਕਾਪੂਤ॥
ਤੀਨੋਂ ਲੀਕ ਨ ਚੱਲਦੇ, ਸੂਰੇ ਸਿੰਘ ਸਪੂਤ॥
ਨਾਨਕ ਆਖੇ ਸੱਚ ਪੰਧ, ਸੁਣੋਂ ਬਹਾਵਦ ਪੀਰ॥
ਰੱਦੀ ਹਿੰਦੂ ਤੁਰਕ ਨੋ ਬਨੋਂ ਫਕੀਰ॥
ਰੱਦ ਜਹੂਦਾਂ ਕਾਫਰਾਂ ਮੁਨਾਫਕਾਂ ਤੇ ਮੂਲਹੱਦ॥
ਰੂੰਮੀ, ਈਸਾਈ, ਜੰਗੀ, ਇਰਮਾਨੀ ਰਾਹ ਬੱਦ॥
ਹਬਸ਼ੀ ਤੇ ਕਿਲਮਾਕ ਬੰਧ ਚੀਨੇ ਪਾਰਸੀ ਵਾਹਿ॥
ਨਾਨਕ ਸੱਚੇ ਨਾਮ ਬਿਨ, ਮਜ਼ਬ ਸਭੇ ਗੁਮਰਾਹਿ॥

## ਸਵਾਲ ਪੀਰ ਜਲਾਲ ਦੀਨ

(ਉਚ ਦੇ ਜਲਾਲਦੀਨ ਪੀਰ ਦਾ ਗੱਦੀ ਨਸ਼ੀਨ ਗੁਰੂ ਸਾਹਿਬ ਨੂੰ ਸਲਾਹ ਦਿੰਦਾ ਹੈ ਕਿ ਜੇ ਤੂੰ ਇਸਲਾਮ ਦੇ ਦਾਇਰੇ ਵਿਚ ਆ ਜਾਏ ਤਾਂ ਤੈਨੂੰ ਸਭ ਮੰਨਣ। ਨਾਲੇ ਹਿੰਦੂ ਨੂੰ ਕਦੀ ਬਹਿਸ਼ਤ ਨਸੀਬ ਨਹੀ ਹੁੰਦਾ)

ਅਖੇ ਪੀਰ ਜਲਾਲਦੀਨ ਸੁਣ ਨਾਨਕ ਸ਼ਾਹ ਫਕੀਰ॥
ਹਿੰਦੂ ਸੂਰਤ ਦੋਜ਼ਖੀ ਵਿੱਚ ਆਤਸ਼ ਹੋਨ ਜ਼ਹੀਰ॥
ਮੁਸਲਮਾਨਾਂ ਵਾਸਤੇ ਭਿਸ਼ਤਿ ਬਨਾਏ ਰੱਬ॥
ਜੇ ਤੂੰ ਹੋਏਂ ਮੁਹੰਮਦੀ ਮੰਨਣ ਤੇਨੂੰ ਸਭ॥
ਹਿੰਦੂ ਭਿਸ਼ਤਿ ਨ ਕੋ ਗਿਆ, ਆਤਸ਼ ਦਏ ਜਲਾਇ॥
ਉਨ੍ਹਾਂ ਦਰੂਦ ਨ ਫਾਇਤਾ, ਕੁੱਲ ਚਲੀਹਾ ਨਾਇ॥

## ਜਵਾਬ ਨਾਨਕ ਸ਼ਾਹ

(ਇਹ ਕਿਉ ਤੁਸਾਂ ਹਿੰਦੂ-ਮੁਸਲਮਾਨ, ਹਿੰਦੂ-ਮੁਸਲਮਾਨ, ਦੀ ਰੱਟ ਲਾਈ ਹੋਈ ਹੈ? ਕੀ ਤੁਸੀ ਇਸ ਤੋਂ ਬਾਹਰ ਨਹੀ ਸੋਚ

ਸਕਦੇ। ਭਾਈ ਬਹਿਸ਼ਤ ਮਜ਼ਬ ਕਰਕੇ ਨਹੀ ਮਿਲਦਾ। ਜੇ ਉਹ ਮਿਲਦਾ ਹੈ ਤਾਂ ਨੇਕ ਅਮਲਾਂ ਕਰਕੇ।)

ਨਾਨਕ ਆਖੇ ਪੀਰ ਜੀ ਕਿਉਂ ਕਰਸੈਂ ਹੰਕਾਰ॥
ਹਿੰਦੂ ਮੁਸਲਮਾਨ ਸਭ, ਆਪੇ ਕਰੇ ਕਰਤਾਰ॥
ਰੂਹ ਨ ਹਿੰਦੂ ਤੁਰਕ ਹੈ, ਮਜ਼ਹਬ ਜੁੱਸੇ ਦੇ ਸਭ॥
ਬਿਸ਼ਟਾ ਮਿੱਟੀ ਖਾਕ ਹੋਇ, ਜੁੱਸਾ ਸਭਦਾ ਲੱਭ॥
ਮਜ਼ੂਬ ਕਿਸੇ ਦੀ ਭਿਸ਼ਤ ਨਾ, ਦੋਜ਼ਕ ਭਿਸ਼ਤ ਭੁਗਾਇ॥
ਪੈਗੰਬਰ ਅਵਤਾਰ ਜੋ, ਕਿਸੇ ਨ ਰੱਖ ਸਕਾਹਿ॥
ਜੇ ਕੋਈ ਉਲਟਾਂ ਕਰਯੇ ਚਹਿ, ਸੋ ਭੀ ਦੋਜ਼ਕ ਜਾਹਿ॥
ਮੁਸ਼ਕਲ ਮੁਸਲਮਾਨੜੀ ਹਿੰਦੂ ਹਰ ਕੰਮ ਮਾਹਿ॥
ਦੋਵੇਂ ਕਾਇਮ ਨਾ ਰਹਿਨ, ਦਾਵੇ ਕਰ ਉਠ ਜਾਹਿ॥
ਨਾਨਕ ਦਾਵਾ ਛੱਡਿਆ ਦੁਹਿ ਤੇ ਨਿਆਰਾ ਹੋਇ॥
ਇਥੇ ਮਿਲਨ ਬਡਿਆਈਆਂ ਦਰਗਹਿ ਪਾਵੈ ਢੋਇ॥

## ਸਵਾਲ ਪੀਰ ਬਹਾਵਦੀ

(ਬਹਾਵਦੀ ਪੀਰ ਫਿਰ ਬਾਕੀਆਂ ਨੂੰ ਗੁਰੂ ਸਾਹਿਬ ਬਾਰੇ ਵਾਕਫੀਅਤ ਦਿੰਦਾ ਹੈ ਕਿ ਤੁਸੀ ਇਸ ਨੂੰ ਜਾਣਦੇ ਨਹੀ ਹੋ। ਇਹ ਮੰਨਦਾ ਤਾਂ ਨਹੀ ਪਰ ਇਹ ਕੋਈ ਪੈਗੰਬਰ ਹੈ ਜਿਸ ਨੇ ਮੱਕਾ ਵੀ ਫੇਰ ਦਿੱਤਾ ਹੈ। ਇਹ ਹਰ ਚੀਜ ਨੂੰ ਰੱਦ ਕਰ ਰਿਹਾ ਹੈ: ਬੇਦ ਕਤੇਬ, ਹਿੰਦੂਮਤ ਇਸਲਾਮ। ਕੁਝ ਵੀ ਹੋਵੇ ਰੱਬ ਇਸਦੀ ਮੰਨਦਾ ਹੈ।)

ਬੋਲਿਆ ਪੀਰ ਬਹਾਵਦੀ ਸੁਣ ਜਲਾਲਦੀਨ ਪੀਰ॥
ਨਾਨਕ ਪਾਸੋਂ ਪੁਛਣਾ ਬਹੁਤ ਇਹੋ ਤਕਸੀਰ॥
ਜ਼ਾਹਰ ਅਜ਼ਮਤ ਇਸਦੀ ਕਾਬਾ ਦਿਤਾ ਫਿਰਾਇ॥
ਮਜ਼ੂਬ ਸਭੇ ਮਨਸੂਖ ਕਰ, ਮੰਨਿਆ ਇਕ ਖੁਦਾਇ॥
ਚਾਰ ਕਿਤਾਬਾਂ ਬੇਦ ਚਾਰ, ਪੈਗੰਬਰ ਅਵਤਾਰ॥
ਕਰੇ ਸਭੇ ਮਨਸੂਖ ਇਨ, ਮੰਨੇ ਇਮਾਮ ਨ ਯਾਰ॥
ਭਾਵੇਂ ਮੂੰਹੋਂ ਨ ਆਖਦਾ ਜ਼ਾਹਰ ਦਿਸਨ ਅਸਾਰ॥
ਆਯਾ ਅਖੀਰੀ ਧੁਰੋਂ ਇਹ ਪੈਗੰਬਰ ਅਵਤਾਰ॥
ਬੜਾ ਫਕੀਰੀ ਮਰਤਬਾ ਮਾਰਫਤੀ ਸਚ ਰਾਹ॥
ਮਾਰਫਤੋਂ ਜੋ ਬਾਹਰੇ ਸੱਭੇ ਹੈਂ ਗੁਮਰਾਹ॥
ਮਹਿਰਮ ਤੁਸੀਂ ਨ ਪੀਰ ਜੀ, ਨਾਨਕ ਬੜਾ ਫਕੀਰ॥
ਰੱਬ ਜਿਸੇ ਦੀ ਮੰਨਦਾ ਸੋਈ ਵੱਡਾ ਪੀਰ॥

## ਜਵਾਬ ਬਾਬਾ ਨਾਨਕ

(ਬਾਬਾ ਬੋਲਿਆਂ ਐਵੇਂ ਤਾਰੀਫਾਂ ਨਾਂ ਕਰ। ਇਹ ਰੱਬ ਦੀ ਸਿਫਤ ਹੈ ਕਿ ਉਹ ਨਿਤਾਣਿਆਂ ਨੂੰ ਤਾਣ ਦਿੰਦਾ ਹੈ।)

ਨਾਨਕ ਆਖੇ ਪੀਰ ਸੁਣ, ਮੇਰੀ ਕਰ ਨ ਤਰੀਫ॥
ਬੜਾ ਕਰੇ ਸਾਹਿਬ ਕਿਸੇ, ਚਾਹੇ ਕਰੇ ਹਰੀਫ॥
ਰੱਬ ਨਿਤਾਣਿਆਂ ਤਾਣ ਹੈ, ਨਿਮਾਣੇ ਦਾ ਮਾਣ॥
ਜੇ ਕੀੜੀ ਵਿਚ ਬਲ ਕਰੇ, ਲੇਵੇ ਫੀਲ ਰੰਞਾਣ॥
ਨਦੀਆਂ ਵਿਚ ਟਿੱਬੇ ਦਿਖਾਲੇ ਥਲੀਂ ਕਰੇ ਅਸਗਾਹ॥
ਕੀੜਾ ਥਾਪ ਦੇਇ ਪਾਤਸ਼ਾਹੀ ਲਸ਼ਕਰ ਕਰੇ ਸੁਆਹ॥

(ਹਰੀਫ- ਹਮਪੇਸ਼ਾ, ਮਿੱਤ੍ਰ)

## ਛੰਦ

(ਤੁਹਾਡੀਆਂ ਗੱਲਾਂ ਮੰਨੀਆਂ ਪਰ ਇਹ ਦੱਸੋ ਤੁਸੀ ਹਿੰਦੂਆਂ ਦੇ ਕਿਹੜੇ ਫਿਰਕੇ ਦੇ ਹੋ?)

ਬਚਨ ਸਭੇ ਸਤ ਗੁਰ ਕੇ ਪਿਆਰੇ ਲਾਗੇ ਪੀਰਾਂ ਤਾਂਈ॥
ਕਰੀ ਦਸਤ ਬੋਲ ਗਲ ਮਿਲ ਕੇ, ਆਨੰਦ ਭਏ ਮਹਾਂਈ॥
ਪੁਛਯਾ ਸੱਚ ਪੀਰ ਜੀ, ਦੱਸੋ ਜਾਮਾ ਕਿਸ ਘਰ ਧਾਰਾ॥
ਹਿੰਦੂ ਹਕੇ ਮੁਸਲਮਾਨਾਂ ਫਿਰਕਾ ਕੌਣ ਤੁਮਾਰਾ। ॥

## ਜਵਾਬ ਨਾਨਕ ਸ਼ਾਹ॥

ਹਿੰਦੂ ਕਹਾਂ ਤਾ ਮਾਰੀਆ ਮੁਸਲਮਾਨ ਭੀ ਨਾਹਿ॥
ਪਾਂਚ ਤੱਤ ਕਾ ਪੁਤਲਾ ਗੈਬੀ ਖੇਲੇ ਮਾਹਿ॥
ਗੈਬੀ ਆਇਆ ਗੈਬ ਤੋਂ, ਆਣ ਲਗਾਇਆ ਐਬ॥
ਉਲਟ ਸਮਾਨਾ ਗੈਬ ਮੈਂ, ਮਿਟ ਗਏ ਸਭੇ ਐਬ॥
ਕਲਿਜੁਗ ਨਾਨਕ ਨਿਰਮਲਾ ਪੰਥ ਚਲਾਯੋ ਆਇ॥
ਬੇਦ ਕਤੇਬੋ ਬਾਹਰਾ, ਜਪਦੇ ਏਕ ਖੁਦਾਇ॥
ਕਲਿਜੁਗ ਨਾਨਕ ਨਿਰਮਲੀ ਸਿੱਖੀ ਹੈ ਪਰਵਾਨ॥
ਪਾਰ ਉਤਰੇ ਉਮਤੀ, ਸਤਨਾਮ ਦੇ ਦਾਨ॥
ਹਿੰਦੂ ਮੁਸਲਮਾਲ ਸਭ ਮਜ਼ੂਬ ਚਲਾਏ ਕੂੜ॥
ਸੱਚਾ ਮਜ਼ੂਬ ਅਲਾਹਿ ਦਾ, ਲਾ ਮਜ਼ਬੀ ਇਕ ਨੂਰ॥
ਅਮਲਾਂ ਉਤੇ ਨਿੱਬੜੇ ਸਾਹਿਬ ਦੇ ਦਰਬਾਰ॥
ਕੋਈ ਕਰੇ ਸਹਾਇ ਨ, ਪੈਗੰਬਰ ਅਵਤਾਰ। ॥

## ਫੇਰ ਕਾਜ਼ੀ ਰੁਕਨਦੀਨ ਬੋਲਿਆ

ਅਖੇ ਕਾਜ਼ੀ ਰੁਕਨਦੀਨ ਸੁਣਹੋ ਚਾਰ ਇਮਾਮ॥
ਨਾਨਕ ਆਯਾ ਜਗਤ ਪਰ, ਲੈ ਸੱਚਾ ਫਰਮਾਨ॥
ਬੋਲੇ ਸੱਯਦ ਜਲਾਲਦੀਨ ਔਰ ਬਹਾਵਦੀ ਪੀਰ॥
ਨਾਨਕ ਤਾਈਂ ਛੇੜਨਾ ਬਹੁਤੀ ਹੈ ਤਕਸੀਰ॥
ਬੋਲੇ ਚਾਰ ਇਮਾਮ ਇਨ ਰੱਦੇ ਪੈਗੰਬਰ ਯਾਰ॥
ਮਜ਼ੂਬ ਕਰੇ ਮਨਸੂਖ ਇਨ ਜੋ ਹੈ ਵਿਚ ਸੰਸਾਰ॥
ਸੁਲ੍ਹਾਕੁਲ ਇਹੁ ਪੀਰ ਹੈ ਰੱਦ ਕਰੇਗੀ ਕੂੜ॥
ਬਿਨ ਪ੍ਰਮੇਸ਼ਵਰ ਔਰ ਕੀ ਮੰਨਤ ਕਰ ਹੈ ਦੂਰ॥
ਸ਼ਰਾ ਚਿੰਨ੍ਹਯ ਕੁਛ ਆਪਣਾ ਨਾਹਿ ਚਲਾਵੇ ਕਾਹਿ॥

(ਯਾਰ - ਮੁਸਲਮਾਨ ਮੰਨਦੇ ਹਨ ਕਿ ਅੱਲਾਹ ਦੇ ਚਾਰ ਯਾਰ ਹਨ ਜੋ ਹਮੇਸ਼ਾਂ ਅੱਲਾਹ ਦੇ ਨਾਲ ਹੀ ਰਹਿੰਦੇ ਹਨ।)

## ਸਵਾਲ ਇਮਾਮ॥

ਸੁਣਹੋਂ ਨਾਨਕ ਹਿੰਦਵੀ ਸੱਚਾ ਰਾਹ ਬਤਾਇ॥
ਜਿਸ ਪੈਂਡੇ ਸੁ ਚਲਦਿਆਂ ਮਲਕੁਲ ਮੌਤ ਨ ਖਾਇ॥
ਕਾਜ਼ੀ ਮੁੱਲਾਂ ਪੰਡਤੀ ਜਗਤ ਭੁਲਾਇਆ ਰਾਹਿ॥
ਅੱਲਾ ਮੰਨ ਫੱਕਰ ਰਹੇ ਫੱਕਰ ਅੱਲਾ ਦੇ ਮਾਹਿ॥
ਮਰਤਬ ਬੜਾ ਫਕੀਰ ਦਾ ਫੁਰਮਾਇਆ ਰੱਬ ਆਪ॥
ਕੇੜ੍ਹੀ ਕਰੀਏ ਬੰਦਗੀ ਜਿਸ ਕਰ ਹੋਇ ਮਿਲਾਪ॥

## ਜਵਾਬ ਨਾਨਕ ਸ਼ਾਹ ਸੂਰਾ

ਨਾਨਕ ਆਖੇ ਸੱਚ ਦੀ ਸੁਣ ਹੋ ਪੰਦ ਇਮਾਮ॥
ਛੱਡੋ ਖੁਦੀ ਤਕੱਬਰੀ ਬਣੋਂ ਨ ਸ਼ਰਾ ਗੁਲਾਮ॥
ਤੋਬਾ ਕਰੋ ਗੁਨਾਹ ਥੀਂ, ਹੱਕ ਪਰਾਯਾ ਛੱਡ॥
ਲੋਕ ਦਿਖਾਵਾ ਨਾ ਕਰੋ, ਮਨ ਅੱਲਾ ਵਿਚ ਗੱਡ॥
ਓਹੀ ਮੁਹੰਮਦ ਮਹਾਦੇਉ ਕਲਮਾਂ ਮੰਤਰ ਏਕ॥
ਕਰਨ ਛੇਦ ਸੁੰਨਤ ਇਕੋ ਅੱਲਾ ਰਾਮ ਬਵੇਕ॥
ਕੁਰਬਾਨੀ ਤੇ ਬਲੀ ਇਕ, ਦੇਵਲ ਉਹੀ ਮਸੀਤ॥
ਭਰਮ ਭੇਦ ਤਜ ਦਵੈਤ ਕੋ, ਤੇ ਜਾਵੇ ਜਗ ਜੀਤ॥
ਕਰ ਅੱਲਾ ਦੀ ਬੰਦਗੀ ਏਕਾ ਏਕੀ ਹੋਇ॥
ਸਿਲ ਆਲੂਣੀ ਚੱਟਣੀ ਪੈਸੀ ਮੁਸ਼ਕਲ ਖੋਇ॥
ਪੰਦ ਫਕੀਰਾਂ ਜੋ ਸੁਣੇ ਹਿੰਦੂ ਮੁੱਸਲਮਾਨ॥
ਹੋਨ ਗੁਨਾਹੀ ਪਾਕ ਸਭ ਪਾਵਨ ਸੁਖ ਸੁਬਹਾਨ॥
ਇਕ ਦੀ ਕਰ ਬੰਦਗੀ ਦੂਜਾ ਫਾਨੀ ਧਾਰ ॥
ਕਿੱਤੀ ਲੱਖ ਪੈਗੰਬਰਾਂ ਕਿੱਤੇ ਹੈਂ ਅਵਤਾਰ॥
ਪੰਡਤ ਮੁੱਲਾ ਜੋਤਸ਼ੀ ਜੋਗੀ ਕਾਜ਼ੀ ਸ਼ੇਖ॥
ਕਿਸੇ ਸ਼ਾਂਤ ਨ ਆਈਆ ਪਾਤਹੁ ਮੁਰਸ਼ਦ ਵੇਖ ॥
ਹਾਜ਼ਰ ਨਾਜ਼ਰ ਰੱਬ ਇਕ ਹਿੰਦੂ ਮੁੱਸਲਮਾਨ॥
ਜੋ ਚੱਲੇ ਸੋ ਪਹੁੰਚ ਹੈ ਤਜ ਕੇ ਮਜ਼ਬ ਗੁਮਾਨ॥
ਸੱਚਾ ਫਿਰਕਾ ਸਾਜਿਆ ਨਾਨਕ ਸ਼ਾਹ ਫਕੀਰ॥

ਜੋ ਆਵੈ ਦ੍ਰਿੜ ਭਾਉ ਕਰ ਪਾਵੈ ਗੁਣੀ ਗਹੀਰ॥ (ਪੰਦ- ਉਪਦੇਸ਼)

ਗੁਰੂ ਸਾਹਿਬ ਦੀ ਮਦੀਨਾ ਆਮਦ ਕਰਕੇ ਮਜ਼ਬੀ ਮੁਹੱਲਿਆਂ ਵਿਚ ਹਲ ਚਲ ਮੱਚ ਚੁੱਕੀ ਸੀ। ਪਰ ਗੁਰੂ ਸਾਹਿਬ ਕਿਸੇ ਬੇਗਾਨੇ ਵਾਂਙੂ ਉਪਦੇਸ਼ ਨਹੀ ਕਰਦੇ ਸਨ। ਉਹ ਸਮੁੱਚੀ ਮਨੁੱਖਤਾ ਨੂੰ ਆਪਣਾ ਪ੍ਰਵਾਰ ਸਮਝਦੇ ਸਨ। ਮੱਕੇ ਮਦੀਨੇ ਵਾਲਿਆਂ ਇਨਾਂ ਨੂੰ ਮੁਸਲਮਾਨ ਹੀ ਤਸਲੀਮ ਕਰ ਲਿਆ ਸੀ। ਫਰਕ ਬਸ ਇਨਾ ਕੁ ਕਿ ਗੁਰੂ ਸਾਹਿਬ ਹਿੰਦ ਦੇ ਔਲੀਏ ਸਨ।❋

ਮਦੀਨੇ ਦੇ ਓਲੇਮਾ ਨੇ ਜਦੋਂ ਮਹਿਸੂਸ ਕੀਤਾ ਕਿ ਬਾਬਾ ਨਾਨਕ ਦਾ ਪੈਗਾਮ ਮਨੁੱਖਤਾਵਾਦੀ ਹੈ ਤਾਂ ਉਹਨਾਂ ਬਾਰ ਬਾਰ ਗੁਰੂ ਸਾਹਿਬ ਨੂੰ ਗੁਜਾਰਿਸ਼ ਕੀਤੀ ਕਿ ਤੁਸੀ ਉਸਮਾਨੀਆਂ ਸਲਤਨਤ ਦੇ ਇਲਾਕੇ ਬਗਦਾਦ ਅਤੇ ਸ਼ਾਓਸ਼ਤਰ ਵੀ ਜਾਓ ਜਿਥੇ ਸ਼ੀਆ ਹੁਕਮਰਾਨ ਸੁੰਨੀ ਲੋਕਾਂ ਤੇ ਜੁਲਮ ਢਾਹ ਰਹੇ ਨੇ। ਉਹਨਾਂ ਕਿਹਾ ਕਿਉਕਿ ਬਗਦਾਦ ਹੀ ਪੂਰੀ ਦੁਨੀਆ ਦਾ ਵਿਦਵਤਾ ਕੇਂਦਰ ਹੈ , ਤੁਹਾਡਾ ਸੁਨੇਹਾ ਦੁਨੀਆ ਦੇ ਕੋਨੇ ਕੋਨੇ ਤੱਕ ਫੈਲ ਜਾਏਗਾ।

-----◈-----

## ਰਾਜਾ ਕਾਰੂ ਹਮੀਦ◉ ਪਿਰਾਮਿੱਡ ਪੁੱਟ ਪੁੱਟ ਖਜ਼ਾਨੇ ਲੱਭਿਆ ਕਰਦਾ ਸੀ

ਮੱਕੇ ਹੀ ਗੁਰੂ ਸਾਹਿਬ ਨੇ ਮਦੀਨੇ ਦੇ ਅਮੀਰ (ਰਾਜੇ) ਦੇ ਚੁੱਟਕਲੇ ਸੁਣੇ ਸਨ ਜਿਹੜਾ ਹਜ਼ਾਰਾਂ ਸਾਲ ਪੁਰਾਣੇ ਤਿਕੋਨੇ ਬੁਰਜ (ਪਿਰਾਮਿਡ) ਪੁੱਟ ਪੁੱਟ ਖਜਾਨੇ ਲੱਭਣ ਦੀ ਦੌੜ ਵਿਚ ਰਹਿੰਦਾ ਸੀ। ਕਿਹਾ ਜਾਂਦਾ ਸੀ ਕਿ ਹਮੀਦ ਨੇ 40 ਗੰਜ (ਖਜ਼ਾਨੇ) ਦੌਲਤ ਇਕੱਠੀ ਕਰ ਲਈ ਹੈ।


ਕਾਜੀ ਰੁਕਨੁਦੀਨ, ਗੁਰੂ ਸਾਹਿਬ ਅਤੇ ਮਰਦਾਨਾ। (ਬੀ:40 ਤਸਵੀਰ)

ਕਾਰੂ ਬਾਰੇ ਇਕ ਹੋਰ ਦਿਲਚਸਪ ਗਲ ਇਹ ਸੀ ਕਿ ਉਸ ਨੇ ਆਪਣੀ ਸ਼ਹਿਜਾਦੀ ਦਾ ਨਿਕਾਹ ਇਕ ਸਧਾਰਨ ਪ੍ਰਵਾਰ ਵਿਚ ਇਸ ਕਰਕੇ ਕਰ ਦਿੱਤਾ ਕਿਉਕਿ ਮੁੰਡਾ ਬਹੁਤ ਅਮੀਰ ਬਣ ਚੁੱਕਾ ਸੀ। ਧੀ ਦਾ ਨਿਕਾਹ ਕਰਨ ਤੋਂ ਬਾਦ ਕਾਰੂ ਨੂੰ ਜਵਾਈ ਦੀ ਅਮੀਰੀ ਦਾ ਰਾਜ ਜਦੋਂ ਪਤਾ ਲੱਗਾ ਤਾਂ ਉਸ ਨੇ ਵੀ ਜਵਾਈ ਵਾਲਾ ਕੰਮ ਕਰਨਾਂ ਸ਼ੁਰੂ ਕਰ ਦਿੱਤਾ।

ਪੈੜ ਸਫ਼ਾ

❋ਮਹਿਮਾ ਪ੍ਰਕਾਸ਼ ਸਮੇਤ ਫੁਟ ਨੋਟ - 45, ਲੋਕਾਂ ਨੇ ਇਥੇ ਗੁਰੂ ਸਾਹਿਬ ਦੀਆਂ ਖੜਾਵਾਂ ਯਾਦਗਾਰ ਦੇ ਤੌਰ ਤੇ ਸਾਂਭ ਲਈਆਂ। ਵਕਤ ਪਾ ਕੇ ਜਦੋਂ ਅਗਲੀਆਂ ਪੀੜੀਆਂ ਨੇ ਉਨਾਂ ਖੜਾਵਾਂ ਦੀ ਕਦਰ ਘਟਾਈ ਤਾਂ ਉੱਚ ਦਾ ਇਕ ਪੀਰ ਉਹ ਖੜਾਵਾਂ ਵੀ ਲੈ ਆਇਆ ਜੋ ਅੱਜ ਵੀ ਉੱਚ ਦੇ ਤੋਸ਼ੇਖਾਨੇ ਵਿਚ ਮੌਜੂਦ ਹਨ। ਯਾਦ ਰਹੇ ਉੱਚ ਸ਼ਹਿਰ ਦੇ ਪੀਰਾਂ ਕੋਲ ਦੋ ਜੋੜੇ ਖੜਾਵਾਂ ਦੇ ਹਨ।

◉ ਜਨਮਸਾਖੀ ਕਾਰੂ ਹਮੀਦ ਨਾਂ ਦੇ ਰਾਜੇ ਦੀ ਗਲ ਕਰਦੀ ਹੈ। ਜਦੋ ਕਿ ਅਹਿਮਦ ਦੀਆ ਬਿਨ ਮੁਹੰਮਦ ਅਲ-ਅੰਕਾਵੀ ਦੀ ਅਰਬੀ ਪੁਸਤਕ 'ਮੁਅਜਮ ਅਸ਼ਰਫ ਅਲ ਹਿਜਾਜ਼ ਫੀ ਬਿਲਾਦ ਅਲ-ਹਾਰਾਮਾਈਨ' (2005) ਮੁਤਾਬਿਕ ਹੁਮੀਦਨ ਬਿਨ ਸ਼ਮਨ ਅਲ ਹੁਸੈਨੀ (ਭਾਵ ਹਮੀਦ) ਗੁਰੂ ਸਾਹਿਬ ਦੀ ਮਦੀਨਾ ਫੇਰੀ ਵੇਲੇ ਓਥੋ ਦਾ ਰਾਜਾ ਸੀ। ਉਹ ਮੁਹੰਮਦ ਅਬੂ ਨੁਮਾਏ-ਦੋ ਸ਼ਰੀਫ (ਰਾਜਾ) ਮੱਕਾ (1512-1566) ਦਾ ਸਹੁਰਾ ਸੀ।

1516-17 ਈ ਵਿਚ ਉਸਮਾਨੀਆ ਸਲਤਨਤ ਨੇ ਮਿਸਰ ਦੀ ਮਮਲੂਕ ਸਲਤਨਤ ਤੇ ਹਮਲਾ ਕਰ ਦਿੱਤਾ। ਖਲੀਫਾ ਅਲਮੁਤਾਵਕੀਲ ਹਾਰ ਗਇਆ ਤੇ ਕਤਲ ਕਰ ਦਿੱਤਾ ਗਿਆ। ਕਿਉਕਿ ਖਲੀਫਾ ਦਾ ਅਹੁਦਾ ਇਸਲਾਮ ਵਿਚ ਸਭ ਤੋਂ ਉਪਰ ਗਿਣਿਆ ਜਾਂਦਾ ਹੈ ਉਸਮਾਨੀਆਂ ਸਲਤਨਤ ਨੇ ਜਦੋਂ ਉਸ ਨੂੰ ਨਾ ਬਖਸ਼ਿਆ ਤਾਂ ਮੱਕੇ ਮਦੀਨੇ ਦੇ ਅਮੀਰਾਂ ਨੂੰ ਵੀ ਫਿਕਰ ਹੋ ਗਿਆ। ਇਹ ਫਿਰ ਅੱਗੇ ਹੋ ਕੇ ਨਜਰਾਨੇ ਲੈ ਲੈ ਉਸਮਾਨ ਬਾਦਸ਼ਾਹ ਸਲੀਮ ਦੇ ਅੱਗੇ ਝੁੱਕ ਗਏ। ਨਤੀਜਾ ਇਹ ਹੋਇਆ ਕਿ ਸਲੀਮ ਨੇ ਮੱਕਾ ਮਦੀਨੇ ਦੇ ਅਮੀਰਾਂ ਨੂੰ ਨਾਂ ਛੇੜਿਆ ਤੇ ਪਰ ਇਨਾਂ ਕੋਲੋ ਮੋਟੀ ਰਕਮ ਨਜਰਾਨੇ ਦੇ ਤੌਰ ਤੇ ਲਈ ਗਿਆ। ਕੁਦਰਤੀ ਹੈ ਕਿ ਇਨਾਂ ਅਮੀਰਾਂ (ਰਾਜਿਆਂ) ਨੇ ਵੀ ਫਿਰ ਪੈਸਾ ਇਕੱਠਾ ਕਰਨ ਵਿਚ ਕੋਈ ਕਸਰ ਨਹੀ ਛੱਡੀ ਹੋਵੇਗੀ। ਸੋ ਇਹ ਮੱਦੀਨੇ ਦਾ ਹੀ ਰਾਜਾ (ਅਮੀਰ) ਸੀ ਜਿਸ ਨੇ ਪੈਸਾ ਇਕੱਠਾ ਕਰਨ ਵਿਚ ਪਿਰਾਮਿਡ ਵੀ ਨਾਂ ਬਖਸ਼ੇ। ਜਿਵੇ ਆਪਾਂ ਜਾਣਦੇ ਹਾਂ ਕਿ ਮੱਕਾ ਮਦੀਨਾ ਦੇ ਗਵਾਂਢ ਵਿਚ ਹੀ ਸੂਡਾਨ ਵਿਚ ਵੀ ਪਿਰਾਮਿਡ ਹੈਗੇ ਨੇ। ਸਿਰਫ ਏਨਾ ਹੀ ਨਹੀ ਸੂਡਾਨ ਵਿਚ ਮਿਸਰ ਨਾਲੋ ਵੀ ਜਿਆਦਾ ਪਿਰਾਮਿਡ ਨੇ। ਸੋ ਇਹ ਤਾਂ ਹੋ ਹੀ ਨਹੀ ਸਕਦਾ ਕਿ ਮੱਕੇ ਮਦੀਨੇ ਦੇ ਇਲਾਕੇ ਵਿਚ ਪਿਰਾਮਿਡ ਨਾਂ ਹੋਣ। ਨਾਲੇ ਪਿਰਾਮਿਡ ਬਣਾਉਣ ਦਾ ਰਿਵਾਜ ਇਸਲਾਮ ਦੇ ਜਨਮ ਤੋਂ ਬਹੁਤ ਪਹਿਲਾਂ ਦਾ ਹੈ। ਨਾਲੇ ਮੁਸਲਮਾਨ ਲੋਕਾਂ ਨੇ ਅਨੇਕਾਂ ਪੁਰਾਣੀਆਂ ਰਹੁ ਰੀਤਾਂ ਨੂੰ ਰੱਦ ਕਰ ਦਿੱਤਾ ਸੀ। ਜਦੋਂ ਪੁਰਾਣੇ ਪੈਗੰਬਰ ਦੀਆਂ ਬਣੀਆਂ ਮੂਰਤੀਆਂ ਇਹਨਾਂ ਨਾਂ ਛੱਡੀਆਂ ਤਾਂ ਪਿਰਾਮਿਡ ਦਾ ਸਤਿਕਾਰ ਕੌਣ ਕਰੇਗਾ।

ਸੋ ਸੰਭਾਵਨਾ ਇਹੋ ਹੈ ਕਿ ਜਨਮ ਸਾਖੀਆਂ ਨੇ ਜਿਹੜਾ ਕਾਰੂ ਹਮੀਦ ਦਾ ਨਾਂ ਦਿੱਤਾ ਹੈ, ਇਹ ਓਹੋ ਹਮੀਦ ਹੈ। ਕਿਉਕਿ ਜੰਗਲੀ ਕਿਸਮ ਦਾ ਮੰਗੋਲ ਕਾਰੂ ਅੰਨੇਵਾਹ ਮਾਇਆ ਇਕੱਠੀ ਕਰਿਆ ਕਰਦਾ ਸੀ ਜਿਸ ਕਰਕੇ ਇਸ ਹਮੀਦਨ ਹੁਸੈਨੀ ਨਾਂ ਦੇ ਰਾਜੇ ਨੂੰ ਵੀ ਲੋਕਾਂ ਕਾਰੂ ਦਾ ਹੀ ਖਿਤਾਬ ਦੇ ਦਿੱਤਾ ਹੋਵੇਗਾ।

ਜਨਮ ਸਾਖੀਆਂ ਫਿਰ ਨਾਂ ਕਾਰੂ ਹਮੀਦ ਹੀ ਦਿੱਤਾ ਹੈ।

✚ ਹੁਮੇਦਨ ਬਾਦ ਜਿੰਦਗੀ ਧਰਮਕ ਵਿਦਵਾਨ ਦੇ ਤੌਰ ਤੇ ਵਿਚਰਿਆ ਤੇ ਹੰਬਾਲੀ ਪ੍ਰੰਪਰਾ ਦਾ ਹਿੱਸਾ ਬਣ ਗਇਆ ਜੋ ਬਾਦ ਵਿਚ ਵਹਾਬੀ ਫਿਰਕੇ ਨੂੰ ਜਨਮ ਦਿੰਦੀ ਹੈ। (ਵੇਖੋ ਪੁਸਤਕ: THE CLERICS OF ISLAM RELIGIOUS AUTHORITY AND POLITICAL POWER IN SAUDI ARABIA -NABIL MOULINE https://archive.org/stream/0300178905/0300178905_djvu.txt) ਕਿ ਹਮੀਦ ਧਾਰਮਿਕ ਬਣ ਗਿਆ ਉਂਜ ਹੋਰ ਖੋਜ ਦੀ ਮੰਗ ਕਰਦਾ ਹੈ।

ਗੋਸ਼ਟਿ ਅਨੁਸਾਰ ਕਾਰੂ ਹਮੀਦ ਮਦੀਨੇ ਦੇ ਰੂਮ ਇਲਾਕੇ ਦਾ ਹੈ। ਸੰਭਾਵਨਾ ਇਟਲੀ ਵਾਲੇ ਰੂਮ ਦੀ ਵੀ ਬਣਦੀ ਹੈ। ਗੋਸ਼ਟਿ ਲਿਖਦੀ ਹੈ ਕਿ ਮਦੀਨਾ ਮੱਕੇ ਤੋਂ ਇਨਾਂ ਦੂਰ ਹੈ ਜਿੰਨਾ ਮੱਕਾ ਪੰਜਾਬ ਤੋਂ। ਹੋ ਸਕਦੈ ਇਥੇ ਗੋਸ਼ਟਿ ਇਟਲੀ ਵਾਲੇ ਰੋਮ ਦੀ ਗਲ ਕਰ ਰਹੀ ਹੋਵੇ। ਕਿਉਕਿ ਮਦੀਨਾ ਤਾਂ ਮੱਕਾ ਤੋਂ ਸਿਰਫ 12 ਦਿਨ ਦਾ ਪੈਦਲ ਰਸਤਾ ਹੈ। ਮਤਲਬ ਇਸ ਸਾਖੀ ਤੋਂ ਸੰਭਾਵਨਾ ਦੇ ਸਿਰਫ ਅੰਦਾਜ਼ੇ ਹੀ ਲਾਏ ਜਾ ਸਕਦੇ ਹਨ।

ਇਹ ਵੀ ਹੋ ਸਕਦੈ ਕਿ ਕਾਰੂ ਕਿਸੇ ਹੋਰ ਮੁਲਕ ਦਾ ਰਾਜਾ ਹੋਵੇ। ਪਰ ਗੁਰੂ ਸਾਹਿਬ ਦਾ ਮਦੀਨੇ ਤੋਂ ਬਗਦਾਦ ਵਲ ਜਾਣਾ ਸਾਬਤ ਕਰਦਾ ਹੈ ਕਿ ਗੁਰੂ ਸਾਹਿਬ ਨੇ ਲਾਲ ਸਾਗਰ ਪਾਰ ਕਰਕੇ ਮਿਸਰ ਸੂਡਾਨ ਵਾਲੇ ਪਾਸੇ ਨਹੀ ਸਨ ਗਏ। ਜਦੋਂ ਕਿ ਬਗਦਾਦ ਵਾਲੇ ਪਾਸੇ ਪਿਰਾਮਿਡ ਬਣਾਉਣ ਦਾ ਰਿਵਾਜ ਨਹੀ ਸੀ।

ਬਾਕੀ ਜਿਵੇ ਜਨਮ ਸਾਖੀਆਂ ਨੇ ਦਿੱਤਾ ਹੈ ਕਿ ਰਾਜਾ ਸਧਾਰਨ ਲੋਕਾਂ ਦੀਆਂ ਕਬਰਾਂ ਪੁੱਟਦਾ ਸੀ ਉਹ ਤਾਂ ਕਿਸੇ ਵੀ ਸੂਰਤ ਵਿਚ ਸੰਭਵ ਨਹੀ। ਜਨਮ ਸਾਖੀਆਂ ਦੇ ਕਰਤਾਵਾਂ ਨੂੰ ਅਰਬ-ਅਫਰੀਕਾ ਦੇ ਹਲਾਤਾਂ ਦਾ ਵੀ ਪਤਾ ਵੀ ਨਹੀ ਸੀ ਕਿ ਓਥੇ ਪਿਰਾਮਿਡ ਹੁੰਦੇ ਨੇ ਜਿੰਨਾਂ ਹੇਠ ਦੌਲਤ ਛੁਪਾਈ ਜਾਂਦੀ ਸੀ।

ਗਿਆਨੀ -264 ਨੇ ਲਿਖਿਆ ਹੈ ਕਿ ਸੁਲਤਾਨ ਮਹੀਦ (ਹਮੀਦ) ਕਾਰੂ ਕੈਕਈ, ਮਿਸਰ ਦਾ ਬਾਦਸ਼ਾਹ ਸੀ ਜੋ ਇਤਹਾਸਿਕ ਤੌਰ ਤੇ ਗਲਤ ਹੈ।

ਕਾਰੂ ਬਾਦਸ਼ਾਹ ਦੀ ਸਾਖੀ ਪਹਿਲੀ ਵਾਰ ਮਦੀਨੇ ਦੀ ਗੋਸਟਿ (168) ਵਿਚ ਵੀ ਪ੍ਰਗਟ ਹੁੰਦੀ ਹੈ। ਹਾਲਾਂ ਇਸ ਬਾਬਤ ਲਿਖਾਰੀ ਜੋ ਵਾਕਫੀਅਤ ਦਿੰਦਾ ਹੈ ਉਹ ਜਿਆਦਾ ਭੰਬਲਭੂਸਾ ਹੀ ਹੈ। ਲਿਖਦਾ ਹੈ:-

ਪੈੜ ਅਗਲੇ ਸਫੇ ਤੇ **ਚਲਦਾ** ➡



ਮੈਰੋਇ ਸੁਡਾਨ ਦੇ ਬੁਰਜ (ਪਿਰਾਮਿਡ) ਮਤਲਬ ਮੱਕੇ ਮਦੀਨੇ ਦੇ ਗਵਾਂਢ ਵਿਚ ਪਿਰਾਮਿਡ ਹੋਣਾਂ ਸਾਬਤ ਕਰਦਾ ਹੈ ਕਿ ਮਦੀਨੇ ਦੇ ਇਲਾਕੇ ਵਿਚ ਪਿਰਾਮਿਡ ਹੋਇਆ ਕਰਦੇ ਸਨ। ਜਨਮ ਸਾਖੀ ਨੇ ਜਿਹੜਾ ਕਬਰਾਂ ਪੁੱਟਣਾਂ ਲਿਖਿਆ ਹੈ ਉਹ ਦਰ ਅਸਲ ਪਿਰਾਮਿਡ ਖੋਦਣ ਦੀ ਗੱਲ ਹੈ।

ਹੋਇਆ ਕੁਝ ਇਸ ਤਰਾਂ ਕਿ ਜਵਾਈ ਦੀ ਮਾਂ ਨੇ ਮੁੰਡੇ ਨੂੰ ਦੱਸਿਆ ਕਿ ਇਹ ਜੋ ਤਿਕੋਨੇ ਬੁਰਜ (ਪਿਰਾਮਿਡ) ਹਨ ਇਨਾਂ ਅੰਦਰ ਬੇਸ਼ੁਮਾਰ ਦੌਲਤ ਛੁੱਪੀ ਹੋਈ ਹੈ। ਜਵਾਈ ਨੇ ਬੰਦੇ ਲੈ ਕੇ ਇਲਾਕੇ ਦਾ ਪਿਰਾਮਿਡ ਪੁੱਟ ਮਾਰਿਆ ਤੇ ਉਸਨੂੰ ਸੱਚ ਮੁੱਚ ਬੇਸ਼ੁਮਾਰ ਦੌਲਤ ਹਾਸਲ ਹੋ ਗਈ।

ਕਾਰੂ ਕਿਉਕਿ ਮਾਇਆ ਦੀ ਦੌੜ ਵਿਚ ਪਿਆ ਹੋਇਆ ਸੀ ਉਸ ਨੇ ਵੀ ਪਿਰਾਮਿਡ ਪੁਟਾਉਣੇ ਸ਼ੁਰੂ ਕਰਵਾ ਦਿੱਤੇ। ਜਿਸ ਕਰਕੇ ਇਲਾਕੇ ਵਿਚ ਇਸ ਤੇ ਬਹੁਤ ਥੂ ਥੂ ਹੋਈ। ਹਰ ਕੋਈ ਕਹਿ ਰਿਹਾ ਸੀ ਕਾਰੂ ਮਾਇਆ ਦੀ ਭੁੱਖ ਵਿਚ ਅੰਨਾ ਹੋ ਗਇਆ ਹੈ।

ਕਿਉਕਿ ਗੁਰੂ ਸਾਹਿਬ ਹੁਕਮਰਾਨ ਨੂੰ ਮਿਲਣ ਨੂੰ ਪਹਿਲ ਦਿਆ ਕਰਦੇ ਸਨ ਤੇ ਜਦੋਂ ਉਨਾਂ ਨੂੰ ਕਾਰੂ ਦੀਆਂ ਕਰਤੂਤਾਂ ਦਾ ਪਤਾ ਲੱਗਾ ਤਾਂ ਗੁਰੂ ਸਾਹਿਬ ਨੇ ਉਨੂੰ ਮਿਲਣ ਦਾ ਸੋਚ ਲਿਆ।

ਗੁਰੂ ਸਾਹਿਬ ਨੇ ਠੀਕਰੀਆਂ ਇਕੱਠੀਆਂ ਕਰਕੇ ਪੋਟਲੀ ਬੰਨ ਲਈ ਤੇ ਕਾਰੂ ਬਾਦਸ਼ਾਹ ਨੂੰ ਮਿਲਣ, ਜਾ ਕਾਰੂ ਦੇ ਮਹੱਲ ਹਾਜਰ ਹੋਏ। ਦਰਵਾਨ ਨੇ ਇਨਾਂ ਨੂੰ ਕਿਹਾ ਕਿ ਇਥੋਂ ਤੁਹਾਨੂੰ ਕੁਝ ਹਾਸਲ ਨਹੀ ਹੋਣਾ ਇਹ ਰਾਜਾ ਬਿਲਕੁਲ ਖਰਾਇਤ ਨਹੀ ਕਰਦਾ ਭਾਵ ਫਕੀਰਾਂ ਨੂੰ ਦਾਨ ਨਹੀ ਦਿੰਦਾ। ਗੁਰੂ ਸਾਹਿਬ ਨੇ ਦਰਵਾਨ ਨੂੰ ਕਿਹਾ ਕਿ ਅਸੀ ਕੁਝ ਲੈਣ ਨਹੀ ਆਏ ਅਸੀ ਤਾਂ ਹਿੰਦੁਸਤਾਨ ਤੋਂ ਆ ਰਹੇ ਹਾਂ ਬਾਦਸ਼ਾਹ ਨੂੰ ਮਿਲਣਾ ਹੈ।

ਦਰਵਾਨ ਨੇ ਤੁਰੰਤ ਜਾ ਬਾਦਸ਼ਾਹ ਨੂੰ ਖਬਰ ਦਿੱਤੀ ਕਿ ਇਸ ਤਰਾਂ ਦੋ ਪ੍ਰਦੇਸੀ ਫਕੀਰ ਜਿਹੇ ਬੰਦੇ ਹਿੰਦੋਸਤਾਨ ਤੋਂ ਆਏ ਹਨ ਤੇ ਮਿਲਣਾ ਚਾਹੁੰਦੇ ਹਨ। ਬਾਦਸ਼ਾਹ ਨੇ ਇਨਾਂ ਬਾਰੇ ਪਹਿਲਾਂ ਹੀ ਸੁਣ ਲਿਆਂ ਸੀ ਜਦੋਂ ਲੋਕਾਂ ਨੇ ਇਨਾਂ ਨੂੰ ਪੱਥਰ ਰੋੜੇ ਮਾਰੇ ਸਨ। ਉਸ ਨੇ ਦਰਵਾਨ ਨੂੰ ਹੁਕਮ ਕਰ ਦਿੱਤਾ ਕਿ ਉਨਾਂ ਨੂੰ ਕਹੋ ਕਿ ਉਡੀਕਣ ਮੈਂ ਡਿਉੜੀ ਤੇ ਆ ਕੇ ਮਿਲਦਾ ਹਾਂ।

ਦਰਵਾਨ ਨੇ ਗੁਰੂ ਸਾਹਿਬ ਤੇ ਮਰਦਾਨੇ ਨੂੰ ਕਿਹਾ ਕਿ ਇਥੇ ਹੀ

ਪੈੜ ਸਫਾ

"ਜਿਤਨਾ ਪੰਜਾਬੋਂ ਮੱਕਾ ਹੈ, ਇਤਨਾ ਹੀ ਪਰੇ ਮਦੀਨਾ ਹੈ। ਤਾਂ ਬਾਬਾ ਮਦੀਨੇ ਜਾਇ ਪਹੁਤਾ। ਮਦੀਨੇ ਵਿਖੇ ਰੂਮ ਕਾ ਸ਼ਹਿਰ ਹੈ। ਰੂਮ ਕਾ ਪਾਤਸ਼ਾਹ ਸੁਲਤਾਨ ਹਮੀਦ ਕਾਰੂਨ ਹੈ। ਬੜਾ ਕਾਰੂਨ ਜੋ ਆਗੇ ਮਿਹਤਰ ਮੂਸੇ ਕੇ ਪੈਕੰਬਰ ਕੇ ਜਮਾਨੇ ਮੇਂ ਹੋਆ ਸੀ। ਕਾਰੂਨ ਹਾਰੂਨ ਦੋਨੋਂ ਭਾਈ ਹੈਸਨ। ਤਬ ਸੁਲਤਾਨ ਹਮੀਦ ਕਾਰੂਨ ਭੀ ਬੜਾ ਜਾਲਮ ਪਾਤਸ਼ਾਹ ਹੈ। ਜਹਾਂ ਤੀਕਰ ਰੂਮ ਕੀ ਪਾਤਸ਼ਾਹੀ ਸੀ ਸਭ ਲੂਟ ਲਈ ਸੀ। "

ਇਸ ਤੋਂ ਅੱਗੇ ਗੋਸਟਿ ਵਿਚ ਗੁਰੂ ਸਾਹਿਬ ਮਦੀਨੇ ਵਿਖੇ ਹੀ ਬਾਦਸ਼ਾਹ ਕਾਰੂ ਨੂੰ ਮਿਲਦੇ ਹਨ। ਫਿਰ ਇਥੇ ਮਦੀਨੇ ਵਿਖੇ ਹੀ ਪੰਜਾਬੋਂ ਗਏ ਕੁਝ ਹੋਰ ਹਾਜੀਆਂ ਨਾਲ ਵੀ ਮੇਲ ਹੁੰਦਾ ਹੈ। (ਪੰਨਾ -175) ਅਤੇ ਫਿਰ ਓਥੇ ਗੋਸ਼ਟਾਂ ਸ਼ੁਰੂ ਹੋ ਜਾਂਦੀਆ ਹਨ।

ਸੋ ਇਸ ਪ੍ਰਕਾਰ ਕਾਰੂ ਹਮੀਦ ਵਾਲੀ ਗਲ ਮੂਲ ਵਿਚ ਮਦੀਨੇ ਨਾਲ ਸਬੰਧ ਰੱਖਦੀ ਹੈ। ਉਂਜ ਗੋਸ਼ਟਿ ਤੋਂ ਥੋੜਾ ਸ਼ੱਕ ਵੀ ਉਤਪਨ ਹੋ ਜਾਂਦਾ ਹੈ ਜਦੋਂ ਉਹ ਲਿਖਦਾ ਹੈ ਕਿ ਮਦੀਨੇ ਮੱਕੇ ਤੋਂ ਓਨਾਂ ਹੀ ਹੈ ਜਿੰਨਾਂ ਪੰਜਾਬ ਤੋਂ ਮੱਕਾ। ਹਾਲਾਂ ਮੱਕੇ ਤੋਂ ਮਦੀਨੇ ਨੱਕ ਦੀ ਸੇਧ ਤੇ ਸਾਰਾ 350 ਕਿ.ਮੀ ਹੈ। ਸੋ ਗੋਸਟਿ ਦੇ ਲਿਖਾਰੀ ਨੇ ਜੋ ਦੂਰੀ ਦਿੱਤੀ ਹੈ ਉਹ ਤਾਂ ਇਹੋ ਗੁਜਾਇਸ਼ ਛੱਡ ਦਿੰਦੀ ਹੈ ਕਿ ਹੋ ਸਕਦੈ ਗੁਰੂ ਸਾਹਿਬ ਰੋਮ (ਇਟਲੀ) ਵੀ ਗਏ ਹੋਣ। ਭਾਈ ਗੁਰਦਾਸ ਨੇ ਵੀ ਰੋਮ ਜਾਣ ਦਾ ਇਸ਼ਾਰਾ ਦਿੱਤਾ ਹੈ। ਗੁਰੂ ਸਾਹਿਬ ਦੀਆਂ ਯਾਤਰਾਵਾਂ ਬਾਰੇ ਪੜ੍ਹ ਕੇ ਅਸੀ ਮਹਿਸੂਸ ਕੀਤਾ ਹੈ ਕਿ ਉਹ ਬਿਨਾਂ ਮਕਸਦ ਸੈਰ ਦੇ ਤੌਰ ਤੇ ਕਿਤੇ ਵੀ ਨਹੀ ਗਏ। ਬਗਦਾਦ ਵੀ ਜੋ ਉਹ ਜਾਂਦੇ ਹਨ ਉਸ ਪਿੱਛੇ ਵੀ ਵੱਡਾ ਮਕਸਦ ਸੀ। ਸਾਡੀ ਤੁਸ਼ ਬੁਧ ਅਨੁਸਾਰ ਸਾਹਿਬ ਰੋਮ ਨਹੀ ਗਏ।

ਇਸ ਸਬੰਧ ਵਿਚ ਇਕ ਮੁਸ਼ਕਲ ਹੋਰ ਵੀ ਹੈ। ਮਿਸਰ ਦੇ ਸ਼ਹਿਰ ਕਾਇਰੋ ਨੂੰ ਵੀ ਮਸ਼ਰੋਮੀ ਜਾਂ ਮਸ਼ ਰੋਮ ਕਿਹਾ ਜਾਂਦਾ ਰਿਹਾ ਹੈ।

ਮੱਕੇ ਦੀ ਗੋਸ਼ਟਿ ਕਹਿੰਦੀ ਹੈ ਕਿ ਗੁਰੂ ਸਾਹਿਬ ਸਾਲ ਭਰ ਮੱਕਾ ਰਹੇ। ਫਿਰ ਜਨਮ ਸਾਖੀਆਂ ਇਹ ਵੀ ਕਹਿੰਦੀਆਂ ਹਨ ਕਿ ਚੌਥੀ ਉਦਾਸੀ ਵਿਚ ਤਿੰਨ ਸਾਲ ਲਾਏ। ਦੂਸਰੇ ਪਾਸੇ ਜਦੋਂ ਅਸੀ ਵੇਖਦੇ ਹਾਂ ਕਿ ਪਹਿਲੀ ਤੇ ਦੂਸਰੀ ਉਦਾਸੀ (ਭਾਰਤ ਭਰਮਣ) ਵਿਚ ਕੋਈ 12 ਸਾਲ ਲੱਗ ਜਾਂਦੇ ਹਨ ਉਸ ਦੇ ਮੱਦੇ ਨਜਰ ਤਿੰਨ ਸਾਲਾਂ ਵਿਚ ਰੋਮ ਆਦਿ ਇਲਾਕਿਆਂ ਵਿਚ ਘੁੰਮਣਾਂ ਕੁਝ ਸੋਚਣ ਵਿਚ ਕੁਝ ਮੁਸ਼ਕਲਾਂ ਪੈਦਾ ਕਰਦਾ ਹੈ।

ਪਪਪ (ਪੰਡਤ ਅਰਜੁਨ ਮੁਨੀ) - 93: ਨੇ ਲਿਖਿਆ ਹੈ ਕਿ ਹਮੀਦ ਦੀ ਇਕ ਰਾਣੀ ਬੇਓਲਾਦ ਸੀ। ਗੁਰੂ ਸਾਹਿਬ ਦੇ ਅਸ਼ੀਰਵਾਦ ਸਦਕਾ ਉਹ ਗਰਭਵਤੀ ਹੋ ਗਈ। ਉਸ ਨੇ ਗੁਰੂ ਸਾਹਿਬ ਕੋਲੋ ਰੂਹਾਨੀ ਗਿਆਨ ਪ੍ਰਾਪਤ ਕੀਤਾ। ਰਾਣੀ ਨੇ ਗੁਰੂ ਸਾਹਿਬ ਦੀ ਤਸਵੀਰ ਬਣਵਾ ਕੇ ਆਪਣੇ ਘਰ ਲਵਾ ਲਈ। ਰਾਣੀ ਨੇ ਆਪਣੇ ਹੱਥੀ ਕਢਾਈ ਕੀਤਾ ਚੋਲਾ ਸਾਹਿਬ ਗੁਰੂ ਸਾਹਿਬ ਦੇ ਭੇਟ ਕੀਤਾ। ਲਗਦਾ ਹੈ ਕਿ ਪੰਡਤ ਜੀ ਬਗਦਾਦ ਵਾਲੀ ਘਟਨਾ ਨੂੰ ਮਦੀਨੇ ਹੋਣਾ ਦੱਸ ਰਹੇ ਹਨ। ਪੰਡਤ ਜੀ ਨੇ ਹੋਰ ਵੀ ਕਈ ਥਾਂਈ ਅਜਿਹੀਆਂ ਗਲਤ ਫਹਿਮੀਆਂ ਪੈਦਾ ਕੀਤੀਆਂ ਹਨ।

**ਕਾਰੂ ਰਾਜੇ**- ਇਤਹਾਸ ਵਿਚ ਕਾਰੂ ਨਾਂ ਦੇ ਹੋਰ ਹੁਕਮਰਾਨ ਵੀ ਕੁਝ ਇਸ ਪ੍ਰਕਾਰ ਮਿਲਦੇ ਹਨ। ਪੰਜਾਬੀ ਲੋਕ ਕਾਰਾ ਨੂੰ ਕਾਰੂ ਜਾਂ ਕਾਲਾ ਕਹਿ ਕੇ ਸੰਬੋਧਨ ਕਰਦੇ ਆਏ ਹਨ। ਕਾਰਾ ਦਾ ਮਤਲਬ ਵੀ ਕਾਲਾ ਹੀ ਹੁੰਦਾ ਹੈ। ਸੋ 16/ 7 ਸਦੀ ਵਿਚ ਕਾਰਾ ਬਾਦਸ਼ਾਹ ਦਾ ਨਾਂ ਦੁਨੀਆ ਵਿਚ ਮਸ਼ਹੂਰ ਸੀ। :-

1. ਕਾਰਾ ਖਤਾਈ (1124-1218 ਈ) ਇਹ ਕਾਸ਼ਗਰ ਦੇ ਮੰਗੋਲ ਬਾਦਸ਼ਾਹ ਹੋਏ ਹਨ। ਇਤਹਾਸ ਪਹਿਲੀ ਵਾਰ ਹੋਇਆ ਕਿ ਇਹਨਾਂ ਆਪਣੇ ਸਿਪਾਹੀਆਂ ਨੂੰ ਤਨਖਾਹ ਦੇਣੀ ਸ਼ੁਰੂ ਕੀਤੀ। ਇਹਨਾਂ ਹਰ ਹੀਲੇ ਵਸੀਲੇ ਪੈਸਾ ਇਕੱਠਾ ਕੀਤਾ। ਆਪ ਇਹ ਚੀਨੀ ਬੋਲਦੇ ਪਰ ਇਹਨਾਂ ਦੀ ਰਾਜ ਭਾਸ਼ਾ ਫਾਰਸੀ ਹੀ ਸੀ। ਕਿਉਕਿ ਕਾਸ਼ਗਰ ਦਾ ਪੰਜਾਬ ਨਾਲ ਨੇੜੇ ਦਾ ਸਬੰਧ ਸੀ ਇਸ ਕਰਕੇ ਇਨਾਂ ਦੀਆਂ ਕਥਾ ਕਹਾਣੀਆਂ ਵੀ ਪੰਜਾਬ ਵਿਚ ਪ੍ਰਚਲਤ ਰਹੀਆਂ ਨੇ। ਇਨਾਂ ਦੇ ਹੀ ਕਿਸੇ ਬੰਦੇ ਦੇ ਨਾਂ ਤੇ ਲਹੌਰ ਦੇ ਉੱਤਰ ਵਿਚ ਨਾਰੰਗ ਮੰਡੀ ਤੋਂ 8 ਕਿ. ਮੀ. ਕਸਬਾ ਕਾਲਾ ਖਤਾਈ ਮੌਜੂਦ ਹੈ।

2. ਕਾਰਾ ਕੋਨਲੂ ਸਲਤਨਤ (1374-1468 ਈ) ਭਾਵ ਤੁਰਕਮਾਨ ਦੀਆਂ ਕਾਲੀਆਂ ਭੇਡਾਂ। ਇਨਾਂ ਦਾ ਰਾਜ ਅੱਜ ਦੇ ਅਜ਼ਰਬਾਇਜਾਨ, ਜਾਰਜੀਆ, ਅਰਮੇਨੀਆ, ਈਰਾਨ: ਉਤਰ- ਪੱਛਮ, ਪੂਰਬੀ ਤੁਰਕੀ, ਇਰਾਕ: ਉਤਰ-ਪੂਰਬ। ਇਸ ਖਾਨਦਾਨ ਦੇ ਰਾਜਿਆਂ ਦੇ ਨਾਂ ਸਨ: ਬੈਰਾਮ ਖਵਾਜਾ, ਕਾਰਾ ਮੁਹੰਮਦ ਤੁਰੇਮਿਸ, ਕਾਰਾ ਯੂਸਫ, ਕਾਰਾ ਸਿਕੰਦਰ, ਇਸਪੇਂਦ ਬਿਨ ਯੂਸਫ, ਜਹਾਨ ਸ਼ਾਹ, ਹਸਨ ਅਲੀ। ਕਾਰੂ ਬਾਦਸ਼ਾਹ ਦੇ ਬਾਬਤ ਜੋ ਲੋਕ ਕਥਾਵਾਂ ਪ੍ਰਚੱਲਤ ਸਨ ਉਹ ਇਨਾਂ ਬਾਦਸ਼ਾਹਾਂ ਬਾਬਤ ਹੀ ਸਨ।

3. ਕਾਰਾ ਅਹਿਮਦ ਪਾਸ਼ਾ, (ਵੱਡਾ ਪ੍ਰਧਾਨ ਮੰਤਰੀ) ਉਸਮਾਨੀਆ ਸਲਤਨਤ 1553-1555 ਈ. ਓਨੀ ਦਿਨੀ ਇਸ ਬਾਰੇ ਵੀ ਖੂਬ ਚਰਚਾ ਹੋਈ ਸੀ ਕਿਉਕਿ ਇਨੂੰ ਮਹਾਰਾਣੀ ਨੇ ਮਰਵਾ ਦਿੱਤਾ ਸੀ ਕਿਉਕਿ ਉਹ ਆਪਣੇ ਜਵਾਈ ਨੂੰ ਪ੍ਰਧਾਨ ਮੰਤਰੀ ਬਣਵਾਉਣਾ ਚਾਹੁੰਦੀ ਸੀ।

4. ਕਾਰਾ ਦਊਦ ਪਾਸ਼ਾ (ਵੱਡਾ ਪ੍ਰਧਾਨ ਮੰਤਰੀ) ਉਸਮਾਨੀਆ ਸਲਤਨਤ 1570-1623 ਈ. ਇਸ ਨੇ ਬਾਦਸ਼ਾਹ ਉਸਮਾਨ ਦੂਜੇ ਦਾ ਕਤਲ ਕਰਵਾ ਦਿੱਤਾ ਸੀ ਫਿਰ ਇਹਦਾ ਵੀ ਕਤਲ ਹੋਇਆ। 5. ਕਾਰਾ ਮੁਸਤਫਾ ਪਾਸ਼ਾ (1624-1683 ਈ.) ਤੁਰਕੀ (ਈਰਾਨ ਵੀ) ਦਾ ਉਸਮਾਨੀਆ (ਓਟੋਮਾਨ) ਸਲਤਨਤ ਦਾ ਬਾਦਸ਼ਾਹ। 6. ਅਬਦੁਲ ਹਮੀਦ 1876-1908 ਈ ਉਸਮਾਨੀਆ ਸਲਤਨਤ ਦਾ ਬਾਦਸ਼ਾਹ ਹੋਇਆ ਹੈ।

ਇੰਤਜਾਰ ਕਰੋ ਬਾਦਸ਼ਾਹ ਆ ਰਿਹਾ ਹੈ। ਦਰਵਾਨ ਨੇ ਜਦੋਂ ਹਿੰਦੁਸਤਾਨ ਦਾ ਨਾਂ ਸੁਣਿਆ ਤਾਂ ਉਹਦੀ ਜਗਿਆਸਾ ਵੀ ਵਧੀ ਤੇ ਕਹਿਣ ਲੱਗਾ ਆਹ ਵੱਡੀ ਸਾਰੀ ਪੋਟਲੀ 'ਚ ਕੀ ਚੁੱਕੀ ਫਿਰਦੇ ਹੋ। ਗੁਰੂ ਸਾਹਿਬ ਨੇ ਉਹ ਪੋਟਲੀ ਉਸਨੂੰ ਖੋਲ ਵਿਖਾਈ। ਉਹ ਠੀਕਰੀਆਂ ਨਾਲ ਭਰੀ ਪਈ ਸੀ। ਉਹ ਹੱਸ ਪਿਆ।

ਜਦੋਂ ਬਾਦਸ਼ਾਹ ਦੇ ਆਉਣ ਦਾ ਵਕਤ ਆਇਆ ਤਾਂ ਗੁਰੂ ਸਾਹਿਬ ਦਰਵਾਜੇ ਲਾਗੇ ਫਿਰ ਠੀਕਰੀਆਂ ਇਕੱਠੀਆਂ ਕਰਨ ਲਗ ਪਏ। ਬਾਦਸ਼ਾਹ ਨੇ ਫਿਰ ਦਰਵਾਨ ਨੂੰ ਪੁੱਛਿਆ ਕਿ ਕਿਹੜੇ ਫਕੀਰ ਹਿੰਦੋਸਤਾਨ ਤੋਂ ਆਏ ਹਨ? ਉਹ ਮੁਸਕਰਾਉਦਾ ਹੋਇਆ ਕਹਿਣ ਲੱਗਾ ਔਹ ਵੇਖੋ ਠੀਕਰੀਆਂ ਚੁੱਣਨ ਡਹੇ ਨੇ।

ਦਰਵਾਨ ਨੇ ਫਿਰ ਗੁਰੂ ਸਾਹਿਬ ਨੂੰ ਰਾਜੇ ਅੱਗੇ ਹਾਜਰ ਕੀਤਾ। ਗੁਰੂ ਸਾਹਿਬ ਨੇ ਜਿਵੇ ਰਾਜੇ ਨੂੰ ਸੰਬੋਧਨ ਕੀਤਾ ਤੇ ਵਾਕਫੀਅਤ ਦਿੱਤੀ ਤਾਂ ਰਾਜਾ ਬਹੁਤ ਪ੍ਰਭਾਵਤ ਹੋਇਆ। ਗਲ ਬਾਤ ਹੋਈ। ਪਰ ਰਾਜੇ ਦੀ ਤਾ ਜਗਿਆਸਾ ਸੀ ਕਿ ਐ ਫਕੀਰ ਬਾਕੀ ਤਾਂ ਸਭ ਠੀਕ ਤੂੰ ਇਹ ਠੀਕਰੀਆਂ ਕਿਓ ਇਕੱਠੀਆਂ ਕਰ ਰਿਹਾ ਸੀ?

ਗੁਰੂ ਸਾਹਿਬ ਕਹਿਣ ਲੱਗੇ ਬਾਦਸ਼ਾਹ ਸਲਾਮਤ! ਇਹ ਠੀਕਰੀਆਂ ਬੜੇ ਕੰਮ ਦੀ ਚੀਜ਼ ਹਨ। ਬਹਿਸ਼ਤ ਵਿਚ ਇਨਾਂ ਦੀ ਸਖਤ ਜਰੂਰਤ ਹੋਣੀ ਆ। ਬਾਦਸ਼ਾਹ ਖਿੜ ਖਿੜਾ ਕੇ ਹੱਸ ਪਿਆ। ਕਹਿਣ ਲੱਗਾ ਐ ਦਰਵੇਸ਼ ਇਹ ਤੈਨੂੰ ਕਿਹਨੇ ਕਿਹਾ ਹੈ ਕਿ ਤੇਰੀਆਂ ਇਹ ਠੀਕਰੀਆਂ ਮੌਤ ਤੋਂ ਬਾਦ ਤੇਰੇ ਨਾਲ ਜਾਣੀਆਂ ਨੇ।'

ਗੁਰੂ ਸਾਹਿਬ ਨੇ ਕਿਹਾ ਬਾਦਸ਼ਾਹ ਇਹੋ ਗਲ ਤਾਂ ਮੈਂ ਤੁਹਾਨੂੰ ਦੱਸਣ ਆਇਆ ਹਾਂ ਕਿ ਤੁਸਾਂ ਜਿਹੜੇ ਦੌਲਤ ਦੇ ਅੰਬਾਰ ਲਾਏ ਨੇ ਇਹ ਤੁਹਾਡੇ ਨਾਲ ਨਹੀ ਨਿਭਣੇ।

ਕਾਰੂ ਦੌਲਤ ਦੇ ਹੱਕ ਵਿਚ ਦਲੀਲਾਂ ਦੇਣ ਲੱਗਾ, ਕਿ ਬਾਬਾ ਜੀ ਜਮੀਨ 'ਚ ਦੱਬੀ ਇਹ ਦੌਲਤ ਕਿਸ ਕੰਮ? ਗੁਰੂ ਸਾਹਿਬ ਨੇ ਕਿਹਾ ਕਿ ਉਹ ਤਾਂ ਠੀਕ ਪਰ ਦੌਲਤ ਲਈ ਜਿਹੜੀ ਤੇਰੀ ਦੀਵਾਨਗੀ ਹੈ ਉਹ ਗਲਤ ਹੈ। ਤੈਨੂੰ ਕੀ ਪਤਾ ਕਿ ਇਹ ਸਵਾਸਾਂ ਦੀ ਲੜੀ ਕਦੋਂ ਟੁੱਟ ਜਾਣੀ ਹੈ? ਗੁਰਬਾਣੀ 'ਚ ਆਉਦਾ ਹੈ ਕਿ ਬ੍ਰਹਮਗਿਆਨੀ ਦੀ ਸੰਗਤ ਵਿਚ ਰੱਬ ਯਾਦ ਆ ਜਾਂਦਾ ਹੈ ਪਤਾ ਨਹੀ ਗੁਰੂ ਸਾਹਿਬ ਨੇ ਹੋਰ ਕੀ ਕੀ ਦਲੀਲ ਦਿੱਤੀ ਕਿ ਬਾਦਸ਼ਾਹ ਨੂੰ ਮੌਤ ਦਿਸਣੀ ਸ਼ੁਰੂ ਹੋ ਗਈ ਤੇ ਫਿਰ ਚਰਨਾਂ ਤੇ ਢਹਿ ਪਿਆ।

ਕਹਿਣ ਲੱਗਾ ਕਿ ਦੱਸੋ ਇਸ ਦੌਲਤ ਦਾ ਕੀ ਕਰਨਾਂ ਚਾਹੀਦਾ ਹੈ? ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਦੌਲਤ ਲੋਕ ਭਲਾਈ ਤੇ ਖਰਚ ਕਰ ਦਿਓ। ਗੁਰੂ ਸਾਹਿਬ ਨੇ ਕਾਰੂ ਨੂੰ ਬਾਦਸ਼ਾਹ ਦੀਆਂ ਜਿੰਮੇਵਾਰੀਆਂ ਦੱਸੀਆਂ। ਕਿ ਰਾਜੇ ਨੇ ਪਰਜਾ ਨੂੰ ਹੀ ਆਪਣਾ ਪ੍ਰਵਾਰ ਸਮਝਣਾ ਹੈ।

ਕਾਰੂ ਕਹਿਣ ਲੱਗਾ ਕਿ ਮੈਂ ਸੁਣਿਐ ਕਿ ਰਾਜਾ ਹਮੇਸ਼ਾਂ ਦੋਜ਼ਖ ਵਿਚ ਪੈਂਦਾ ਹੈ। ਗੁਰੂ ਸਾਹਿਬ ਨੇ ਕਿਹਾ ਨਹੀ ਰਾਜਾ, ਜੇ ਤੁਸੀ ਪਰਜਾ ਦੇ ਸੱਚੇ ਪ੍ਰਿਤਪਾਲਕ ਬਣ, ਸੇਵਾਦਾਰ ਦੀ ਤਰਾਂ ਵਿਚਰੋਗੇ ਤਾਂ ਤੁਹਾਨੂੰ ਇਥੇ ਵੀ ਬਹਿਸ਼ਤ ਤੇ ਅੱਗੇ ਵੀ ਬਹਿਸ਼ਤ।

ਇਸ ਮੌਕੇ ਗੁਰੂ ਸਾਹਿਬ ਨੇ ਬਾਦਸ਼ਾਹ ਨੂੰ ਜੋ ਜੋ ਉਪਦੇਸ਼ ਦਿੱਤੇ ਉਹ ਗੋਸ਼ਟਿ ਦੇ ਕਵੀ ਨੇ ਖੂਬਸੂਰਤ ਅੰਦਾਜ਼ ਵਿਚ ਲਿਖੇ ਜੋ 'ਨਸੀਅਤਨਾਮਾ' ਕਹਾਉਂਦੇ ਹਨ। ਜਦੋਂ ਪੰਚਮ ਪਾਤਸ਼ਾਹ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੰਨ ਰਹੇ ਸਨ ਓਦੋ ਸਵਾਲ ਉਠਿਆ ਸੀ ਕਿ ਇਹ ਨਸੀਅਤਨਾਮਾ ਗੁਰਬਾਣੀ ਵਿਚ ਸ਼ਾਮਲ ਕੀਤਾ ਜਾਵੇ ਜਾਂ ਨਾਂ। ਹਾਲਾਂ ਜਨਮ ਸਾਖੀਆਂ ਨੇ ਇਸ ਨੂੰ ਗੁਰੂ ਸਾਹਿਬ ਦੀ ਕ੍ਰਿਤ ਮੰਨਿਆ ਹੈ ਪਰ ਪੰਚਮ ਪਾਤਸ਼ਾਹ ਨੇ ਇਸ ਤੇ ਪ੍ਰਵਾਨਗੀ ਦੀ ਮੋਹਰ ਨਾਂ ਲਾਈ। ਹੇਠਾਂ ਪੜੋ।

ਲਿਖਿਆ ਹੈ ਕਿ ਰਾਜਾ ਕਾਰੂ ਹਮੀਦ ਗੁਰੂ ਸਾਹਿਬ ਦੇ ਉਪਦੇਸ਼ ਤੋਂ ਏਨਾ ਪ੍ਰਭਾਵਤ ਹੋਇਆ ਕਿ ਉਸ ਨੇ ਸਾਰਾ ਧੰਨ ਪਰਜਾ ਦੀ ਭਲਾਈ ਤੇ ਖਰਚ ਦਿੱਤਾ ਤੇ ਛੇਤੀ ਹੀ ਰਾਜ-ਭਾਗ ਆਪਣੇ ਪੁੱਤਰ ਨੂੰ ਸੌਂਪ ਕੇ ਆਪ ਧਾਰਮਿਕ ਕੰਮਾਂ ਵਿਚ ਲਗ ਗਿਆ। ✚■

-----◈-----

## ਨਸੀਹਤਨਾਮਾ ॥

ਕੀਚੈ ਨੇਕ ਨਾਮੀ ਜੋ ਦੇਵੈ ਖੁਦਾਇ॥
ਜੋ ਦੀਸੈ ਜਿਮੀ ਪਰ ਸੋ ਹੋਸੀ ਫਨਾਹਿ॥
ਦਾਯਮ ਵ ਦੌਲਤ ਕਸੇ ਬੇ ਸੁਮਾਰ॥
ਨ ਰਹਿੰਗੇ ਕਰੋੜੀ, ਨ ਰਹਿੰਗੇ ਹਜ਼ਾਰ॥
ਦਮੜਾ ਉਸੀ ਕਾ, ਜੋ ਖਰਚੇ ਅਰ ਖਾਇ॥
ਦੇਵੇ ਦਿਲਾਵੇ ਰਜਾਵੇ ਖੁਦਾਇ॥
ਹੋਤਾ ਨ ਰਾਖੈ ਅਕੇਲਾ ਨ ਖਾਇ॥

ਤਹਕੀਕ ਦਿਲ ਦਾਨੀ ਵਹੀ ਭਿਸਤ ਜਾਇ॥

ਕੀਜੈ ਤੋਬਾ, ਨ ਕੀਜੈ ਗੁਮਾਨ॥
ਹਮੇਸ਼ਾ ਨ ਰਹਿਗੀ, ਤੂ ਐਸੀ ਨ ਜਾਨ॥
ਹਾਥੀ ਵ ਘੋੜੇ ਵ ਲਸ਼ਕਰ ਹਜ਼ਾਰ॥
ਸਭੀ ਗਰਕ ਹੋਤੇ ਕੋ ਲਾਗੇ ਨ ਬਾਰ॥
ਦੁਨੀਆ ਕਾ ਦੀਵਾਨਾ ਕਹੇ ਮੁਲਕ ਮੇਰਾ॥
ਆਈ ਮੌਤ ਸਿਰ ਪਰ, ਨ ਤੇਰਾ ਨ ਮੇਰਾ॥
ਕੇਤੀ ਗਈ ਦੇਖ ਬਾਜੇ ਬਜਾਇ॥
ਰਹੇਗਾ ਵੁਹੀ ਏਕ ਸਾਚਾ ਖੁਦਾਇ॥
ਆਯਾ ਅਕੇਲਾ ਅਕੇਲਾ ਚਲਾਯਾ॥
ਚਲਤੇ ਵਕਤ ਕਿਛੁ ਕਾਮ ਨ ਆਯਾ॥
ਲੇਖਾ ਮੰਗੀਜੇ ਕਿਆ ਦੀਜੇ ਜਵਾਬ॥
ਤੋਬਾ ਪੁਕਾਰੇ ਤੇ ਪਾਵੇਂ ਅਜ਼ਾਬ॥

ਕੀਆ ਜ਼ੁਲਮ ਦੁਨੀਆ ਪੈ ਦਮੜਾ ਕਮਾਯਾ॥

ਨ ਖਾਯਾ ਖੁਲਾਯਾ ਅਜਾਈਂ ਗਵਾਯਾ॥
ਹੋਵੇਂਗਾ ਪਸ਼ੇਮਾਂ ਕਰੇਂ ਹਾਇ ਹਾਇ॥
ਜਾਏਂਗਾ ਦਰਗਹ ਤੋਂ ਪਾਏਂ ਸਜ਼ਾਇ॥
ਲਾਨਤ ਹੈ ਉਨ ਕੋ ਔਰ ਉਨਕੀ ਕਮਾਈ॥
ਦਗੇ ਬਾਜ਼ੀ ਕਰਕੇ ਦੁਨੀਆ ਲੂਟ ਖਾਈ ॥
ਪੀਏ ਪਯਾਲੇ ਵ ਖਾਏ ਕਬਾਬ॥
ਦੇਖੋ ਰੇ ਲੋਗੋ ਵੈ ਹੋਤੈ ਖਰਾਬ॥

ਜਿਸ ਦਾ ਤੂੰ ਬੰਦਾ ਉਸੇ ਨਾ ਚਿਤਾਰਾ॥

ਦੁਨੀਆ ਕੇ ਲਾਲਚ, ਤੈਂ ਸਾਹਿਬ ਬਿਸਾਰਾ॥
ਨ ਕੀਤੀ ਇਬਾਦਤ ਨ ਰੱਖਯੋ ਇਮਾਨ॥
ਕਰੇਂ ਨਿੱਤ ਜੁਲਮੀ ਪੁਕਾਰੇ ਜਹਾਨ॥
ਵਸਤੀ ਉਜਾੜੇ ਫਿਰ ਨਾ ਬਸਾਵੇ ॥
ਕੂਕੇਂ ਪੁਕਾਰੇਂ ਕੋਈ ਦਾਦ ਨ ਪਾਵੇ॥
ਹਾਕਮ ਕਹਾਵੇਂ ਹਕੂਮਤ ਨ ਹੋਇ॥
ਦੁਨੀਆਂ ਕਾ ਦੀਵਾਨਾ ਫਿਰੈ ਮਸਤ ਲੋਇ॥
ਲੂਟੇ ਮੁਲਕ ਐਸ਼ ਅਸ਼ਰਤ ਕਮਾਇ॥
ਦੋਜ਼ਖ ਕੀ ਆਤਸ਼ ਮੇਂ ਆਖਰ ਜਲਾਇ॥

ਮਿਹਰ ਸੇ ਨ ਦੇਖੇ ਦੁਨੀਆ ਕੇ ਦੀਵਾਨੇ॥
ਹਮੇਸ਼ਾ ਨ ਰਹਿਗੀ ਤੂ ਐਸੀ ਨ ਜਾਨੇ॥
ਸ਼ਰਮਿੰਦਾ ਨ ਹੋ, ਕੁਛ ਨੇਕੀ ਕਮਾਇ॥
ਲਾਨਤ ਕਾ ਜਾਮਾ ਤੂੰ ਪਹਿਰੇ ਨ ਜਾਇ॥
ਗਫਲਤ ਕਰੋਗੇ ਤੋ ਖਾਓਗੇ ਮਾਰ॥
ਬੇਟਾ ਵ ਬੇਟੀ ਕੋ, ਲੇ ਹੈ ਨ ਸਾਰ॥
ਤੋਬਾ ਕਰੋ ਬਹੁਤ, ਕੀਜੈ ਨ ਜ਼ੋਰ॥
ਦੋਜ਼ਖ ਕੀ ਆਤਸ਼ ਜਲਾਏਗੀ ਗੋਰ॥
ਮਸਾਇਕ ਪੈਗੰਬਰ ਕਿਤੇ ਸ਼ਾਹ ਖਾਨ॥
ਨ ਰਹਿੰਗੇ ਜ਼ਿਮੀ ਪਰ ਇਨੋਂ ਕੇ ਨਿਸ਼ਾਨ॥
ਚਲਤੇ ਕਬੂਤਰ ਜਨਾਵਰ ਕੀ ਛਾਉਂ॥
ਕਿਤੇ ਖਾਕ ਹੋਏ ਕੋ ਪੁਛੇ ਨ ਨਾਉਂ॥
ਚਿਹਲ ਗੰਜ ਜੋੜੇ ਨ ਰੱਖਯੋ ਈਮਾਨ॥
ਵੋਹ ਕਾਰੂ ਭੀ ਆਖਰ ਹੂਆ ਪਸ਼ੇਮਾਨ॥
ਨ ਹਰ ਵਕਤ ਬੰਦੇ ਇਬਾਦਤ ਬਿਸਾਰ॥
ਮਸਤੀ ਵ ਗਫਲਤ ਸੇ ਬਾਜ਼ੀ ਨ ਹਾਰ॥
ਤੋਬਾ ਕਰੇ ਹਰ ਵਕਤ ਕਰੋ ਨ ਗੁਨਾਹ॥
ਨਾਨਕ ਇਸ ਆਲਮ ਸੇ ਤੇਰੀ ਪਨਾਹ॥

ਅੱਖ ਦੇ ਫੋਰ ਵਿਚ ਸੁਲਤਾਨਪੁਰ ਪਹੁੰਚੇ

**ਬੇਬੇ ਨਾਨਕੀ ਨੇ ਵੀਰ ਦੇ ਹੱਥਾਂ ਵਿਚ ਦਮ ਤੋੜਿਆ ਸੀ** (ਅਗੱਸਤ ਆਖਰੀ ਹਫਤਾ 1531 ਈ.)

ਗੁਰੂ ਸਾਹਿਬ ਮਦੀਨੇ ਠਹਿਰੇ ਹੋਏ ਸਨ ਕਿ ਬੇਬੇ ਨਾਨਕੀ ਨੇ ਵੀਰ ਨੂੰ ਡਾਹਢੀ ਮੁਹੱਬਤ ਨਾਲ ਯਾਦ ਕੀਤਾ। ਦੁਪਿਹਰ ਦਾ ਵੇਲਾ ਸੀ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਮਰਦਾਨਾ! ਸ਼ਾਮੀ ਆਪਾਂ ਸੁਲਤਾਨਪੁਰ ਰਵਾਨਾ ਹੋਣਾ ਹੈ। ਬੇਬੇ ਜੀ ਠੀਕ ਨਹੀ ਹਨ ਤੇ ਮਿਲਣ ਵਾਸਤੇ ਪੁਕਾਰ ਰਹੇ ਹਨ। ਮਰਦਾਨੇ ਨੇ ਕਿਹਾ ਗੁਰੂ ਸਾਹਿਬ ਅਸੀ ਸੁਲਤਾਨ ਪੁਰ ਤੋਂ ਕਿੰਨੇ ਕੁ ਦੂਰ ਹਾਂ। ਗੁਰੂ ਸਾਹਿਬ ਨੇ ਮਰਦਾਨੇ ਨੂੰ ਦੂਰੀ ਦਾ ਗਿਆਨ ਕਰਵਾਇਆ।

ਇਤਹਾਸ ਵਿਚ ਆਉਦਾ ਹੈ ਕਿ ਗੁਰੂ ਸਾਹਿਬ ਜਦੋਂ ਫਕੀਰਾਂ ਤੋਂ ਵਿਹਲੇ ਹੋਏ ਤੱਦ ਤਕ ਤਰਕਾਲਾਂ ਹੋ ਚੁੱਕੀਆਂ ਸਨ।

ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ ਕਿ ਆਪਾਂ ਰਵਾਨਾ ਹੋਣਾ ਹੈ। ਮਰਦਾਨੇ ਨੇ ਅੱਖਾਂ ਬੰਦ ਕਰਕੇ ਅਕਾਲ ਪੁਰਖ ਦਾ ਧਿਆਨ ਕੀਤਾ। ਇਸ ਪ੍ਰਕਾਰ ਉਹ ਡੇਰੇ ਤੋਂ ਇਕ ਦਮ ਅਲੋਪ ਹੋ ਗਏ ਜਿਥੇ ਉਹ ਫਕੀਰਾਂ ਵਿਚ ਬਿਰਾਜਮਾਨ ਸਨ। ਹਨੇਰਾ ਹੋਣ ਕਰਕੇ ਕਿਸੇ ਨੂੰ ਚਿੱਤ ਚੇਤਾ ਵੀ ਨਹੀ ਆਇਆ ਕਿ ਉਹ ਫਕੀਰ ਕਮਰੇ ਵਿਚ ਹੈਨ ਵੀ ਕਿ ਨਹੀ।

ਗੁਰੂ ਸਾਹਿਬ ਅਤੇ ਮਰਦਾਨਾ ਸੁਲਤਾਨ ਪੁਰ ਵਿਚ ਪਹੁੰਚ ਗਏ। ਇਤਹਾਸ 'ਚ ਲਿਖਿਆ ਹੈ ਕਿ ਉਸ ਵੇਲੇ ਸੁਲਤਾਨ ਪੁਰ ਵਿਚ ਪਹਿਰ ਰਾਤ ਗਈ ਸੀ। ✚ ਭਾਵ ਦਿਨ ਡੁੱਬੇ ਨੂੰ ਤਿੰਨ ਘੰਟੇ ਹੋਏ ਸਨ।

ਬੇਬੇ ਜੀ ਨੂੰ ਹਿਰਦੇ ਨਾਲ ਲਾਇਆ। ਬੇਬੇ ਜੀ ਦੇ ਤਪਦੇ ਸਰੀਰ ਨੂੰ ਠੰਡ ਪੈ ਗਈ। ਪਿਆਰ ਦੀ ਇਸ ਅਵੱਸਥਾ ਵਿਚ ਫਿਰ ਬੋਲਾਂ (ਭਾਸ਼ਾ) ਦੀ ਜਰੂਰਤ ਨਹੀ ਸੀ ਰਹਿ ਗਈ। ਬੇਬੇ ਜੀ ਦੀਆਂ ਅੱਖਾਂ ਵਹਿ ਰਹੀਆਂ ਸਨ। ਗੁਰੂ ਸਾਹਿਬ ਦੇ ਦੋਨੋਂ ਦਰਿਆਂ ਵੀ ਕੰਢਿਆਂ ਤੋਂ ਉੱਛਲ ਗਏ। ਭਾਈ ਮਰਦਾਨੇ ਦੀਆਂ ਅੱਖਾਂ ਕਦੀ ਨਹੀ ਸਨ ਭਰੀਆਂ ਪਰ ਹੁਣ ਉਹ ਵੀ ਡੁੱਲ ਪਈਆਂ। ਕਿਉਕਿ ਉਹ ਸਾਰੇ ਹਾਲਾਤਾਂ ਤੋਂ ਜਾਣੂ ਸੀ। ਪਰ ਸੀ ਮਰਦਾਨਾ ਵੀ ਖਾਮੋਸ਼। ਹਰ ਪਾਸੇ ਸੰਨਾਟਾ ਸੀ। ਸਿਰਫ ਰਸੋਈ ਵਿਚ ਤੁਲਸਾਂ ਭਾਂਡਿਆਂ ਦੀ ਅਵਾਜ ਕਰ ਰਹੀ ਸੀ।

ਹਰ ਕਿਸੇ ਨੂੰ ਪਤਾ ਸੀ ਕਿ ਭੈਣ ਭਰਾ ਦਾ ਆਖਰੀ ਮੇਲ ਹੈ।

ਜਦੋਂ ਜਜਬਾਤਾਂ ਦੇ ਦਰਿਆ ਰੁਕੇ ਤਾਂ ਭੈਣ ਨੇ ਬਹੁਤ ਹੀ ਮੱਧਮ ਜਿਹੀ ਅਵਾਜ ਵਿੱਚ ਪੁੱਛਿਆ, "ਕੀ ਲਾਗੇ ਹੀ ਸੋ? ਦੁਪਿਹਰੇ ਯਾਦ ਕੀਤਾ ਸੀ ਮੈਂ, ਕਿ ਆਖਰੀ ਵਾਰ ਵੀ ਦਰਸ਼ਨ ਕਰ ਲਵਾਂ।"

ਇਸ ਤੋਂ ਪਹਿਲੋਂ ਕਿ ਗੁਰੂ ਸਾਹਿਬ ਕੁਝ ਜਵਾਬ ਦਿੰਦੇ ਮਰਦਾਨਾ ਬੋਲ ਪਿਆ, "ਬੀਬੀ ਜੀ, ਮੱਕੇ ਮਦੀਨੇ ਸੀ ਅਸੀ। ਉਂਜ ਤਿੰਨ ਮਹੀਨੇ ਲੱਗ ਜਾਂਦੇ ਪਹੁੰਚਣ 'ਚ। ਤੁਹਾਨੂੰ ਪਤਾ ਹੀ ਹੈ ਗੁਰੂ ਜੀ ਤੁਹਾਨੂੰ ਮਿਲਣ ਪੌਣ ਸਵਾਰ ਹੋ ਜਾਂਦੇ ਨੇ।"

ਰਜਾ ਵਿਚ ਰਹਿਣ ਵਾਲੀ ਪਹਿਲੀ ਗੁਰਸਿੱਖ ਬੀਬੀ ਨੇ ਗੁਰੂ ਸਾਹਿਬ ਤੋਂ ਲੰਮੇ ਜੀਵਨ ਦੀ ਮੰਗ ਨਾਂ ਕੀਤੀ ਸਗੋਂ 84 ਦੇ ਗੇੜ ਤੋਂ ਛੁੱਟਕਾਰਾ ਹੀ ਮੰਗਿਆ। ਗੁਰੂ ਜੀ ਨੇ ਦੋਵਾਂ ਜੀਆਂ ਨੂੰ ਅਸੀਸ ਦਿੱਤੀ।

ਭਈਆ ਜੈ ਰਾਮ ਵੀ ਢਿੱਲੇ ਮੱਠੇ ਹੀ ਰਹਿੰਦੇ ਸਨ। ● ਉਨਾਂ ਨੂੰ ਵੀ ਦਿਲਾਸਾ ਦਿੱਤਾ।

ਏਨੇ ਨੂੰ ਤੁਲਸਾਂ ਨੇ ਲੰਗਰ ਤਿਆਰ ਕਰ ਦਿੱਤਾ। ਬੇਬੇ ਜੀ ਨੂੰ ਗੱਦਿਆਂ ਦੀ ਓਟ ਦੇ ਕੇ ਬੈਠਾਇਆ ਹੋਇਆ ਸੀ। ਗੁਰੂ ਸਾਹਿਬ ਅਤੇ ਭਾਈ ਮਰਦਾਨਾ ਨੇ ਲੰਗਰ ਛਕਿਆ।

ਲੰਗਰ ਉਪਰੰਤ ਜਦੋਂ ਬਾਬਾ ਜੀ ਭਾਈਆ ਜੀ ਨਾਲ ਗਲ ਬਾਤ ਕਰ ਰਹੇ ਸਨ ਤਾਂ ਪਤਾ ਲੱਗਾ ਕਿ ਬੇਬੇ ਜੀ ਤਾਂ ਲੰਮੇ ਲੰਮੇ ਸਾਹ ਲੈ ਰਹੇ ਹਨ। ਗੁਰੂ ਸਾਹਿਬ ਨੇ ਝੱਟ ਮੰਜੇ ਤੇ ਜਾ ਭੈਣ ਦੇ ਸਿਰ ਤੇ ਹੱਥ ਰਖਿਆ ਪਰ ਉਹ ਤਾਂ ਜਾ ਰਹੇ ਸਨ। ਸਾਹਿਬ ਨੇ ਭੈਣ ਦਾ ਸਿਰ ਆਪਣੀ ਗੋਦ ਵਿਚ ਲੈ ਲਿਆ। ਸਾਹਿਬ 'ਸਤਿ ਕਰਤਾਰ' ਉਚਾਰ ਰਹੇ ਸਨ। ਬੇਬੇ ਜੀ ਤਾਂ ਜਾ ਚੁੱਕੇ ਸਨ।

ਤੁਲਸਾਂ ਦੇ ਚੀਕ ਚਿਹਾੜਾ ਪਾਉਣ ਤੇ ਆਂਢੀ ਗਵਾਂਢੀ ਵੀ ਇਕੱਠੇ ਹੋ ਗਏ।

ਬੇਬੇ ਜੀ ਦੇ ਉਲਾਦ ਨਹੀ ਸੀ। ਭਾਈਆ ਜੈਰਾਮ ਪਲਤਾ ਦੇ ਭਰਾ ਤੇ ਭਤੀਜੇ ਹੀ ਦੋਵਾਂ ਜੀਆਂ ਨੂੰ ਸਾਂਭ ਰਹੇ ਸਨ। (ਕਿਹਾ ਜਾਂਦਾ ਹੈ ਕਿ ਛੇਤੀ ਹੀ ਕੁਝ ਦਿਨ ਬਾਦ ਭਾਈਆ ਜੈ ਰਾਮ ਵੀ ਜੋਤੀ ਜੋਤ ਸਮਾ ਗਏ ਸਨ।)

ਸਵੇਰੇ ਪਹੁ ਫੁਟਾਲੇ ਤੇ ਗੁਰੂ ਸਾਹਿਬ ਨੇ ਮਰਦਾਨੇ ਨੂੰ ਵਾਪਸੀ ਲਈ ਹੁਕਮ ਕਰ ਦਿੱਤਾ। ਸੁਲਤਾਨਪੁਰ ਦੀ ਜੂਹ ਤੋਂ ਜਰਾ ਕੁ ਪਰੇ ਹੱਟ ਇਕ ਥਾਂ ਬਹਿ ਗੁਰੂ ਸਾਹਿਬ ਨੇ ਮਰਦਾਨੇ ਨੂੰ ਹੁਕਮ ਕੀਤਾ ਕਿ ਅੱਖਾਂ ਮੀਟੋ ਤੇ ਸਤਿ ਕਰਤਾਰ ਜਪੋ।

ਮਰਦਾਨੇ ਨੇ ਜਿਵੇ ਅੱਖਾਂ ਖੋਹਲੀਆਂ ਤਾਂ ਫਿਰ ਮਦੀਨੇ ਫਕੀਰਾਂ ਦੇ ਤਕੀਏ ਤੇ ਸਨ। ਇਥੇ ਅਜੇ ਪਹਿਰ ਰਾਤ ਸੀ। (ਮਦੀਨੇ ਅਤੇ ਸੁਲਤਾਨਪੁਰ ਲੋਧੀ ਦਰਮਿਆਨ ਵਕਤ ਦਾ ਤਿੰਨ ਘੰਟੇ ਦਾ ਫਰਕ ਹੈ। ਮਦੀਨਾ ਪਿੱਛੇ ਹੈ।) ਫਕੀਰ ਸਵੇਰੇ ਉਠੇ। ਉਨਾਂ ਨੂੰ ਸਭ ਕੁਝ ਆਮ ਵਰਗਾ ਹੀ ਲਗਾ। ਪਰ ਜਰਾ ਕੁ ਹੈਰਾਨੀ ਹੋਈ ਕਿ ਮਰਦਾਨਾ ਦਿਨ ਚੜੇ ਵੀ ਸੁੱਤਾ ਪਿਆ ਸੀ।

ਦਿਨੇ ਫਿਰ ਮਰਦਾਨੇ ਨਾਲ ਬੀਬੀ ਜੀ ਬਾਰੇ ਗੱਲਾਂ ਹੋ ਰਹੀਆਂ ਸਨ। ਨਾਲ ਹੀ ਬੋਦੀ ਵਾਲੇ ਤਾਰੇ ਬਾਬਤ ਵੀ ਗਲ ਛਿੜ ਪਈ। ਉਦੋਂ ਗੁਰੂ ਸਾਹਿਬ ਨੇ ਫਿਰ ਮਰਦਾਨੇ ਨੂੰ ਕਿਹਾ ਕਿ ਤੁਖਾਰੀ ਦੀ ਧੁੰਨ ਵਜਾਓ। ਸ਼ਬਦ ਰਚਿਆ:-

ਤੁਖਾਰੀ ਮਹਲਾ ੧ ॥ ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ ॥ ਸੇਵਕ ਪੂਰ ਕਰੰਮਾ ਸਤਿਗੁਰਿ ਸਬਦਿ ਦਿਖਾਲਿਆ ਰਾਮ ॥ ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ ਅਹਿਨਿਸਿ ਦੇਖਿ ਬੀਚਾਰਿਆ ॥ ਧਾਵਤ ਪੰਚ ਰਹੇ ਘਰੁ ਜਾਣਿਆ ਕਾਮੁ ਕ੍ਰੋਧੁ ਬਿਖੁ ਮਾਰਿਆ ॥ ਅੰਤਰਿ ਜੋਤਿ ਭਈ ਗੁਰ ਸਾਖੀ ਚੀਨੇ ਰਾਮ ਕਰੰਮਾ ॥ ਨਾਨਕ ਹਉਮੈ ਮਾਰਿ ਪਤੀਣੇ ਤਾਰਾ ਚੜਿਆ ਲੰਮਾ ॥੧॥ ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ ॥ ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ ॥ ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ ॥ ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ ॥ ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ ॥ ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ ॥੨॥ ਅਉਗਣ ਵੀਸਰਿਆ ਗੁਣੀ ਘਰੁ ਕੀਆ ਰਾਮ ॥ ਏਕੋ ਰਵਿ ਰਹਿਆ ਅਵਰੁ ਨ ਬੀਆ ਰਾਮ ॥ ਰਵਿ ਰਹਿਆ ਸੋਈ ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ ॥ ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭੁ ਗੁਰਮੁਖਿ ਜਾਨਿਆ ॥ ਕਰਣ ਕਾਰਣ ਸਮਰਥ ਅਪਾਰਾ ਤ੍ਰਿਬਿਧਿ ਮੇਟਿ ਸਮਾਈ ॥ ਨਾਨਕ ਅਵਗਣ ਗੁਣਹ ਸਮਾਣੇ ਐਸੀ ਗੁਰਮਤਿ

ਪਾਈ ॥੩॥ ਆਵਣ ਜਾਣ ਰਹੇ ਚੂਕਾ ਭੋਲਾ ਰਾਮ ॥ ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ ॥ ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ ॥ ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ ॥ ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ॥ਨਾਨਕ ਸਤਿਗੁਰਿ ਮੇਲਿ ਮਿਲਾਈਚੂਕੀ ਕਾਣਿ ਲੋਕਾਣੀ॥

-----◈-----

## ਮਦੀਨੇ ਤੋਂ ਬਸਰੇ ਗਏ ਫਿਰ ਸ਼ਓਸ਼ਤਰ ਦੇ ਰਾਜੇ ਨੂੰ ਰਾਹੇ ਪਾਇਆ।

ਗੁਰੂ ਸਾਹਿਬ ਤੋਂ ਕੋਈ 200 ਸਾਲ ਪਹਿਲਾਂ ਪ੍ਰਸਿੱਧ ਅਰਬ ਯਾਤਰੀ ਇਬਨ ਬਟੂਟਾ ਨੇ ਲਿਖਿਆ ਹੈ ਕਿ ਓਨੀ ਦਿਨੀ ਬਸਰਾ ਸ਼ਹਿਰ ਪੂਰੀ ਦੁਨੀਆ ਵਿਚ ਪ੍ਰਸਿੱਧ ਸੀ।

ਬਸਰਾ (ਅੱਜ ਇਰਾਕ ਵਿਚ, ਈਰਾਨ ਦੀ ਸਰਹੱਦ ਤੇ) ਇਕ ਤਰਾਂ ਨਾਲ ਪੱਛਮ ਦਾ ਵਪਾਰਕ ਦੁਆਰ ਬਣ ਚੁੱਕਾ ਸੀ। ਭਾਰਤੀ ਸਾਜੋ ਸਮਾਨ ਖਾਸ ਕਰਕੇ ਮਸਾਲਿਆਂ ਦਾ ਇਹ ਕੇਂਦਰ ਸੀ ਜੋ ਅੱਗੇ ਪੱਛਮ ਵਲ ਜਾਂਦੇ ਸਨ। ਭਾਰਤੀ ਸੌਦਾਗਰ ਵੀ ਇਥੇ ਵੱਸ ਚੁੱਕੇ ਸਨ ਕਿਉਕਿ ਆਉਣਾ ਜਾਣਾ ਤਾਂ ਬਣਿਆ ਰਹਿੰਦਾ ਸੀ। ਬਸਰੇ ਦਾ ਪੰਜਾਬ ਨਾਲ ਕੁਝ ਜਿਆਦਾ ਹੀ ਸਬੰਧ ਰਿਹਾ ਹੈ। ਅੱਜ ਕਈ ਪਿੰਡਾਂ ਥਾਵਾਂ ਦੇ ਨਾਵਾਂ ਦਾ ਬਸਰਾ ਸ਼ਹਿਰ ਨਾਲ ਸਬੰਧ ਹੈ। ਹੋਰ ਤੇ ਹੋਰ ਕਈ ਗੋਤਾਂ ਦੇ ਨਾ ਵੀ ਬਸਰੇ ਤੇ ਹਨ: ਉਹ ਲੋਕ ਜੋ ਸਦੀਆਂ ਪਹਿਲਾਂ ਬਸਰਾ ਤੋਂ ਉਠ ਕੇ ਆਏ ਸਨ।

ਬਸਰੇ ਗੁਰੂ ਸਾਹਿਬ ਨੇ ਕੀ ਕੀ ਕੌਤਕ ਇਤਹਾਸ ਵਿਚ ਸਾਂਭੇ ਨਹੀ ਜਾ ਸਕੇ।

ਬਸਰੇ ਦੇ ਹੇਠਾਂ ਦਰਿਆ ਦੇ ਦੂਸਰੇ ਪਾਸੇ 40 ਕਿ. ਮੀ ਹਟਵਾ ਖ਼ੁਰਮਾਸ਼ਹਿਰ (ਅੱਜ ਈਰਾਨ ਵਿਚ, ਇਰਾਕ ਦੀ ਸਰਹੱਦ ਤੇ) ਹੈ ਜਿਸ ਦਾ ਓਨੀ ਦਿਨੀ ਨਾਂ ਮੁਹੱਮਰਾਹ ਸੀ। ਹੋ ਸਕਦਾ ਗੁਰੂ ਸਾਹਿਬ ਮੁਹੱਮਰਾ ਵੀ ਗਏ ਹੋਣ।

ਕਈ ਲਿਖਾਰੀਆਂ ਇਥੇ ਭਾਈ ਮਰਦਾਨੇ ਦਾ ਚਲਾਣਾ ਹੋਣਾ ਲਿਖਿਆ ਹੈ ਜੋ ਗਲਤ ਹੈ ਕਿਉਕਿ ਬਗਦਾਦ ਦੀਆਂ ਸਾਖੀਆਂ ਵਿਚ ਭਾਈ ਸਾਹਿਬ ਨਾਲ ਹਨ।

ਮੁਹੱਮਰੇ ਤੋਂ 250 ਕਿ. ਮੀ. ਹਜ਼ਾਰਾਂ ਸਾਲ ਪੁਰਾਣਾ ਸ਼ਾਓਸ਼ ਸ਼ਹਿਰ ਹੈ। ਜੋ ਕਿਸੇ ਵੇਲੇ ਬਾਦਸ਼ਾਹ ਦਾਰਾ ਦੀ ਰਾਜਧਾਨੀ ਸੀ। ਦਾਰੇ ਦਾ ਰਾਜ ਪੰਜਾਬ ਤੇ ਵੀ ਰਾਜ ਰਿਹਾ ਹੈ। ਇਹਦੀ ਪੁਰਾਤਨਤਾ ਦਾ ਪਤਾ 1850 ਵਿਚ ਇਕ ਅੰਗਰੇਜ ਨੇ ਲਾਇਆ ਸੀ। ਇਥੇ ਹੀ ਈਸਾਈਮਤ ਅਤੇ ਇਸਲਾਮ ਦੇ ਸਾਂਝੇ ਪੈਗੰਬਰ ਦਾਨਿਆਲ ਜਾਂ ਡੇਨੀਅਲ ਦਾ ਮਕਬਰਾ ਹੈ।

ਇਸ ਅਤਿਅੰਤ ਅਮੀਰ ਸ਼ਹਿਰ ਨੂੰ ਦੋ ਤਿੰਨ ਵਾਰੀ ਲੁਟਿਆ ਗਇਆ ਸੀ। ਮੰਨਿਆ ਜਾਂਦਾ ਹੈ ਕਿ ਇਥੇ ਭਾਰਤੀ ਮਦਰਾਸੀ ਈਲਮ ਲੋਕਾਂ ਦਾ ਰਾਜ ਹੁੰਦਾ ਸੀ। ਅੱਜ ਤੋਂ 2650 ਸਾਲ ਪਹਿਲਾਂ ਜਦੋਂ ਇਨੂੰ ਲੁੱਟਿਆ ਪੁੱਟਿਆ ਗਇਆ ਤਾਂ ਲੁਟੇਰੇ ਹਮਲਾਵਰ ਅਸੁਰ ਬੈਨੀਪਾਲ ਨੇ ਹੇਠ ਲਿਖੀ ਇਬਾਰਤ ਵੀ ਇਥੇ ਪੱਥਰ ਤੇ ਖੁਦਵਾ ਦਿੱਤੀ:-

"ਦੁਨੀਆ ਦਾ ਇਹ ਪਵਿਤਰ ਸ਼ਹਿਰ, ਦੇਵਤਿਆਂ ਦੀ ਭੂਮੀ ਅਤੇ ਅਦਭੁੱਤ ਰਹੱਸਮਈ ਟਿਕਾਣਾ ਅੱਜ ਇਨੂੰ ਜਿਤੱਣ ਤੇ ਮੈਂ ਗਰਬ ਮਹਿਸੂਸ ਕਰਦਾ ਹਾਂ। ਮੈਂ ਇਹਦੇ ਖਜ਼ਾਨਿਆ ਦੇ ਬੂਹੇ ਖੋਲੇ ਨੇ ਜਿੱਥੇ ਸੋਨਾ ਚਾਦੀ ਤੇ ਹੋਰ ਸਾਜੋ ਸਮਾਨ ਭਰਿਆ ਹੋਇਆ ਸੀ। ਮੈਂ ਸ਼ਾਹੀ ਮਹਿਲ 'ਜਿਗੁਰਤ' ਤਖਤ ਤਬਾਹ ਕਰ ਦਿੱਤਾ ਹੈ। ਮੈਂ ਇਹਦੇ ਤਾਂਬੇ ਦੇ ਚਮਕੀਲੇ ਸਿੰਗ ਭੰਨ ਦਿੱਤੇ ਨੇ। ਈਲਮ ਮੰਦਰਾਂ ਨੂੰ ਮੈਂ ਮਿੱਟੀ ਵਿਚ ਮਿਲਾ ਦਿੱਤਾ ਹੈ ਅਤੇ ਓਨਾਂ ਦੇ ਦੇਵੀ ਦੇਵਤਿਆਂ ਨੂੰ ਭੰਨ ਤੋੜ ਕੇ ਹਵਾ 'ਚ ਉਡਾ ਦਿੱਤਾ ਹੈ। ਇਨਾਂ ਦੇ ਪੁਰਾਤਨ ਤੇ ਅਜੋਕੇ ਬਾਦਸ਼ਾਹਾਂ ਦੇ ਮਕਬਰੇ ਮੈਂ ਭੰਨ ਤੋੜ ਕੇ ਹੱਡੀਆਂ ਨੰਗੀਆਂ ਕਰ ਛੱਡੀਆਂ ਨੇ ਨਾਲ ਪਏ ਖਜ਼ਾਨੇ ਤੇ ਹੱਡੀਆਂ ਮੈਂ ਅਸੂਰ ਦੇਸ਼ ਲੈ ਕੇ ਜਾ ਰਿਹਾ ਹਾਂ। ਮੈਂ ਪੂਰਾ ਈਲਮ ਸੂਬਾ ਫਨਾਹ ਕਰ ਚਲਿਆ ਹਾਂ ਤੇ ਧਰਤੀ ਤੇ ਲੂਣ ਛਿੜਕ ਕੇ ਜਾ ਰਿਹਾ ਹਾਂ।"

ਸ਼ਹਿਰ ਦੀ ਦੂਸਰੀ ਵਾਰ ਤਬਾਹੀ 638 ਈ ਵਿਚ ਮੁਸਲਮਾਨਾਂ ਦੇ ਹਮਲੇ ਸਮੇਂ ਹੋਈ ਅਤੇ ਤੀਸਰੀ ਤਬਾਹੀ ਮੰਗੋਲਾਂ ਤੇ 1218 ਵਿਚ

---

ਪੈੜ ਸਫਾ

✚■(ਵੇਖੋ: THE CLERICS OF ISLAM RELIGIOUS AUTHORITY AND POLITICAL POWER IN SAUDI ARABIA - NABIL MOULINE) ਉਂਜ ਇਹ ਪੱਖ ਹੋਰ ਖੋਜ ਦੀ ਮੰਗ ਕਰਦਾ ਹੈ।

✚ ਬਾਲਾ-191 ਅਨੁਸਾਰ ਪਹਿਰ ਰਾਤ ਰਹਿੰਦੀ ਪਹੁੰਚੇ ਪਰ ਬਾਲਾ ਜਨਮਸਾਖੀ ਦੇ ਇਕ ਹੋਰ ਨੁਖਸੇ (ਜਵਾਹਰ-183) ਅਨੁਸਾਰ ਪਹਿਰ ਰਾਤ ਗਏ ਪਹੁੰਚੇ। ਦੂਸਰੀ ਗਲ ਠੀਕ ਲਗਦੀ ਹੈ ਕਿਉਕਿ ਮਦੀਨੇ ਦਾ ਸੁਲਤਾਨਪੁਰ ਤੋਂ 3 ਕੁ ਘੰਟੇ ਟਾਈਮ ਵਿਚ ਫਰਕ ਹੈ।

***ਤਾਰਾ ਚੜਿਆ ਲੰਮਾ:** *ਨਾਨਕਸ਼ਾਹੀ ਜੰਤਰੀ ਵਾਲੇ ਵਿਦਵਾਨ ਪਾਲ ਸਿੰਘ ਪੁਰੇਵਾਲ ਦਾ ਕਹਿਣਾ ਹੈ ਕਿ ਇਹ ਸ਼ਬਦ 1531 ਈ ਦੇ ਹੇਲੀ ਕਾਮਿਟ ਦੇ ਚੜ੍ਹਨ ਸਮੇਂ ਰਚਿਆ ਗਿਆ। ਵਿੱਕੀਪੇਡੀਆ ਦੇ ਹੇਲੀ ਕਾਮੇਟ ਦੇ ਇੰਦਰਾਜ ਵਿਚ ਪਿਛਲੇ 3000 ਸਾਲਾਂ ਤੋਂ ਕਾਮੇਟ (ਪੂਛਲ ਤਾਰਾ) ਦੇ ਆਉਣ ਦੇ ਸਾਲ/ ਮਹੀਨੇ ਦਿੱਤੇ ਹਨ। ਇਸ ਅਨੁਸਾਰ 1531 ਵਿਚ ਕਾਮੇਟ ਅਗਸਤ ਦੇ ਮਹੀਨੇ ਦਿੱਸਿਆ ਸੀ।

ਜਦੋਂ ਕਿ 1531 ਵਿੱਚ ਸਾਹਿਬ ਆਪਣੀ ਮੱਕੇ ਮਦੀਨੇ ਦੀ ਉਦਾਸੀ ਤੇ ਸਨ। ਬੜੀ ਹੈਰਾਨੀ ਦੀ ਗਲ ਕਿ ਬਾਲਾ ਜਨਮਸਾਖੀ ਵੀ ਮਦੀਨੇ ਤੋਂ ਸੁਲਤਾਨਪੁਰ ਸੁਰਤ ਰਾਂਹੀ (ਉਡਾਰੀ ਲੀਤੀ) ਪਹੁੰਚਣ ਦੀ ਗਲ ਕਰਦੀ ਹੈ।

ਫਿਰ ਗਹੁ ਨਾਲ ਤਕੀਏ ਤਾਂ ਪਤਾ ਲੱਗਦਾ ਕਿ 'ਤਾਰਾ ਚੜਿਆ ਲੰਮਾ ' ਸ਼ਬਦ ਵਿੱਚ ਗੁਰੂ ਸਾਹਿਬ ਕਿਸੇ ਦੇ ਜੋਤੀ ਜੋਤ ਸਮਾਉਣ ਦੀ ਗਲ ਵੀ ਕਰ ਰਹੇ ਹਨ। ਗਲ ਉਦੋਂ ਸਾਫ ਹੋ ਜਾਂਦੀ ਹੈ ਜਦੋਂ ਫਿਰ ਪੇਕਿਆਂ ਅਤੇ ਸਹੁਰਿਆਂ ਦੀ ਗਲ ਹੁੰਦੀ ਹੈ। "ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ ॥ ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ ਕਾਣਿ ਲੋਕਾਣੀ ॥ " ਤੋਂ ਸਾਫ ਹੋ ਜਾਂਦਾ ਹੈ ਕਿ ਕਿਸੇ ਗੁਰਮੁਖ ਬੀਬੀ ਦੀ ਗਲ ਹੋ ਰਹੀ ਹੈ।

ਸੋ ਬਾਲਾ ਜਨਮਸਾਖੀ ਜੋ ਅਕਸਮਾਤ ਸੁਲਤਾਨਪੁਰ ਪਹੁੰਚਣ ਦੀ ਗਲ ਕਰਦੀ ਹੈ ਉਹ ਬੇਬੇ ਜੀ ਦੇ ਚਲਾਣੇ ਦਾ ਮੌਕਾ ਹੀ ਸੀ। ਫਿਰ ਬੇਬੇ ਜੀ ਦੇ ਚਲਾਣੇ ਬਾਬਤ ਜਨਮਸਾਖੀਆਂ ਚੁੱਪ ਹਨ। ਸੋ ਸਾਫ ਜਾਹਰ ਹੋ ਜਾਂਦਾ ਹੈ ਕਿ ਜਦੋਂ ਗੁਰੂ ਸਾਹਿਬ ਦੇ ਕਿਸੇ ਪਹਿਲੇ ਸਿੱਖ ਨੇ ਗੁਰੂ ਜੀ ਨੂੰ ਮੁਸ਼ਕਲ ਦੀ ਘੜੀ ਵੇਲੇ ਯਾਦ ਕੀਤਾ ਤਾਂ ਸਾਹਿਬ ਉਥੇ ਹਾਜਰ ਹੋ ਗਏ।

ਇਹੋ ਕਾਰਨ ਹੈ ਸਿੱਖ ਪੰਥ ਵਿਚ ਮਾਨਤਾ ਹੈ ਕਿ ਬਾਬਾ ਜੀ ਬੇਬੇ ਜੀ ਨੂੰ ਮਿਲਣ ਹਜਾਰਾਂ ਕੋਹਾਂ ਤੋਂ ਚਲੇ ਆਉਦੇ ਸਨ।

ਬੇਬੇ ਜੀ ਗੁਰੂ ਸਾਹਿਬ ਤੋਂ ਉਮਰ ਵਿਚ ਪੰਜ ਸਾਲ ਵੱਡੇ ਸਨ। (ਜਨਮ 1464 ਈ.)

ਸਾਨੂੰ ਉਮੀਦ ਹੈ ਗੁਰੂ ਸਾਹਿਬ ਦੇ ਦੂਸਰੇ ਸਿੱਖ ਭਾਈ ਰਾਇ ਬੁਲਾਰ ਦੇ ਚਲਾਣੇ ਬਾਬਤ ਵੀ ਗੁਰਬਾਣੀ ਵਿਚ ਜਰੂਰ ਕਿਤੇ ਗੁਰੂ ਸਾਹਿਬ ਨੇ ਸੰਕੇਤ ਦਿਤੇ ਹੋਣਗੇ। ਮਰਦਾਨੇ ਦੇ ਚਲਾਣੇ ਤੇ ਦਿੱਤੇ ਇਸ਼ਾਰੇ ਤਾਂ ਲੱਭ ਲਏ ਗਏ ਹਨ।

● ਬਹੁਤੇ ਲਿਖਾਰੀਆਂ (ਗਿਆਨੀ-/ਖਜਾਨ - )ਨੇ ਬੇਬੇ ਜੀ ਅਤੇ ਭਾਈਆ ਜੀ ਦਾ ਚਲਾਣਾ ਇਕੱਠਿਆਂ (3 ਦਿਨ ਦਾ ਫਰਕ) ਹੀ ਲਿਖਿਆ ਹੈ। ਓਧਰ ਈਰਾਨ ਦਾ ਫਾਰਸੀ ਸਾਹਿਤ ਵੀ ਦੱਸਦਾ ਹੈ ਕਿ 16 ਵੀ ਸਦੀ ਵਿਚ ਛੂਤ ਦੀਆਂ ਬੀਮਾਰੀਆਂ ਦਾ ਪਰਕੋਪ ਆਮ ਸੀ:-

https://www.tabnak.ir/fa/news/703378/-بیمار یهای

(SHUSH in Iranian style. English: SUSA )

⊙ਗਿਆਨੀ-271, ਬਰਵਾਲਾ- 89 ਨੇ ਤਾਂ ਇਥੋਂ ਤੱਕ ਲਿਖਿਆ ਹੈ ਕਿ ਡੇਰਾ ਬਾਬਾ ਨਾਨਕ ਵਾਲਾ ਚੋਲਾ ਸਾਹਿਬ ਵਿਚ ਸ਼ਾਓਸ਼ ਦੇ ਰਾਜੇ ਨੇ ਭੇਟ ਕੀਤਾ ਸੀ। ਜੋ ਸਰਾਸਰ ਗਲਤ ਹੈ।

✚ https://sadatghiri.ir/web2/?p=2734

■ ਸੰਤ ਸੱਯਦ ਪ੍ਰਿਤਪਾਲ ਸਿੰਘ - (ਕੰਵਰ ਅਜੀਤ ਸਿੰਘ) ਨੇ ਗੁਰੂ ਸਾਹਿਬ ਦਾ ਮਦੀਨੇ ਤੋਂ ਕੁਫਾ ਜਾਣਾ ਤੇ ਓਥੇ ਗੁਰੂ ਸਾਹਿਬ ਦੀ ਯਾਦਗਾਰ ਬਣਨਾ ਲਿਖਿਆ ਹੈ। ਜਦੋਂ ਕਿ ਇਤਹਾਸਿਕ ਸਚਾਈ ਇਹ ਹੈ ਕਿ 16ਵੀ ਸਦੀ ਵਿਚ ਕੁਫਾ ਲਗ ਪਗ ਖਾਲੀ ਹੀ ਹੋ ਚੁੱਕਾ ਸੀ। ਇਹ ਸ਼ਹਿਰ ਤਾਂ ਬਹੁਤ ਬਾਦ ਵਿਚ ਦੁਬਾਰਾ ਅਬਾਦ ਹੋਇਆ ਹੈ। ਇਸ ਲਿਖਾਰੀ ਨੇ ਕੁਝ ਹੋਰ ਵੀ ਅਜਿਹੀਆਂ ਗੱਲਾਂ ਲਿਖੀਆਂ ਹਨ ਜੋ ਇਤਹਾਸਿਕ ਕਸਵੱਟੀ ਤੇ ਪੂਰੀਆਂ ਨਹੀ ਉਤਰਦੀਆਂ।

واگیردار-در-تاریخ-ایران

ਕੀਤੀ ਤੇ ਰਹਿੰਦੀ ਬਾਕੀ 15 ਵੀ ਸਦੀ ਵਿਚ ਨਿਕਲ ਗਈ ਜਦੋਂ ਇਥੋਂ ਦੇ ਵਸਨੀਕ ਹਿਜਰਤ ਕਰਕੇ ਦੇਜ਼ਫੂਲ ਜਾ ਬੈਠੇ। ਇਸ ਪੂਰੀ ਦੁਨੀਆਂ ਵਿਚ ਪ੍ਰਸਿਧ ਇਹ ਇਤਹਾਸਕ ਸ਼ਹਿਰ ਥੇਹ ਹੋ ਗਿਆ। ਬਹੁਤ ਥੋੜੇ ਜਿਹੇ ਘਰ ਇਥੇ 16 ਸਦੀ ਤੱਕ ਬਚੇ ਰਹਿ ਗਏ।

ਪਰ ਸਿੱਖ ਇਤਹਾਸ॰ ਵਿਚ ਜਿਕਰ ਹੈ ਕਿ ਗੁਰੂ ਸਾਹਿਬ ਸ਼ਾਓਸ਼ ਗਏ ਸਨ ਕਿਉਕਿ ਉਥੋਂ ਦਾ ਰਾਜਾ ਸੁਲਤਾਨ ਮਹਿੰਦੀ ਘੋਲੀ ਗੈਰ ਸੁੰਨੀ ਲੋਕਾਂ ਤੇ ਜੁਲਮ ਕਰ ਰਿਹਾ ਸੀ।✦

ਪਰ ਸ਼ਓਸ਼ ਦੇ ਪੂਰਬ ਵਿਚ 75 ਕਿ. ਮੀ. ਹਟਵਾਂ ਸ਼ਹਿਰ ਹੈ ਸ਼ਓਸ਼ਤਰ (ਭਾਵ ਸ਼ਓਸ਼ ਤੋਂ ਬਿਹਤ੍ਰ) ਪੁਰਾਣੇ ਸਮਿਆਂ ਵਿਚ ਇਹਦਾ ਨਾਂ ਸੁਰਕੁਟੀਰ ਹੁੰਦਾ ਸੀ।

ਇਹ ਸਾਰੀਆਂ ਗੱਲਾਂ ਲਿਖਣ ਤੋਂ ਸਾਡਾ ਮਤਲਬ ਹੈ ਕਿ ਗੁਰੂ ਸਾਹਿਬ ਸ਼ਓਸ਼ ਨਹੀ ਗਏ ਹੋਣਗੇ ਸਗੋਂ ਸ਼ਓਸ਼ਤਰ ਗਏ ਸਨ। ਕਿਉਕਿ ਸ਼ਾਓਸ਼ ਤਾਂ ਓਦੋਂ ਤੱਕ ਥੇਹ ਹੋ ਚੁੱਕਾ ਸੀ। ਗੁਰੂ ਸਾਹਿਬ ਓਥੇ ਪਹੁੰਚਦੇ ਸਨ ਜਿੱਥੇ ਕੋਈ ਰਾਜਾ ਹੋਵੇ ਜਾਂ ਧਾਰਮਿਕ ਕੇਂਦਰ ਹੋਵੇ ਜਾਂ ਜਿੱਥੇ ਇਨਸਾਨੀਅਤ ਨਾਲ ਧੱਕਾ ਹੋ ਰਿਹਾ ਹੋਵੇ।

ਦੂਸਰੇ ਸ਼ਓਸ਼ਤਰ ਵਿਚ ਓਨੀ ਦਿਨੀ ਹੇਠ ਉਤੇ ਤਿੰਨ ਚਾਰ ਵਾਰੀ ਹਕੂਮਤ ਦੇ ਤਖਤੇ ਪਲਟੇ ਗਏ ਸਨ ਤੇ ਗੁਰੂ ਸਾਹਿਬ ਦੇ ਵੇਲੇ ਹੁਕਮਰਾਨ ਰਾਜੇ ਮਹਿੰਦੀ ਘੋਲੀ ਸੁਲਤਾਨ ਨੇ ਵੀ ਅੱਤ ਚੁੱਕੀ ਹੋਈ ਸੀ। ਉਸ ਨੇ ਮੌਲਾਣਿਆ ਨੂੰ ਖੁੱਲ ਦਿੱਤੀ ਹੋਈ ਸੀ ਕਿ ਜਿਹੜਾ ਵੀ ਤੁਹਾਨੂੰ ਗੈਰ ਸ਼ੀਆ ਨਜ਼ਰ ਆਏ ਉਹਨੂੰ ਤੁਰੰਤ ਸ਼ੀਆ ਫਿਰਕੇ ਵਿਚ ਲਿਆਓ ਜੇ ਨਹੀ ਮੰਨਦਾ ਤਾਂ ਬੇਸ਼ੱਕ ਕਤਲ ਕਰ ਦਿਓ।

ਉਸਨੇ ਡੌਨੀ ਪਿਟਵਾ ਰੱਖੀ ਸੀ ਕਿ ਜਿਹੜਾ ਵੀ ਸੁੰਨੀ ਜਾਂ ਕਾਫਰ ਨੂੰ ਮਾਰੇਗਾ ਉਨੂੰ ਪਾਪ ਨਹੀ ਸਗੋਂ ਪੁੰਨ ਲਗੇਗਾ ਤੇ ਸਰੀਰ ਤੇ ਜਿੰਨੇ ਵਾਲ ਓਨੇ ਹੀ ਕਾਤਲਾਂ ਦੇ ਪਾਪ ਧੋਤੇ ਜਾਣਗੇ। ਇਹ ਗੱਲਾਂ ਕਰਕੇ ਮੱਕੇ ਮਦੀਨੇ ਦੁਹਾਈ ਮੱਚੀ ਹੋਈ ਸੀ ਕਿ ਕਿਵੇ ਸੁੰਨੀ ਲੋਕਾਂ ਤੇ ਜੁਲਮ ਹੋ ਰਹੇ ਨੇ। ਦੂਸਰੇ ਪਾਸੇ ਸ਼ੀਆ ਹੁਕਮਰਾਨਾਂ ਦਾ ਕਹਿਣਾ ਸੀ ਕਿ ਅਸੀ ਤਾਂ ਸਿਰਫ ਬਦਲਾ ਹੀ ਲੈ ਰਹੇ ਹਾਂ ਇਨਾਂ ਸੁੰਨੀ ਲੋਕਾਂ ਨੇ ਤਾਂ ਮੁਹੰਮਦ ਸਾਹਿਬ ਦੇ ਰਿਸ਼ਤੇਦਾਰ ਵੀ ਨਹੀ ਸਨ ਬਖਸ਼ੇ।

ਗੁਰੂ ਸਾਹਿਬ ਇਥੇ 250 ਕਿ. ਮੀ. ਦਾ ਪੈਂਡਾ ਤਹਿ ਕਰਕੇ ਬਸਰਾ ਤੋਂ ਆਏ ਸਨ। ਕੌਤਕੀ ਗੁਰੂ ਆਉਦਿਆਂ ਹੀ ਮੌਲਾਨਿਆਂ ਦੇ ਟੇਟੇ ਚੜ੍ਹ ਗਏ ਜਦੋਂ ਉਨਾਂ ਨੂੰ ਪਤਾ ਲੱਗਾ ਕਿ ਹਿੰਦੁਸਤਾਨ ਤੋਂ ਕੋਈ ਹਿੰਦੂ ਫਕੀਰ ਆਇਆ ਹੈ।

ਮੌਲਾਨਿਆਂ ਨੇ ਜਦੋਂ ਗੁਰੂ ਸਾਹਿਬ ਨਾਲ ਗਲ ਬਾਤ ਕੀਤੀ ਤਾਂ ਉਹ ਨਿਉਤਰ ਹੋ ਗਏ। ਸ਼ੀਆ ਜੋਸ਼ੀਲਿਆਂ ਦਾ ਸਾਰਾ ਜੋਸ਼ ਮੱਧਮ ਪੈ ਗਿਆ। ਗੁਰੂ ਸਾਹਿਬ ਨੇ ਉਨੂੰ ਨੂੰ ਸਮਝਾਇਆ ਕਿ ਬੇਗੁਨਾਹ ਇਨਸਾਨ ਨੂੰ ਕਤਲ ਕਰ ਰਹੇ ਹੋ ਕਿਥੇ ਲੇਖਾ ਦਿਓਗੇ? ਕੀ ਮੱਜ਼ਬ ਨੇ ਤੁਹਾਨੂੰ ਇਹੋ ਸਿਖਾਇਆ ਹੈ? ਕੀ ਕੁਰਾਨ ਵਿਚ ਲਿਖਿਆ ਹੈ ਕਿ ਬੇਗੁਨਾਹ ਨੂੰ ਕਤਲ ਕਰ ਦਿਓ ਜੇਕਰ ਉਹ ਦੂਸਰੇ ਫਿਰਕੇ ਜਾਂ ਮਜ੍ਹਬ ਦਾ ਹੈ ਤਾਂ?

ਗਲ ਰਾਜੇ ਘੋਲੀ ਤੱਕ ਵੀ ਪਹੁੰਚ ਗਈ। ਗੁਰੂ ਸਾਹਿਬ ਨੂੰ ਰਾਜੇ ਦੇ ਦਰਬਾਰ ਪੇਸ਼ ਕੀਤਾ ਗਿਆ। ਜਿੱਥੇ ਰਾਜਾ ਸਮੇਤ ਮੌਲਾਣੇ ਗੁਰੂ ਸਾਹਿਬ ਦੇ ਸਾਹਮਣੇ ਸ਼ਰਮਸਾਰ ਸਨ।

ਮੁਕਦੀ ਗਲ ਇਥੇ ਰਾਜੇ ਨੂੰ ਸਮਝਾਇਆ ਕਿ ਬੇਗੁਨਾਹ ਇਨਸਾਨ ਦਾ ਕਤਲ ਦੁਨੀਆ ਦਾ ਸਭ ਤੋਂ ਵੱਡਾ ਜੁਰਮ ਹੈ ਜੋ ਕਿਸੇ ਵੀ ਤਰੀਕੇ ਖੁਦਾ ਮਾਫ ਨਹੀ ਕਰਦਾ। ਕਿਸੇ ਦੇ ਵਿਚਾਰਾਂ ਕਰਕੇ ਕਿਸੇ ਦਾ ਕਤਲ ਕਰਨਾਂ ਇਹ ਤਾਂ ਖੁਦ ਕੁਰਾਨ ਵੀ ਨਹੀ ਮਨਜੂਰ ਕਰਦਾ।

ਮੱਕੇ ਮਦੀਨੇ ਦੀ ਗੋਸ਼ਟਿ ਨੇ ਇਸ ਉਪਦੇਸ਼ ਨੂੰ ਕੁਝ ਇਸ ਤਰਾਂ ਖੂਬਸੂਰਤ ਤਰੀਕੇ ਕਲਮ ਬੰਦ ਕੀਤਾ ਹੈ:-

ਆਦਮਨੂਰ ਖੁਦਾਇ ਥੀਂ ਪੈਦਾ ਹੋਯਾ ਜੱਗ॥
ਤਿਸ ਤੋਂ ਹੋਏ ਆਦਮੀ ਦੁਨੀਆਂ ਜਿਥੋਂ ਲੱਗ॥
ਭੇਦ ਨ ਬੇਟੇ ਬਾਪ ਮੈਂ ਇੱਕ ਜਾਤ ਦੁਇ ਨਾਮ॥
ਝੂਠੇ ਮਜ਼੍ਹਬ ਬਨਾਵਟੀ ਬੰਦਿਆ ਰਚੇ ਤਮਾਮ॥
ਮਜ਼੍ਹਬ ਖੁਦਾ ਦਾ ਇੱਕ ਹੈ ਸਾਰੀ ਦੁਨੀਆਂ ਮਾਹਿ॥
ਸੱਭੇ ਉਸਨੂੰ ਮੰਨਦੇ ਮਾਲਕ ਸਭ ਦਾ ਵਾਹਿ॥
ਬੰਨੇ ਵੱਟਾਂ ਜ਼ਿਮੀ ਪਰ ਪਾਵਨ ਜਿਉਂ ਕਿਰਸਾਨ॥
ਕੀਤੇ ਮਜ਼੍ਹਬ ਪੈਗੰਬਰਾਂ ਤੈਸੇ ਬਹੁਤ ਜਹਾਨ॥
ਜ਼ੁਲਮ ਕਿਸੇ ਪਰ ਜੋ ਕਰੇ ਹਿਰਸ ਮਜ਼੍ਹਬ ਦੀ ਚਾਇ॥
ਜਿਨ੍ਹਾਂ ਮਾਰੇ ਆਦਮੀ ਦੋਜ਼ਕ ਪੈਸਨ ਜਾਇ॥
ਭੱਠੀ ਅੰਦਰ ਪਾਈਅਨਿ ਲਾਵਨ ਤਾਇ ਸੁਲਾਇ॥
ਬਾਲੂ ਰੇਤ ਭਖਾਈਏ ਉੱਪਰ ਉਸਦੇ ਪਾਇ॥
ਅੰਦਰ ਭੁੰਜੇ ਧਾਣ ਜਿਉਂ ਤੜਫੇ ਤੇ ਬਿਲਲਾਇ॥
ਮਾਰਤ ਜੋ ਹੈਂ ਆਦਮੀ ਬਿਨਾਂ ਗੁਨਾਹ ਕਰਾਲ॥
ਪੌਂਦੇ ਦੋਜ਼ਕ ਹਾਵੀਏ ਜੇਤੇ ਦੇਹੀ ਵਾਲ। ॥
ਚਸ਼ਮੇ ਕੱਢੇ ਔਗੁਨੀ ਨਾਸੀ ਗੰਧ ਗੁਬਾਰ॥
ਕੋਪਰ ਉਤੇ ਢਾਢੜੀ ਜਲਦੇ ਕਰਨ ਪੁਕਾਰ॥
ਤ੍ਰਿਸ਼ਨਾ ਰੱਖ ਨ ਸੱਕਈ ਬੇਪੀਰਾਂ ਗਾਵਾਰ॥
ਨਾਨਕ ਪਾਇਨ ਦੁਖ ਸਦ ਜਨ ਪਾਪੀ ਆਪਾਰ॥

ਗੁਰੂ ਸਾਹਿਬ ਨੇ ਉਨਾਂ ਨੂੰ ਦਲੀਲ ਪੂਰਬਕ ਅਹਿਸਾਸ ਕਰਵਾ ਦਿੱਤਾ ਸੀ ਕਿ ਮਜ਼੍ਹਬ ਦੇ ਨਾਂ ਤੇ ਕਿਸੇ ਇਨਸਾਨ ਨੂੰ ਮਾਰ ਮੁਕਾ ਦੇਣ ਤੋਂ ਵੱਡਾ ਗੁਨਾਹ ਹੋਰ ਕੋਈ ਹੋ ਹੀ ਨਹੀ ਸਕਦਾ।

ਜਦੋਂ ਉਨਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਗੁਰੂ ਸਾਹਿਬ ਤੇ ਮਰਦਾਨੇ ਨੇ ਸ਼ਬਦ ਲਾ ਦਿੱਤਾ:-

**ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥ ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥ ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥ ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥ (ਪੂਰਾ ਸ਼ਬਦ ਪਹਿਲਾਂ ਆ ਚੁੱਕਾ ਹੈ। ਣਣਣਣ)**

ਮਰਦਾਨੇ ਦੀ ਰਬਾਬ ਸੁਣ ਕੇ ਮੌਲਾਣਿਆ ਵਿਚ ਫਿਰ ਖੁਸਰ ਫੁਸਰ ਹੋਈ ਕਿ ਫਕੀਰ ਸਾਜ ਕਿਓ ਵਜਾ ਰਿਹਾ ਹੈ? ਸੰਗੀਤ ਹਰਾਮ ਹੈ। ਇਥੇ ਫਿਰ ਗੁਰੂ ਸਾਹਿਬ ਨੇ ਧਾਰਮਿਕ ਆਗੂਆਂ ਤੇ ਰਾਜੇ ਨੂੰ ਸਮਝਾਇਆ ਕਿ ਜਿਹੜਾ ਸੰਗੀਤ ਖੁੱਦਾ ਦੀ ਸਿਫਤ ਵਿਚ ਵਜਾਇਆ ਜਾਏ ਉਹ ਹਲਾਲ ਹੁੰਦਾ ਹੈ ਭਾਵ ਪਵਿਤ੍ਰ ਹੈ। ਹਾਂ ਜਿਹੜਾ ਤੁਹਾਨੂੰ ਧਾਰਮਿਕ ਸੋਚ ਭੁਲਾ ਕੇ ਕਾਮ ਕ੍ਰੋਧ ਵਲ ਪ੍ਰੇਰਤ ਕਰੇ ਉਹ ਮਨਾ ਹੋ ਸਕਦਾ ਹੈ। ਇਸ ਗਲ ਤੇ ਵੀ ਮੌਲਾਣਿਆਂ ਨੂੰ ਸਹਿਮਤ ਹੋਣਾ ਪਿਆ।

—▲—